Punjabi Parwaz

# ਪੰਜਾਬੀ ਪਰਵਾਜ਼

ਅੰਕ 62ਵਾਂ (ਸ਼ਿਕਾਗੋ): 27 ਸਤੰਬਰ ਤੋਂ 10 ਅਕਤੂਬਰ 2025 ਤੱਕ

ਲੋਕ-ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ

e-mail: punjabiparwaz@gmail.com www.punjabiparwaz.com

Address: 827 E. Kings Row, Unit# 7, Palatine, IL 60074 - Ph: 224-386-4548

ਗਾਜ਼ਾ ਜੰਗ, ਜਲਵਾਯੂ ਪਰਿਵਰਤਨ, ਪ੍ਰਮਾਣੂ ਹਥਿਆਰਾਂ ਜਿਹੇ ਮੁੱਦਿਆਂ 'ਤੇ

## ਸੰਯੁਕਤ ਰਾਸ਼ਟਰ ਅਸੈਂਬਲੀ ਦੀ ਬਹਿਸ ਸ਼ੁਰੂ

**ਐਂਟੋਨੀਓ ਗੁਟਰੇਸ ਨੇ ਅਮਨ ਅਤੇ ਜਲਵਾਯੂ ਪਰਿਵਰਤਨ ਰੋਕਣ 'ਤੇ ਜ਼ੋਰ ਦਿੱਤਾ*

**ਰਾਸ਼ਟਰਪਤੀ ਡੋਨਾਲਡ ਟਰੰਪ ਨੇ ਗਾਜ਼ਾ ਜੰਗ ਲਈ ਹਮਾਸ ਨੂੰ ਜ਼ਿੰਮੇਵਾਰ ਠਹਿਰਾਇਆ*



**ਪੰਜਾਬੀ ਪਰਵਾਜ਼ ਬਿਊਰੋ**

ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ਦੇ ਸੈਸ਼ਨ ਵਿੱਚ ਇੱਕ ਪਾਸੇ ਤਾਂ ਫਰਾਂਸ, ਇੰਗਲੈਂਡ, ਬੈਲਜੀਅਮ, ਲਗਜ਼ਮਬਰਗ, ਮਾਲਟਾ, ਮੋਨਾਕੋ ਜਿਹੇ ਮੁਲਕਾਂ ਨੇ ਫਲਿਸਤੀਨ ਨੂੰ ਇੱਕ ਆਜ਼ਾਦ ਮੁਲਕ ਵਜੋਂ ਮਾਨਤਾ ਦੇ ਦਿੱਤੀ ਹੈ, ਦੂਜੇ ਪਾਸੇ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸੰਯੁਕਤ ਰਾਸ਼ਟਰ ਦੀ ਲੀਡਰਸ਼ਿੱਪ, ਹਮਾਸ ਅਤੇ ਯੂਰਪੀ ਮੁਲਕਾਂ ਬਾਰੇ ਕੁਝ ਤਿੱਖੀਆਂ ਟਿੱਪਣੀਆਂ ਕੀਤੀਆਂ ਹਨ।

ਯਾਦ ਰਹੇ, ਯੂਰਪ ਦੇ ਕਈ ਪ੍ਰਮੁੱਖ ਮੁਲਕਾਂ ਨੇ ਫਲਿਸਤੀਨ ਦੀ ਪ੍ਰਭੂਸਤਾ ਨੂੰ ਮਾਨਤਾ ਦੇ ਦਿੱਤੀ ਹੈ। ਯੂਰਪੀ ਮਾਨਤਾ ਤੋਂ ਬਾਅਦ ਜਨਰਲ ਅਸੈਂਬਲੀ ਦੇ ਬਹੁਤੇ ਮੁਲਕਾਂ ਵੱਲੋਂ ਆਸ ਕੀਤੀ ਜਾ ਰਹੀ ਸੀ ਕਿ ਗਾਜ਼ਾ ਜੰਗ ਨੂੰ ਰੋਕਣ ਦੇ ਮਾਮਲੇ ਅਤੇ ਫਲਿਸਤੀਨ ਦੀ ਹੋਂਦ ਹਸਤੀ ਬਾਰੇ ਡੋਨਾਲਡ ਟਰੰਪ ਵੱਲੋਂ ਕੁਝ ਵਿਸ਼ੇਸ਼ ਕਿਹਾ ਜਾਵੇਗਾ, ਜਿਸ ਨਾਲ ਇਸ ਖਿੱਤੇ ਵਿੱਚ ਸ਼ਾਂਤੀ ਸਥਾਪਤ ਕਰਨ ਵੱਲ ਵਧਿਆ ਜਾ ਸਕੇਗਾ; ਪਰ ਟਰੰਪ ਨੇ ਇੱਥੇ ਸੰਯੁਕਤ ਰਾਸ਼ਟਰ ਅਸੈਂਬਲੀ ਬਹਿਸ ਸਮਾਗਮ ਨੂੰ ਸੰਬੋਧਨ ਕਰਦਿਆਂ ਯੂਰਪੀਅਨ ਮੁਲਕਾਂ ਦੇ ਮੁਖੀਆਂ, ਸੰਯੁਕਤ ਰਾਸ਼ਟਰ ਅਤੇ ਹਮਾਸ ਦੀ ਆਲੋਚਨਾ ਕਰਨ 'ਤੇ ਹੀ ਬਹੁਤਾ ਸਮਾਂ ਖਰਚ ਕਰ ਦਿੱਤਾ। ਉਨ੍ਹਾਂ ਗਾਜ਼ਾ ਜੰਗ ਨੂੰ ਰੋਕਣ ਸੰਬੰਧੀ ਕੁਝ ਵੀ ਨਹੀਂ ਕਿਹਾ। ਡੋਨਾਲਡ ਟਰੰਪ ਨੇ ਸੰਯੁਕਤ ਰਾਸ਼ਟਰ ਦੀ ਆਲੋਚਨਾ ਕਰਦਿਆਂ ਕਿਹਾ ਕਿ ਇਸ ਸੰਸਥਾ ਤੋਂ ਜੋ ਆਸ ਸੀ, ਉਸ ਦੇ ਮੇਚ ਦੀ ਇਹ ਭੂਮਿਕਾ ਨਹੀਂ ਨਿਭਾਅ ਰਹੀ। ਸਗੋਂ ਖਾਲੀ ਸ਼ਬਦਾਂ ਦਾ ਖੜਾਕ ਕਰਦੀ ਹੈ। ਟਰੰਪ ਨੇ ਆਪਣੇ ਭਾਸ਼ਨ ਵਿੱਚ ਯੂਰਪੀਅਨ ਮੁਲਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੀਆਂ ਸਰਹੱਦਾਂ ਨੂੰ ਸੀਲ ਕਰਨ। ਗੈਰ-ਕਾਨੂੰਨੀ ਘੁਸਪੈਠੀਆਂ ਨੂੰ ਆਪਣੇ ਮੁਲਕਾਂ ਵਿੱਚ ਵੜਨ ਤੋਂ ਰੋਕਣ। ਉਨ੍ਹਾਂ ਕਿਹਾ ਕਿ ਜੇ

*⇒ ਬਾਕੀ ਸਫਾ 15 ਉਤੇ ਪੜ੍ਹੋ*

## ਸਿਆਸੀ ਸੰਗਠਨ ਬਿਨਾ ਪੰਜਾਬ ਦੇ ਕਿਸਾਨਾਂ ਦਾ ਪਾਰ ਉਤਾਰਾ ਨਹੀਂ

*ਵਪਾਰਕ ਜਗਤ ਦੀਆਂ ਤਿਕੜਮਾਂ ਦੀ ਜਕੜ ਵਿੱਚ ਹੈ ਦੁਨੀਆਂ

*ਕਿਸਾਨ ਕਦਰਾਂ-ਕੀਮਤਾਂ ਹੀ ਕਰ ਸਕਦੀਆਂ ਇਸ ਨੂੰ ਸੰਤੁਲਿਤ

**ਜਸਵੀਰ ਸਿੰਘ ਸ਼ੀਰੀ**

ਹਾਲ ਹੀ ਵਿੱਚ ਆਏ ਹੜ੍ਹਾਂ ਨਾਲ ਤਕਰੀਬਨ ਚੌਥਾ ਹਿੱਸਾ ਪੰਜਾਬ ਦੀ ਫਸਲ ਤਬਾਹ ਹੋ ਗਈ ਹੈ। ਇਸ ਆਫਤ ਦੇ ਟਾਕਰੇ ਲਈ ਪੰਜਾਬ ਸਰਕਾਰ ਵੱਲੋਂ ਜਿਹੜੀ ਸ਼ਬਦਾਵਲੀ ਘੜੀ ਜਾ ਰਹੀ ਹੈ, ਕੇਂਦਰ ਸਰਕਾਰ ਵੱਲੋਂ ਇਸ ਨਾਲ ਨਜਿੱਠਣ ਲਈ ਜਿਸ ਕਿਸਮ ਦੀ ਪਹੁੰਚ ਅਪਣਾਈ ਜਾ ਰਹੀ ਹੈ, ਉਸ ਤੋਂ ਇਹੋ ਪਤਾ ਲਗਦਾ ਹੈ ਕਿ ਸਾਡੇ ਸਿਆਸਤਦਾਨਾਂ, ਭਾਵੇਂ ਉਹ ਕੇਂਦਰ ਸਰਕਾਰ ਨਾਲ ਸੰਬੰਧਤ ਹੋਣ ਜਾਂ ਰਾਜ ਸਰਕਾਰ ਨਾਲ, ਪੰਜਾਬ ਦੇ ਲੋਕਾਂ ਦੀਆਂ ਲੋੜਾਂ, ਸੰਕਟਾਂ ਅਤੇ ਸੰਵੇਦਨਾਵਾਂ ਤੋਂ ਕੋਹਾਂ ਦੂਰ ਹਨ।

ਧਰਤੀ ਦੇ ਕਿਸੇ ਵੀ ਕੋਨੇ 'ਤੇ ਵੱਸਦੇ ਪੰਜਾਬ ਦੇ ਹਰ ਬਾਸ਼ਿੰਦੇ ਦੀ ਭਾਵਨਾ ਅੱਜ ਕਿਸੇ ਨਾ ਕਿਸੇ ਤਰ੍ਹਾਂ ਪੰਜਾਬ ਦੇ ਹੜ੍ਹ ਮਾਰੇ ਇਲਾਕਿਆਂ ਤੱਕ ਰਾਹਤ ਪਹੁੰਚਾਉਣ ਵਾਲੀ ਬਣੀ ਹੋਈ ਹੈ। ਪੰਜਾਬ ਵਿੱਚ ਸ਼ਕਤੀ ਸੰਪਨ ਜਾਂ ਸ਼ਕਤੀ ਤੋਂ ਬਾਹਰ ਸਾਰੇ ਸਿਆਸਤਦਾਨ ਤਾਂ ਭਾਵੇਂ ਜ਼ਰਾ ਕੁ ਪਾਣੀ ਉਤਰਨ ਤੋਂ ਬਾਅਦ ਹੀ ਆਪੋ-ਆਪਣੇ ਸਿਆਸੀ ਰੁਝੇਵਿਆਂ ਵਿੱਚ ਰੁਝ ਗਏ ਹਨ। ਤਰਨਤਾਰਨ ਸੀਟ 'ਤੇ ਜ਼ਿਮਨੀ ਚੋਣ ਦੀ ਚਰਚਾ ਹੜ੍ਹਾਂ ਦੀ ਮਾਰ ਦੇ ਮਸਲੇ 'ਤੇ ਭਾਰੂ ਹੋ ਰਹੀ ਹੈ। ਉਪਰੋਕਤ ਸਭ ਕੁਝ ਵਿਖਾਉਂਦਾ ਹੈ ਕਿ ਸਾਡੇ ਸਿਆਸਤਦਾਨ ਆਪੋ-ਆਪਣੇ ਕੈਰੀਅਰ ਲਈ ਸਿਆਸਤ ਵਿੱਚ ਹਨ। ਲੋਕਾਂ ਨਾਲ ਨਾ ਉਨ੍ਹਾਂ ਦਾ ਕੁਝ ਸਾਂਝਾ ਹੈ ਅਤੇ ਨਾ ਹੀ ਉਨ੍ਹਾਂ ਨੂੰ ਇਸ ਦੀ ਫਿਕਰ ਹੈ। ਇੱਥੇ ਹੀ ਬੱਸ ਨਹੀਂ! ਸੁਣਨ ਵਿੱਚ ਆਇਆ ਹੈ ਕਿ ਕੇਂਦਰ ਸਰਕਾਰ ਦੀਆਂ ਏਜੰਸੀਆਂ ਉਨ੍ਹਾਂ ਲੋਕਾਂ 'ਤੇ ਨਜ਼ਰ ਰੱਖ ਰਹੀਆਂ ਹਨ, ਜਿਹੜੇ ਪੰਜਾਬ ਦੇ ਹੜ੍ਹ ਮਾਰੇ ਲੋਕਾਂ ਤੱਕ ਸਿੱਧੀ ਰਾਹਤ ਪਹੁੰਚਾ ਰਹੇ ਹਨ।

ਹੜ੍ਹ ਪ੍ਰਭਾਵਤ ਖੇਤਰਾਂ ਦੇ ਲੋਕ ਹਾਲੇ ਵੀ ਆਪਣੇ ਘਰਾਂ/ਖੇਤਾਂ ਵਿੱਚ ਤਬਾਹੀ ਮਚਾ ਕੇ ਗਏ ਪਾਣੀ ਵੱਲੋਂ ਪੈਦਾ ਕੀਤੀਆਂ ਗਈਆਂ ਸਮੱਸਿਆਵਾਂ ਨਾਲ ਜੁਝ ਰਹੇ ਹਨ। ਲੋਕ ਆਪਣੀ ਸਾਰੀ ਉਮਰ ਵਿੱਚ ਇੱਕ ਘਰ ਬਣਾਉਂਦੇ ਹਨ ਅਤੇ ਉਸ ਨੂੰ ਸਾਂਭ-ਸਾਂਭ ਕੇ ਰੱਖਦੇ ਹਨ। ਪਰ ਜੇ ਹਰ ਆਏ ਸਾਲ ਘਰਾਂ ਅਤੇ ਖੇਤਿਆਂ ਵਿੱਚ ਦਸ-ਦਸ ਫੁੱਟ ਪਾਣੀ ਫਿਰ ਜਾਵੇ ਤਾਂ ਹਿਸਾਬ ਲਾ ਕੇ ਵੇਖੋ ਇਨ੍ਹਾਂ ਲੋਕਾਂ ਦੀ ਕੀ ਹਾਲਤ ਬਣਦੀ ਹੋਏਗੀ! ਪੁਲਿਸ ਦੇ ਇੱਕ ਸਿਪਾਹੀ ਤੋਂ ਲੈ ਕੇ ਦੁਨੀਆਂ ਦੇ ਚੋਟੀ ਦੇ ਕਾਰਪੋਰੇਟਾਂ ਤੱਕ, ਸਭ ਦੀ ਅੱਖ ਕਿਸਾਨਾਂ ਦੀ ਮਾਲਕੀ ਵਾਲੀ ਜ਼ਮੀਨ 'ਤੇ ਹੈ। ਇਸ ਨੂੰ ਹਥਿਆਉਣ ਲਈ ਹਰ ਹੀਲਾ ਵਰਤਿਆ ਜਾ ਰਿਹਾ ਹੈ। ਇਸ ਵਿੱਚ ਮੁਜ਼ਾਹਰਾ ਕਰਦੇ ਕਿਸਾਨਾਂ ਦੀਆਂ ਟਰਾਲੀਆਂ ਚੋਰੀ ਕਰਨ ਅਤੇ ਕਰਵਾਉਣ ਤੋਂ ਲੈ ਕੇ ਉਹ ਸਭ ਕੁਝ ਸ਼ਾਮਲ ਹੈ, ਜਿਹੜਾ ਕਿਸਾਨੀ ਨੂੰ ਆਰਥਕ ਪੱਖੋਂ ਕਮਜ਼ੋਰ ਕਰਨ ਲਈ ਜ਼ਰੂਰੀ ਹੋਵੇ। ਪੰਜਾਬ ਦੀ ਹਸਤੀ ਦੀ ਜੜ੍ਹ ਪਾਣੀ, ਜ਼ਮੀਨ, ਕਿਸਾਨੀ ਸਮਾਜ ਅਤੇ ਇਸ ਨਾਲ ਜੁੜੇ ਹੋਰ ਕਾਮਗਾਰਾਂ, ਕਾਰੀਗਰਾਂ ਨਾਲ ਬੱਝੀ ਹੋਈ ਹੈ। ਸਾਲ 2020-21 ਵਿੱਚ ਦਿੱਲੀ 'ਚ ਚੱਲੇ ਕਿਸਾਨ ਸੰਘਰਸ਼ ਦੇ ਸਫਲਤਾ ਪੂਰਬਕ ਸੰਪਨ ਨੇ ਸਾਰੀ ਦੁਨੀਆਂ ਨੂੰ ਇਸ ਦਾ ਨੋਟਿਸ ਲੈਣ ਲਈ ਮਜਬੂਰ ਕਰ ਦਿੱਤਾ ਸੀ।

ਅਮਰੀਕਾ, ਕੈਨੇਡਾ, ਬਰਤਾਨੀਆ ਅਤੇ ਹੋਰ ਮੁਲਕਾਂ ਵਿੱਚ ਵੱਡੇ-ਵੱਡੇ ਫਾਰਮਾਂ 'ਤੇ ਖੇਤੀ ਕਰ ਰਹੇ ਅਮੀਰ

*⇒ ਬਾਕੀ ਸਫਾ 2 ਉਤੇ ਪੜ੍ਹੋ*









# ਵੋਟ ਚੋਰੀ ਦੇ ਮਾਮਲੇ ਵਿੱਚ ਰਾਹੁਲ ਗਾਂਧੀ ਤਪਿਆ


***ਆਉਣ ਵਾਲੇ ਸਮੇਂ ਵਿੱਚ ਵੱਡੇ ਤੱਥ ਸਾਹਮਣੇ ਲਿਆਉਣ ਦਾ ਐਲਾਨ *ਚੋਣ ਕਮਿਸ਼ਨ ਤੇ ਸਰਕਾਰ ਨੇ ਰਾਹੁਲ ਦੀ ਮੁਹਿੰਮ ਨਜ਼ਰਅੰਦਾਜ਼ ਕੀਤੀ**

**ਪੰਜਾਬੀ ਪਰਵਾਜ਼ ਬਿਊਰੋ**

ਵੱਖ-ਵੱਖ ਰਾਜਾਂ ਵਿੱਚ ਚੋਣ ਕਮਿਸ਼ਨ ਵੱਲੋਂ ਵੋਟਾਂ ਬਣਾਉਣ ਅਤੇ ਕਟਵਾਉਣ ਦੇ ਮਾਮਲੇ ਵਿੱਚ ਕੀਤੀ ਗਈ ਘਪਲੇਬਾਜ਼ੀ ਦੇ ਮਾਮਲੇ ਨੂੰ ਕਾਂਗਰਸ ਪਾਰਟੀ ਖਾਸ ਕਰ ਰਾਹੁਲ ਗਾਂਧੀ ਨੇ ਵੱਕਾਰ ਦਾ ਸਵਾਲ ਬਣਾ ਲਿਆ ਹੈ। ਵੋਟਾਂ ਦੀ ਇਸ ਕੱਟ ਵੱਢ ਨੂੰ ਕਾਂਗਰਸ ਪਾਰਟੀ ਨੇ 'ਵੋਟ ਚੋਰੀ' ਦਾ ਨਾਂ ਦਿੱਤਾ ਹੈ। ਕਰਨਾਟਕਾ ਦੇ ਇੱਕ ਵਿਧਾਨ ਸਭਾ ਹਲਕੇ ਵਿੱਚ 6018 ਵੋਟਾਂ ਕੱਟਣ ਦੇ ਮਾਮਲੇ ਦਾ ਖੁਲਾਸਾ ਕਰਦਿਆਂ ਰਾਹੁਲ ਗਾਂਧੀ ਨੇ ਕਿਹਾ ਕਿ ਰਾਜ ਦੇ ਸੀ.ਆਈ.ਡੀ. ਵਿਭਾਗ ਨੇ ਇਸ ਮਾਮਲੇ ਵਿੱਚ ਜਾਣਕਾਰੀ ਦੇਣ ਲਈ ਮੁੱਖ ਚੋਣ ਕਮਿਸ਼ਨਰ ਨੂੰ 18 ਪੱਤਰ ਲਿਖੇ, ਪਰ ਕਿਸੇ ਦਾ ਵੀ ਜੁਆਬ ਨਹੀਂ ਦਿੱਤਾ ਗਿਆ। ਉਨ੍ਹਾਂ ਮੁੱਖ ਚੋਣ ਕਮਿਸ਼ਨਰ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਉਪਰੋਕਤ ਵੋਟਾਂ ਕੱਟਣ ਦੇ ਮਾਮਲੇ ਵਿੱਚ ਚੋਣ ਕਮਿਸ਼ਨ ਕਰਨਾਟਕਾ ਦੇ ਸੀ.ਆਈ.ਡੀ. ਵਿਭਾਗ ਨੂੰ ਇੱਕ ਹਫਤੇ ਵਿੱਚ ਜਾਣਕਾਰੀ ਦੇਵੇ, ਨਹੀਂ ਤਾਂ ਉਸ ਨੂੰ ਵੀ ਸੰਵਿਧਾਨ ਦੀ ਹੱਤਿਆ ਅਤੇ ਜਮਹੂਰੀਅਤ ਦਾ ਘਾਣ ਕਰਨ ਵਿੱਚ ਭਾਈਵਾਲ ਸਮਝਿਆ ਜਾਵੇਗਾ।

ਇਸ ਸੰਬੰਧ ਵਿੱਚ ਜਾਰੀ ਕੀਤੇ ਇੱਕ ਪ੍ਰੈਸ ਬਿਆਨ ਵਿੱਚ ਮੁੱਖ ਚੋਣ ਕਮਿਸ਼ਨਰ ਗਿਆਨੇਸ਼ਵਰ ਕੁਮਾਰ ਨੇ ਆਪਣਾ ਪੱਖ ਸਪਸ਼ਟ ਕਰਦਿਆਂ ਕਿਹਾ, 'ਜਿਵੇਂ ਕਿ ਰਾਹੁਲ ਗਾਂਧੀ ਵੱਲੋਂ ਕਿਹਾ ਜਾ ਰਿਹਾ ਹੈ, ਆਨਲਾਈਨ ਕੋਈ ਵੀ ਵਿਅਕਤੀ ਕਿਸੇ ਵੀ ਵੋਟਰ ਦੀ ਵੋਟ ਕਟਵਾ ਨਹੀਂ ਸਕਦਾ।' ਉਨ੍ਹਾਂ ਕਿਹਾ ਕਿ ਰਾਹੁਲ ਗਾਂਧੀ ਵੱਲੋਂ ਗਲਤ ਧਾਰਨਾਵਾਂ ਫੈਲਾਈਆਂ ਜਾ ਰਹੀਆਂ ਹਨ। ਵੋਟਾਂ ਕੱਟੇ ਜਾਣ ਦੀ ਗੱਲ ਨੂੰ ਅੱਧ-ਪਚੱਧ ਸਵੀਕਾਰ ਕਰਦਿਆਂ ਚੋਣ ਕਮਿਸ਼ਨ ਨੇ ਕਿਹਾ ਕਿ 2023 ਵਿੱਚ ਕਰਨਾਟਕਾ ਦੇ ਆਲੰਦ ਹਲਕੇ ਵਿੱਚ ਵੋਟਰਾਂ ਦੇ ਨਾਮ ਕੱਟਣ ਦੀਆਂ ਕੁਝ ਨਾਕਾਮ ਕੋਸ਼ਿਸ਼ਾਂ ਹੋਈਆਂ ਸਨ ਅਤੇ ਮਾਮਲੇ ਦੀ ਜਾਂਚ ਲਈ ਚੋਣ ਕਮਿਸ਼ਨ ਦੇ ਅਧਿਕਾਰੀਆਂ ਨੇ ਖੁਦ ਐਫ.ਆਈ.ਆਰ. ਦਰਜ ਕਰਵਾਈ ਸੀ। ਉਧਰ ਕੇਂਦਰ ਵਿੱਚ ਸੱਤਾਧਾਰੀ ਗੱਠਜੋੜ ਦੀ ਅਗਵਾਈ ਕਰ ਰਹੀ ਭਾਰਤੀ ਜਨਤਾ ਪਾਰਟੀ ਨੇ ਕਿਹਾ ਕਿ ਕਾਂਗਰਸ ਪਾਰਟੀ ਨੂੰ ਸੰਵਿਧਾਨ ਵਿੱਚ ਕੋਈ ਭਰੋਸਾ ਨਹੀਂ ਹੈ ਅਤੇ ਰਾਹੁਲ ਗਾਂਧੀ ਵੋਟਰਾਂ ਦੇ ਨਾਂ 'ਤੇ ਘੁਸਪੈਠੀਆਂ ਨੂੰ ਬਚਾਉਣਾ ਚਾਹੁੰਦੇ ਹਨ। ਭਾਰਤੀ ਜਨਤਾ ਪਾਰਟੀ ਨੇ ਰਾਹੁਲ ਗਾਂਧੀ ਨੂੰ ਇਸ ਮੁੱਦੇ ਉਤੇ ਅਦਾਲਤ ਜਾਣ ਦੀ ਚੁਣੌਤੀ ਦਿੱਤੀ। ਸਾਬਕਾ ਕੇਂਦਰੀ ਮੰਤਰੀ ਅਤੇ ਭਾਰਤੀ ਜਨਤਾ ਪਾਰਟੀ ਦੇ ਆਗੂ ਅਨੁਰਾਗ ਠਾਕੁਰ ਨੇ ਕਿਹਾ ਕਿ ਘੁਸਪੈਠੀਆਂ ਨੂੰ ਬਚਾਉਣਾ ਕਾਂਗਰਸ ਪਾਰਟੀ ਦਾ ਇੱਕੋ ਇੱਕ ਏਜੰਡਾ ਰਹਿ ਗਿਆ ਹੈ। ਭਾਰਤੀ ਜਨਤਾ ਪਾਰਟੀ ਨੇ ਕਿਹਾ ਕਿ ਗੈਰ-ਕਾਨੂੰਨੀ ਵੋਟਰਾਂ ਦੇ ਕਾਂਗਰਸ ਦੇ ਏਜੰਡੇ ਨੂੰ ਇਜਾਜ਼ਤ ਦਿੱਤੀ ਗਈ ਤਾਂ ਇਸ ਦਾ ਵੱਡਾ ਨੁਕਸਾਨ ਅਨੁਸੂਚਿਤ ਜਾਤੀਆਂ, ਅਨੁਸੂਚਿਤ ਜਨਜਾਤੀਆਂ ਅਤੇ ਹੋਰ ਪੱਛੜੇ ਵਰਗਾਂ ਨੂੰ ਹੋਵੇਗਾ।

ਵੋਟਾਂ ਕੱਟਣ ਅਤੇ ਦੂਜੇ ਪਾਸੇ ਇੱਕ-ਇੱਕ ਘਰ ਦੇ ਪਤੇ 'ਤੇ 100 ਵੋਟਾਂ ਬਣਾਉਣ ਦੇ ਮਾਮਲੇ ਨੂੰ ਭਾਰਤੀ ਜਨਤਾ ਪਾਰਟੀ ਜਿੱਥੇ ਘੁਸਪੈਠੀਆਂ ਦੇ ਨਾਂ 'ਤੇ ਦੇਸ਼ ਦੀ ਸਭ ਤੋਂ ਵੱਡੀ ਘੱਟਗਿਣਤੀ ਮੁਸਲਮਾਨਾਂ ਨਾਲ ਜੋੜਨ ਦਾ ਯਤਨ ਕਰ ਰਹੀ ਹੈ, ਉਥੇ ਕਾਂਗਰਸ ਪਾਰਟੀ ਇਸ ਸਾਰੇ ਮਾਮਲੇ ਪਿੱਛੇ ਵੱਡੇ ਘਪਲੇ ਤੋਂ ਪਰਦਾ ਚੁੱਕਣ ਦਾ ਯਤਨ ਕਰ ਰਹੀ ਹੈ। ਵੋਟਾਂ ਵਿੱਚ ਕਥਿਤ ਹੇਰਾਫੇਰੀ ਕਰਨ ਦੀ ਭਾਜਪਾ ਦੀ ਇਸ ਜ਼ਿਦ ਨੂੰ ਹਰ ਹੀਲੇ ਨੰਗਾ ਕਰਨ ਲਈ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਰਵਾਇਤੀ ਵੋਟ ਸਿਆਸਤ ਦੇ ਘੇਰੇ ਨੂੰ ਉਲੰਘ ਕੇ ਜਮਹੂਰੀਅਤ ਦੀ ਹੋਂਦ ਦੇ ਬੁਨਿਆਦੀ ਸਵਾਲਾਂ ਨੂੰ ਨਜਿੱਠਣ ਲਈ ਪੂਰੀ ਵਾਹ ਲਾ ਰਹੇ ਹਨ। ਰਾਹੁਲ ਗਾਂਧੀ ਨੇ ਦੋਸ਼ ਲਾਇਆ ਕਿ ਪਿਛਲੇ ਦਸ ਸਾਲਾਂ ਵਿੱਚ ਭਾਰਤ ਦੇ ਲੋਕਤੰਤਰ ਨੂੰ ਅਗਵਾ ਕਰ ਲਿਆ ਗਿਆ ਹੈ। ਮੁੱਖ ਚੋਣ ਕਮਿਸ਼ਨਰ ਵੋਟ ਚੋਰਾਂ ਅਤੇ ਲੋਕਤੰਤਰ ਦਾ ਘਾਣ ਕਰਨ ਵਾਲੇ ਲੋਕਾਂ ਨੂੰ ਬਚਾਅ ਰਿਹਾ ਹੈ। ਬੀਤੇ ਦਸ ਸਾਲਾਂ ਤੋਂ ਵੱਧ ਸਮੇਂ ਤੋਂ ਇਹ ਸਾਰਾ ਕੁਝ ਚੱਲ ਰਿਹਾ ਹੈ। ਦੇਸ਼ ਦੀਆਂ ਖੁਦਮੁਖਤਾਰ ਸੰਸਥਾਵਾਂ ਨੁਕਸਾਨੀਆਂ ਗਈਆਂ ਹਨ। ਲੋਕਤੰਤਰ ਦੇ ਬਚਾਅ ਲਈ ਇਨ੍ਹਾਂ ਕੌਮੀ ਸੰਸਥਾਵਾਂ ਨੂੰ ਅੱਗੇ ਆਉਣਾ ਪਏਗਾ। ਰਾਹੁਲ ਗਾਂਧੀ ਨੇ ਆਪਣੇ ਖੁਲਾਸਿਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਹ ਉਹ ਖੁਲਾਸੇ ਨਹੀਂ ਹਨ, ਜਿਨ੍ਹਾਂ ਨੂੰ ਉਨ੍ਹਾਂ ਨੇ 'ਹਾਈਡਰੋਜਨ ਬੰਬ' ਦਾ ਨਾਂ ਦਿੱਤਾ ਹੈ। ਉਨ੍ਹਾਂ ਕਿਹਾ, 'ਗਿਆਨੇਸ਼ਵਰ ਕੁਮਾਰ ਬਾਰੇ ਗੰਭੀਰ ਦਾਅਵਾ ਕਰਨ ਜਾ ਰਿਹਾ ਹਾਂ।' ਉਨ੍ਹਾਂ ਕਿਹਾ ਕਿ ਵਿਰੋਧੀ ਧਿਰ ਦੇ ਨੇਤਾ ਹੋਣ ਦੇ ਨਾਤੇ ਉਹ ਕੋਈ ਹਲਕੀ-ਫੁਲਕੀ ਗੱਲ ਨਹੀਂ ਕਰ ਰਹੇ। ਰਾਹੁਲ ਨੇ ਸੱਤਾਧਾਰੀ ਪਾਰਟੀ ਤੋਂ ਬੇਆਸ ਹੁੰਦਿਆਂ ਕਿਹਾ ਕਿ ਹੁਣ ਦੇਸ਼ ਦੇ ਆਮ ਲੋਕ ਹੀ ਲੋਕਤੰਤਰੀ ਸੰਸਥਾਵਾਂ ਨੂੰ ਬਚਾ ਸਕਦੇ ਹਨ। ਉਨ੍ਹਾਂ ਦਾ ਯਤਨ ਲੋਕਾਂ ਨੂੰ 'ਵੋਟ ਚੋਰੀ' ਦੇ ਮਾਮਲੇ ਬਾਰੇ ਸੁਚੇਤ ਕਰਨਾ ਹੀ ਹੈ। ਕਰਨਾਟਕਾ ਦੇ ਆਲੰਦ ਹਲਕੇ ਦੇ ਨਾਲ ਨਾਲ ਮਹਾਰਾਸ਼ਟਰ ਦੇ ਰਜੂਰਾ ਹਲਕੇ ਦਾ ਜ਼ਿਕਰ ਕਰਦਿਆਂ ਰਾਹੁਲ ਗਾਂਧੀ ਨੇ ਕਿਹਾ ਕਿ ਉਥੇ ਆਟੋਮੇਟਿਡ ਸਾਫਟਵੇਅਰ ਰਾਹੀਂ 6850 ਵੋਟਰ ਕੱਟੇ ਗਏ। ਉਨ੍ਹਾਂ ਕਿਹਾ ਵੋਟ ਕੱਟਣ ਅਤੇ ਜੋੜਨ ਦੀ ਇਹ ਪ੍ਰਣਾਲੀ ਕਰਨਾਟਕਾ ਅਤੇ ਮਹਾਰਾਸ਼ਟਰਾ ਤੋਂ ਇਲਾਵਾ ਹਰਿਆਣਾ ਬਿਹਾਰ ਅਤੇ ਉਤਰਪ੍ਰਦੇਸ਼ ਵਿੱਚ ਵਰਤੀ ਗਈ ਅਤੇ ਉਨ੍ਹਾਂ ਕੋਲ ਇਸ ਦੇ ਪੁਖਤਾ ਸਬੂਤ ਹਨ। ਕਾਂਗਰਸੀ ਆਗੂ ਅਤੇ ਮੈਂਬਰ ਪਾਰਲੀਮੈਂਟ ਪ੍ਰਿਯੰਕਾ ਗਾਂਧੀ ਨੇ ਵੀ ਚੋਣ ਕਮਿਸ਼ਨ 'ਤੇ ਵੋਟ




ਚੋਰੀ ਦਾ ਦੋਸ਼ ਲਾਇਆ।

ਇੰਜ ਇੱਕ ਪਾਸੇ ਰਾਹੁਲ ਗਾਂਧੀ ਅਤੇ ਕਾਂਗਰਸ ਪਾਰਟੀ ਚੋਣ ਕਮਿਸ਼ਨ 'ਤੇ ਵੋਟ ਚੋਰੀ ਕਰਨ ਦਾ ਦੋਸ਼ ਲਗਾ ਰਹੇ ਹਨ। ਦੂਜੇ ਪਾਸੇ ਭਾਰਤ ਦੀ ਕੇਂਦਰ ਸਰਕਾਰ ਚੋਣ ਕਮਿਸ਼ਨ ਰਾਹੀਂ ਹੋਰ ਰਾਜਾਂ ਵਿੱਚ ਵੀ ਇੰਟੈਂਸਿਵ ਵੋਟ ਰਵੀਜ਼ਨ ਦਾ ਕੰਮ ਅੱਗੇ ਵਧਾਉਣ ਲਈ ਬਜ਼ਿੱਦ ਹੈ। ਬੀਤੇ ਦਿਨੀਂ ਚੋਣ ਕਮਿਸ਼ਨ ਨੇ ਕਿਹਾ ਕਿ ਪੰਜਾਬ ਸਮੇਤ ਦੂਜੇ ਰਾਜ ਵੀ ਇਸ ਇੰਟੈਂਸਿਵ ਵੋਟ ਰਵੀਜ਼ਨ ਲਈ ਤਿਆਰ ਰਹਿਣ। ਜਾਪਦਾ ਹੈ, ਇਹ ਮੁੱਖ ਰੂਪ ਵਿੱਚ ਘੁਸਪੈਠੀਆਂ ਦੇ ਨਾਮ 'ਤੇ ਮੁਸਲਮਾਨ ਭਾਈਚਾਰੇ ਦੀਆਂ ਵੋਟਾਂ ਛਾਂਗਣ ਦਾ ਅਮਲ ਹੈ, ਜਿਸ ਨੂੰ ਭਾਰਤ ਸਰਕਾਰ ਹਰ ਕੀਮਤ 'ਤੇ ਜਾਰੀ ਰੱਖਣਾ ਚਾਹੁੰਦੀ ਹੈ।

ਯਾਦ ਰਹੇ, ਮੁੱਖ ਚੋਣ ਕਮਿਸ਼ਨ ਨੇ ਇਹ ਸਾਲ ਖਤਮ ਹੋਣ ਤੋਂ ਪਹਿਲਾਂ ਦਿੱਲੀ ਅਤੇ ਪੰਜਾਬ ਸਮੇਤ ਸਾਰੇ ਦੇਸ਼ ਵਿੱਚ ਵਿਸ਼ੇਸ਼ ਇੰਟੈਂਸਿਵ ਵੋਟ ਰਵੀਜ਼ਨ ਨੂੰ ਅੱਗੇ ਵਧਾਉਣ ਦਾ ਸੰਕੇਤ ਦਿੱਤਾ ਹੈ। ਰਾਹੁਲ ਗਾਂਧੀ ਵੱਲੋਂ ਖੜ੍ਹੇ ਕੀਤੇ ਜਾ ਰਹੇ ਗੰਭੀਰ ਸੁਆਲਾਂ ਨੂੰ ਦਰਕਿਨਾਰ ਕਰਦਿਆਂ ਕੇਂਦਰ ਸਰਕਾਰ ਅਤੇ ਚੋਣ ਕਮਿਸ਼ਨ ਵੋਟਰ ਸੂਚੀਆਂ ਨੂੰ ਸੱਜੇ ਪੱਖੀ ਸਿਆਸਤ ਦੇ ਪੱਖ ਵਿੱਚ ਸੋਧਣ ਦੇ ਯਤਨ ਨੂੰ ਤੇਜ਼ੀ ਨਾਲ ਅੱਗੇ ਵਧਾ ਰਹੇ ਹਨ। 5 ਸਤੰਬਰ ਨੂੰ ਚੋਣ ਕਮਿਸ਼ਨ ਵੱਲੋਂ ਜਾਰੀ ਹੋਏ ਹੁਕਮਾਂ ਅਨੁਸਾਰ ਬੂਥ ਪੱਧਰ ਦੇ ਅਧਿਕਾਰੀਆਂ ਵੱਲੋਂ ਉਮਰ ਅਨੁਸਾਰ ਵੱਖ-ਵੱਖ ਕੈਟੇਗਰੀ ਦੇ ਵੋਟਰਾਂ ਦੀ ਤਰਤੀਬ ਬੀ.ਐਲ.ਓਜ਼ ਵੱਲੋਂ 19 ਸਤੰਬਰ ਤੱਕ ਦਿੱਤੀ ਜਾਣੀ ਸੀ। ਵੋਟਰ ਸੂਚੀਆਂ ਦੀ ਵਿਸ਼ੇਸ਼ ਵਿਆਪਕ ਸੁਧਾਈ ਲਈ 2003 ਅਤੇ 2025 ਦੀਆਂ ਵੋਟਰ ਸੂਚੀਆਂ ਦੇ ਆਧਾਰ 'ਤੇ ਵੋਟਰਾਂ ਨੂੰ ਸੱਤ ਭਾਗਾਂ ਵਿੱਚ ਵੰਡਿਆ ਗਿਆ ਹੈ। ਵੋਟਰ ਸੂਚੀਆਂ ਦੇ ਇਸ ਸੱਤ ਭਾਗ ਪਹਿਲੀ ਜੁਲਾਈ 1987 ਅਤੇ 2 ਦਸੰਬਰ 2024 ਦੇ ਆਧਾਰ 'ਤੇ ਬਣੇ ਹਨ। ਇਨ੍ਹਾਂ ਤਰੀਕਾਂ ਦੇ ਆਧਾਰ 'ਤੇ ਨਾਗਰਿਕਤਾ ਸੋਧ ਕਾਨੂੰਨ 1986 ਅਤੇ 2003 ਲਾਗੂ ਹੋਏ ਹਨ। ਇਨ੍ਹਾਂ ਮੁਤਾਬਕ ਹੀ ਵੋਟਰਾਂ ਨੂੰ ਪ੍ਰਮਾਣ ਪੱਤਰ ਦੇਣੇ ਹੋਣਗੇ। ਇੱਥੇ ਜ਼ਿਕਰਯੋਗ ਹੈ ਕਿ ਸੁਪਰੀਮ ਕੋਰਟ ਨੇ 8 ਸਤੰਬਰ ਨੂੰ ਆਧਾਰ ਕਾਰਡ ਨੂੰ ਬਾਰਵੇਂ ਦਸਤਾਵੇਜ਼ ਵਜੋਂ ਜੋੜਨ ਦਾ ਹੁਕਮ ਦਿੱਤਾ ਸੀ, ਪਰ ਬੂਥ ਪੱਧਰ ਦੇ ਅਧਿਕਾਰੀਆਂ ਨੂੰ 12 ਸਤੰਬਰ ਨੂੰ ਮੁਹੱਈਆ ਕਰਵਾਏ ਗਏ ਦਸਤਾਵੇਜ਼ਾਂ ਦੀ ਸੂਚੀ ਵਿੱਚ ਆਧਾਰ ਕਾਰਡ ਸ਼ਾਮਲ ਨਹੀਂ ਕੀਤਾ ਗਿਆ ਹੈ, ਨਾ ਹੀ ਡਰਾਈਵਿੰਗ ਲਾਈਸੈਂਸ ਅਤੇ ਵੋਟਰਕਾਰਡ ਨੂੰ ਸ਼ਾਮਲ ਕੀਤਾ ਗਿਆ ਹੈ। ਉਂਝ ਇਸ ਸੂਚੀ ਵਿੱਚ ਲਿਖਿਆ ਹੈ ਕਿ ਇਹ ਸੰਕੇਤਕ ਸੂਚੀ ਹੈ, ਸੰਪੂਰਨ ਨਹੀਂ।

ਇਸੇ ਦੌਰਾਨ ਮੁੱਖ ਕੇਂਦਰੀ ਚੋਣ ਕਮਿਸ਼ਨ ਨੇ ਸੂਬਾਈ ਚੋਣ ਕਮਿਸ਼ਨਾਂ ਨੂੰ ਵੋਟਰ ਸੂਚੀਆਂ ਦੀ ਵਿਸ਼ੇਸ਼ ਸੁਧਾਈ (ਐਸ.ਆਈ.ਆਰ.) ਲਈ ਤਿਆਰ ਰਹਿਣ ਵਾਸਤੇ ਕਿਹਾ ਹੈ। ਇਸ ਤੋਂ ਲਗਦਾ ਹੈ ਕਿ ਇਸੇ ਸਾਲ ਅਕਤੂਬਰ-ਨਵੰਬਰ ਵਿੱਚ ਪੰਜਾਬ ਅਤੇ ਦਿੱਲੀ ਸਮੇਤ ਦੇਸ਼ ਹੋਰ ਸੂਬਿਆਂ ਵਿੱਚ ਵੀ ਵੋਟਰ ਸੂਚੀਆਂ ਦੀ ਵਿਸ਼ੇਸ਼ ਸੁਧਾਈ ਦਾ ਕਾਰਜ ਸ਼ੁਰੂ ਹੋ ਸਕਦਾ ਹੈ। ਇਸ ਤੋਂ ਇਹ ਵੀ ਜਾਪਦਾ ਹੈ ਕਿ ਕੇਂਦਰ ਦੀ ਭਾਜਪਾ ਸਰਕਾਰ ਅਤੇ ਚੋਣ ਕਮਿਸ਼ਨ ਰਾਹੁਲ ਗਾਂਧੀ ਦੀ ਵੋਟ ਚੋਰੀ ਬਾਰੇ ਚਲਾਈ ਜਾ ਰਹੀ ਮੁਹਿੰਮ ਨੂੰ ਮਹਿਜ਼ ਨਜ਼ਰਅੰਦਾਜ਼ ਕਰ ਕਰਕੇ ਡਿਸਕਰੈਡਿਟ ਕਰਨ ਦੇ ਰੌਂਅ ਵਿੱਚ ਹਨ। ਯਾਦ ਰਹੇ, ਕੇਂਦਰ ਸਰਕਾਰ ਨੇ ਇੱਕ ਕਾਨੂੰਨ ਰਾਹੀਂ ਇਹ ਉਪਬੰਧ ਕਰ ਦਿੱਤਾ ਹੈ ਕਿ ਚੋਣ ਕਮਿਸ਼ਨ ਦੇ ਖਿਲਾਫ ਕੋਈ ਐਫ.ਆਈ.ਆਰ. ਦਰਜ ਨਹੀਂ ਕਰਵਾਇਆ ਜਾ ਸਕਦੀ। ਇਸ ਨਾਲ ਚੋਣ ਕਮਿਸ਼ਨ ਰਾਹੁਲ ਦੀਆਂ ਚਿਤਾਵਨੀਆਂ ਦੇ ਬਾਵਜੂਦ ਵੋਟਰ ਸੂਚੀਆਂ ਛਾਂਗਣ ਦੇ ਆਪਣੇ ਨਿਸ਼ਾਨੇ ਵੱਲ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ।

## ਸਿਆਸੀ ਸੰਗਠਨ ਬਿਨਾ ਪੰਜਾਬ ਦੇ ਕਿਸਾਨਾਂ ਦਾ ਪਾਰ ਉਤਾਰਾ ਨਹੀਂ

ਕਿਸਾਨਾਂ ਨੇ ਵੀ ਇਹ ਸਾਫ ਵੇਖਿਆ ਕਿ ਜਿਸ ਦ੍ਰਿੜਤਾ ਨਾਲ ਇਹ ਸੰਘਰਸ਼ ਇੱਕ ਸਾਲ ਤੋਂ ਵੱਧ ਸਮੇਂ ਲਈ ਲੜਿਆ ਗਿਆ ਅਤੇ ਸਫਲਤਾ ਨਾਲ ਸੰਪਨ ਹੋਇਆ, ਉਹ ਹੈਰਾਨ ਕਰਨ ਵਾਲਾ ਸੀ। ਇਸ ਸੰਘਰਸ਼ ਦੇ ਦੌਰਾਨ ਤਕਰੀਬਨ 700 ਕਿਸਾਨ ਸ਼ਹੀਦੀਆਂ ਵੀ ਪ੍ਰਾਪਤ ਕਰ ਗਏ। ਇਹ ਵਰਤਾਰਾ ਇਸ ਸੱਚ ਨੂੰ ਦਰਸਾਉਂਦਾ ਹੈ ਕਿ ਦਰਮਿਆਨੇ ਅਤੇ ਛੋਟੇ ਕਿਸਾਨ ਆਪਣੀਆਂ ਆਜ਼ਾਦ ਰੂਪ ਵਿੱਚ ਸਾਜੀਆਂ ਗਈਆਂ ਸਿੱਖ ਸੰਸਥਾਵਾਂ ਦੀ ਮਦਦ ਨਾਲ ਇੱਕ ਲਾਮਿਸਾਲ ਸੰਘਰਸ਼ ਨੂੰ ਲੰਮੀ ਦੇਰ ਤੱਕ ਲੜ ਸਕਦੇ ਹਨ। ਅਜਿਹੇ ਸੰਘਰਸ਼ ਲਈ ਵਿਕਸਤ ਮੁਲਕਾਂ ਦੇ ਵੱਡੇ ਭੋਇੰ ਮਾਲਕਾਂ ਕੋਲ ਉੱਕਾ ਹੀ ਸਮਾਂ ਨਹੀਂ ਹੈ, ਨਾ ਹੀ ਉਨ੍ਹਾਂ ਕੋਲ ਇਸ ਪੱਧਰ ਦੇ ਸੰਘਰਸ਼ ਲੜਨ ਵਾਲੀ ਸ਼ਕਤੀ ਅਤੇ ਸਬਰ ਮੌਜੂਦ ਹੈ। ਇਸੇ ਲਈ ਕਿਰਸਾਨੀ ਨਾਲ ਜੁੜੇ ਸਾਰੀ ਦੁਨੀਆਂ ਦੇ ਲੋਕ ਪੰਜਾਬ ਅਤੇ ਹਰਿਆਣਾ ਦੇ ਕਿਸਾਨਾਂ ਦੀ ਅਗਵਾਈ ਵਿੱਚ ਲੜੇ ਜਾ ਰਹੇ ਇਸ ਸੰਘਰਸ਼ ਵੱਲ ਨੀਝ ਨਾਲ ਵੇਖ ਰਹੇ ਸਨ। 'ਏਥੇ ਕੁਸ਼ ਨੀ ਹੋ ਸਕਦਾ' ਵਾਲੀ ਪੰਜਾਬੀਆਂ ਦੀ ਨਾ-ਉਮੀਦੀ ਨੂੰ ਇਸ ਸੰਘਰਸ਼ ਨੇ ਇੱਕ ਆਸ ਦੀ ਕਿਰਨ ਦਿੱਤੀ। ਜ਼ਿੰਦਗੀ ਦੇ ਕਿਸੇ ਹਾਂਦਰੂ ਰੁਖ ਵੱਲ ਮੁੜਨ ਦੀ ਆਸ ਬਝਾਈ। ਪੰਜਾਬ ਇਸ ਸੰਘਰਸ਼ ਦਾ ਮੁੱਖ ਧੁਰਾ ਬਣਿਆ ਸੀ, ਇਸ ਲਈ ਇਸ ਸੰਘਰਸ਼ ਵਿੱਚੋਂ ਪੈਦਾ ਹੋਈ ਉਮੀਦ ਅਤੇ ਊਰਜਾ ਵਿੱਚੋਂ ਪੰਜਾਬ ਵਿੱਚ ਲੋਕਾਂ ਨੂੰ ਕਿਸੇ ਸਿਆਸੀ ਬਦਲਾਅ ਦੀ ਆਸ ਬੱਝ ਗਈ ਸੀ। ਕੁਝ ਕਿਸਾਨ ਆਗੂਆਂ ਨੇ ਇਸ ਪਾਸੇ ਵੱਲ ਤੁਰਨ ਦਾ ਯਤਨ ਵੀ ਕੀਤਾ, ਪਰ ਟਰੇਡ ਯੂਨੀਅਨਵਾਦੀ ਸਿਆਸਤ ਦੇ ਛੋਟੇ ਭੁੱਸ ਦਾ ਸ਼ਿਕਾਰ ਕੁਝ ਕਥਿੱਤ ਖੱਬੇ ਪੱਖੀ ਝੁਕਾਅ ਰੱਖਣ ਵਾਲੀਆਂ ਕਿਸਾਨ ਜਥੇਬੰਦੀ ਨੇ ਇਸ ਨੂੰ ਸਾਬੋਤਾਜ ਕਰਨ ਵਿੱਚ ਕੋਈ ਕਸਰ ਬਾਕੀ ਨਾ ਛੱਡੀ। ਇਸ ਤੋਂ ਵੀ ਅੱਗੇ ਜਾ ਕੇ ਉਨ੍ਹਾਂ ਵਿੱਚ ਪੰਜਾਬ ਦੇ ਜੱਟ ਕਬੀਲਿਆਂ ਵਾਲਾ ਮਾਰੂ ਸ਼ਰੀਕਾ ਜਾਗ ਪਿਆ, ਜਿਸ ਨੇ ਸਾਰੀ ਖੇਡ ਵਿਗਾੜ ਦਿੱਤੀ। ਜੇ ਇਸ ਸੰਘਰਸ਼ ਰਾਹੀਂ ਪੈਦਾ ਹੋਈ ਲੀਡਰਸ਼ਿਪ ਅਤੇ ਊਰਜਾ ਨੂੰ ਸਫਲਤਾ ਨਾਲ ਪੰਜਾਬ ਦੇ ਸਿਆਸੀ ਖੇਤਰ ਵਿੱਚ ਪਲਟ (ਟਰਾਂਸਫਰ) ਲਿਆ ਜਾਂਦਾ ਤਾਂ ਅੱਜ ਪੰਜਾਬ ਦੀ ਹਾਲਤ ਬਿਲਕੁਲ ਹੋਰ ਹੋਣੀ ਸੀ।

ਇਸ ਪੱਖ 'ਤੇ ਜ਼ੋਰ ਮੈਂ ਨਿਰ੍ਹਾ ਕਿਸਾਨਾਂ ਨਾਲ ਹਮਦਰਦੀ ਵਿੱਚੋਂ ਹੀ ਨਹੀਂ ਕਰ ਰਿਹਾ, ਸਗੋਂ ਦੁਨੀਆਂ ਵਿੱਚ ਛਿੜੀ ਇਸ ਚਰਚਾ ਕਰਕੇ ਕਰ ਰਿਹਾ ਹਾਂ, ਜਿਸ ਵਿੱਚ ਇਹ ਸਾਹਮਣੇ ਆ ਰਿਹਾ ਹੈ ਕਿ ਕਿਸਾਨਾਂ ਨੂੰ ਆਪਣੀ ਜਨਤਕ ਯੂਨੀਅਨਾਂ ਦੇ ਨਾਲ-ਨਾਲ ਇੱਕ ਸਿਆਸੀ ਪਾਰਟੀ ਦਾ ਗਠਨ ਵੀ ਕਰਨਾ ਚਾਹੀਦਾ। ਇਹ ਇਸ ਲਈ ਕਿ ਸਾਰੀ ਦੁਨੀਆਂ ਦਾ ਪ੍ਰਬੰਧ ਚਲਨ ਤਕਰੀਬਨ ਟਰੇਡਰ ਦੀ ਦ੍ਰਿਸ਼ਟੀ, ਕਦਰਾਂ-ਕੀਮਤਾਂ, ਲੋੜਾਂ ਵਿੱਚੋਂ ਸਾਜਿਆ ਗਿਆ ਹੈ। ਇਹ ਟਰੇਡ ਦੇ ਹਿੱਤ ਵਿੱਚ ਸਾਜਿਆ ਗਿਆ ਸਾਰਾ ਗੋਰਖ ਧੰਦਾ ਵੱਡੇ ਵਪਾਰੀਆਂ ਅਤੇ ਕਾਰੋਬਾਰੀਆਂ ਦੇ ਹਿੱਤ ਪੂਰਦਾ ਹੈ। ਇਸ ਦੇ ਉਲਟ ਕਿਸਾਨ ਦੀ ਭੂਮੀ, ਹਕੀਕਤ ਅਤੇ ਕੁਦਰਤ ਨਾਲ ਜੁੜੀ ਮਾਨਸਿਕਤਾ ਇੱਕ ਟਰੇਡਰ ਦੀ ਮਾਨਸਿਕਤਾ ਦੇ ਬਿਲਕੁਲ ਉਲਟ ਹੁੰਦੀ ਹੈ। ਕਿਸਾਨ ਕੋਲ ਸਹਿ ਸੁਭਾ ਜ਼ਿੰਦਗੀ ਦੇ ਰੇਵੀਏ ਵਿੱਚ ਘੜਿਆ ਇੱਕ ਸੱਭਿਆਚਾਰ, ਕਦਰਾਂ-ਕੀਮਤਾਂ ਮੌਜੂਦ ਹਨ। ਕਿਸਾਨਾਂ ਆਪਣੀਆਂ ਕਦਰਾਂ-ਕੀਮਤਾਂ ਰਾਹੀਂ ਵਪਾਰਕ ਜਗਤ ਵੱਲੋਂ ਪੈਦਾ ਕੀਤੀਆਂ ਹਿਸਾਬੀ-ਕਿਤਾਬੀ ਕੀਮਤਾਂ ਨੂੰ ਸੰਤੁਲਿਤ ਕਰ ਸਕਦਾ ਹੈ। ਕਿਸਾਨ ਆਰਥਿਕਤਾ ਜ਼ਮੀਨ ਨਾਲ ਬੱਝੀ ਹੋਣ ਕਾਰਨ ਜੀਵਨ ਨੂੰ ਸਥਿਰਤਾ ਵੀ ਬਖਸ਼ਦੀ ਹੈ। ਇਸ ਲੰਮੀ ਸਥਿਰਤਾ ਵਿੱਚੋਂ ਡੂੰਘੀਆਂ ਕਦਰਾਂ-ਕੀਮਤਾਂ ਰੱਖਣ ਵਾਲੇ ਸੱਭਿਆਚਾਰ ਪੈਦਾ ਹੁੰਦੇ ਹਨ। ਇਸੇ ਸੱਭਿਆਚਾਰ ਦੇ ਇਰਦ-ਗਿਰਦ ਚਿਰ ਸਥਾਈ ਜੀਵਨ ਜੀਣ ਵਾਲੀਆਂ ਕੌਮਾਂ/ਕੌਮੀਅਤਾਂ ਪੈਦਾ ਹੁੰਦੀਆਂ ਹਨ।

ਇਸ ਦੇ ਉਲਟ ਅੱਜ ਦਾ ਸੰਸਾਰ ਵਪਾਰਕ ਜਗਤ ਵੱਲੋਂ ਪੈਦਾ ਕੀਤੀ ਟੱਪਰੀਵਾਸ ਮਾਨਸਿਕਤਾ ਜੀਅ ਰਿਹਾ ਹੈ। ਜ਼ਮੀਨ ਨਾਲ ਇਸ ਦਾ ਰਿਸ਼ਤਾ ਮਾਂ ਵਾਲਾ ਨਹੀਂ, ਸਗੋਂ ਖਰੀਦੋ ਫਰੋਖਤ ਕੀਤੀ ਜਾ ਸਕਣ ਵਾਲੀ ਵਸਤ ਵਾਲਾ ਹੈ। ਇਹੋ ਸੱਭਿਆਚਾਰ ਹੈ, ਜਿਹੜਾ ਮਨੁੱਖ ਨੂੰ ਆਪਣੀਆਂ ਜੜਾਂ ਤੋਂ ਪੁੱਟ ਕੇ ਆਪਣੀ ਆਰਥਿਕ ਮਸ਼ੀਨ ਦਾ ਪੁਰਜਾ ਬਣਾ ਦਿੰਦਾ ਹੈ। ਇਸੇ ਵਿੱਚੋਂ ਅੱਜ ਦੇ ਸੰਸਾਰ ਵਿੱਚ ਰੋਗੀ ਮਾਨਸਿਕਤਾ ਦਾ ਵਿਸਫੋਟ ਹੋ ਰਿਹਾ ਹੈ। ਜਿੰਨੇ ਮੁਲਕ ਵੱਧ ਵਿਕਸਤ ਹਨ, ਉਨ੍ਹਾਂ ਵਿੱਚ ਵੱਧ ਹੋ ਰਿਹਾ। ਇਹੋ ਮਰੀ ਹੋਈ ਮਾਨਸਿਕਤਾ ਹੈ ਜਿਹੜੀ ਫਲਿਸਤੀਨ ਵਿੱਚ ਭੁੱਖੇ ਭਾਣੇ ਬੱਚਿਆਂ, ਔਰਤਾਂ ਦੇ ਗੋਲੀਆਂ ਮਾਰਨ ਤੱਕ ਚਲੀ ਗਈ। ਕੋਈ ਨੇਤਨਯਾਹੂ 'ਹਿਟਲਰ' ਦਾ ਰੂਪ ਕਿਵੇਂ ਧਾਰਦਾ, ਇਸ ਨੂੰ ਅਸੀਂ ਅੱਜ ਆਪਣੀਆਂ ਅੱਖਾਂ ਦੇ ਐਨ ਸਾਹਮਣੇ ਵੇਖ ਰਹੇ ਹਾਂ। ਇਸ ਨੇ ਪੱਛਮ ਦੀ ਅਖੌਤੀ ਸੱਭਿਅਤਾ ਦਾ ਜਲੂਸ ਕੱਢ ਦਿੱਤਾ ਹੈ। ਇਸ ਦੇ ਪਤਨ ਦਾ ਇਹ ਸਿਖਰ ਹੈ।

ਇਸੇ ਲਈ ਦੁਨੀਆਂ ਦੇ ਕੁਝ ਅਰਥ ਸ਼ਾਸ਼ਤਰੀ ਜ਼ੋਰ ਦਿੰਦੇ ਹਨ ਕਿ ਆਪਣੇ ਗੈਰ-ਸਿਆਸੀ ਸੰਗਠਨਾਂ ਦੇ ਨਾਲ ਕਿਸਾਨਾਂ ਨੂੰ ਆਪਣਾ ਇੱਕ ਰਾਜਨੀਤਿਕ ਸੰਗਠਨ ਜ਼ਰੂਰ ਅਤੇ ਜਿੰਨੀ ਜਲਦੀ ਹੋ ਸਕੇ ਬਣਾਉਣਾ ਚਾਹੀਦਾ ਹੈ। ਪੰਜਾਬ ਇਸ ਦੀ ਪਹਿਲੀ ਪ੍ਰਯੋਗਸ਼ਾਲਾ ਬਣ ਸਕਦਾ ਹੈ। ਇੱਥੇ ਇਹ ਵੀ ਲਗਦਾ ਹੈ ਕਿ ਜੇ ਪੰਜਾਬ ਦੇ ਕਿਸਾਨ ਕਾਇਮ ਰਹੇ ਤਾਂ ਕਾਰਪੋਰੇਟ ਜਗਤ ਦੀ ਆਖਰੀ ਟੱਕਰ ਪੰਜਾਬ ਦੇ ਕਿਸਾਨਾਂ ਨਾਲ ਹੀ ਹੋਣੀ ਹੈ। ਇਸ ਵਿੱਚ ਜਿਹੜਾ ਜਿੱਤ ਗਿਆ, ਉਸ ਦੀਆਂ ਕਦਰਾਂ-ਕੀਮਤਾਂ ਭਾਰੂ ਹੋ ਜਾਣਗੀਆਂ। ਹਿੰਦੁਸਤਾਨ ਦਾ ਵਪਾਰੀ ਅਤੇ ਕਾਰਪੋਰੇਟ ਜਗਤ ਵੀ ਇਸ ਲੜਾਈ ਵਿੱਚ ਦੁਸ਼ਮਣ ਵਾਲੇ ਪਾਸੇ ਹੋਵੇਗਾ।

Prepare for Tomorrow Now With Comprehensive Retirement Planning

■Annuities ■Life Insurance ■Long-Term Care
■Medicare Planning ■Disability Income



Call Gurpreet Singh
Retirement and Insurance Advisor
Cell: 630-677-6144
Email: Preetisingh@ffig.com

FUTURITY FIRST
Retirement | Life | Health

Futurity First Insurance Group

## ਵਾਸ਼ਿੰਗਟਨ ਤੋਂ ਲੈ ਕੇ ਸਿਡਨੀ ਤੱਕ

# ਪਰਵਾਸੀਆਂ ਦੇ ਪੈਰਾਂ ਹੇਠਲੀ ਜ਼ਮੀਨ ਤਪਣ ਲੱਗੀ

**ਜਸਵੀਰ ਸਿੰਘ ਸ਼ੀਰੀ**

*ਪੰਜਾਬ ਨੂੰ ਆਪਣੀ ਸੱਭਿਆਚਾਰਕ, ਸਮਾਜਿਕ-ਰਾਜਨੀਤਿਕ ਲੀਡ ਸਾਂਭਣ ਦੀ ਲੋੜ

*ਅਮਰੀਕਾ ਵਿਚਲੇ ਭਾਰਤੀ ਆਈ.ਟੀ. ਕਾਮਿਆਂ ਦੀ ਜਾਨ ਨੂੰ ਬਣੀ




ਹੁਸ਼ਿਆਰਪੁਰ ਵਿੱਚ ਇੱਕ ਪਰਵਾਸੀ ਵਰਕਰ ਵੱਲੋਂ ਗੁਰਦੁਆਰਾ ਸਾਹਿਬ ਦੇ ਬਾਹਰੋਂ 5 ਸਾਲਾ ਪੰਜਾਬੀ ਬੱਚੇ ਨੂੰ ਅਗਵਾ ਕਰਕੇ ਉਸ ਨਾਲ ਕੁਕਰਮ ਕਰਨ ਮਗਰੋਂ ਕਤਲ ਕਰ ਦਿੱਤਾ ਗਿਆ। ਪੁਲਿਸ ਅਨੁਸਾਰ ਬੱਚੇ ਨੂੰ ਇੱਕ ਦੋ ਪਹੀਆ ਵਾਹਨ 'ਤੇ ਅਗਵਾ ਕਰਕੇ ਲਿਜਾਣ ਦੀ ਉਸ ਦੀ ਤਸਵੀਰ ਸੀ.ਸੀ.ਟੀ.ਵੀ. ਕੈਮਰੇ ਵਿੱਚ ਕੈਦ ਹੋ ਗਈ ਅਤੇ ਇਸ ਘਟਨਾ ਤੋਂ ਕੁਝ ਘੰਟੇ ਬਾਅਦ ਹੀ ਪੁਲਿਸ ਵੱਲੋਂ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ। ਕਾਤਲ ਵੱਲੋਂ ਕਤਲ ਕਰਨ ਪਿੱਛੋਂ ਬੱਚੇ ਦੀ ਲਾਸ਼ ਇੱਕ ਸ਼ਮਸ਼ਾਨ ਘਾਟ ਵਿੱਚ ਸੁੱਟ ਦਿੱਤੀ ਗਈ। ਜਲੰਧਰ ਪੁਲਿਸ ਦੇ ਡੀ.ਆਈ.ਜੀ. ਨਵੀਨ ਜਿੰਦਲ ਅਨੁਸਾਰ ਜਿਸ ਨੰਬਰ ਦੇ ਦੋ ਪਹੀਆ ਵਾਹਨ 'ਤੇ ਬੱਚੇ ਨੂੰ ਅਗਵਾ ਕੀਤਾ ਗਿਆ ਸੀ, ਉਹ ਮਿਲ ਗਿਆ ਹੈ।

ਇਸ ਘਟਨਾ ਦੇ ਵਾਪਰਨ ਤੋਂ ਬਾਅਦ ਪੰਜਾਬ ਵਿੱਚ ਪਰਵਾਸੀ ਮਜ਼ਦੂਰਾਂ ਖਿਲਾਫ ਇੱਕ ਮੁਹਿੰਮ ਛਿੜ ਗਈ ਹੈ। ਇਕੱਲੇ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ 40 ਪੰਚਾਇਤਾਂ ਨੇ ਮਤੇ ਪਾ ਕੇ ਪਰਵਾਸੀ ਵਰਕਰਾਂ ਨੂੰ ਪਿੰਡ ਦੀ ਜੂਹ ਤੋਂ ਬਾਹਰ ਰਹਿਣ ਦਾ ਹੁਕਮ ਦਿੱਤਾ ਹੈ। ਕੁਝ ਪਿੰਡਾਂ ਵਿੱਚ ਇਸ ਕਿਸਮ ਦੇ ਮਤੇ ਵੀ ਪਾਏ ਗਏ ਹਨ ਕਿ ਪਰਵਾਸੀਆਂ ਦੇ ਆਧਾਰ ਕਾਰਡ ਅਤੇ ਵੋਟਰ ਕਾਰਡ ਨਾ ਬਣਾਏ ਜਾਣ। ਇਨ੍ਹਾਂ ਨੂੰ ਪਿੰਡਾਂ ਦੇ ਪਤੇ 'ਤੇ ਮਿਲਦੀਆਂ ਸਰਕਾਰੀ ਸਕੀਮਾਂ ਦਾ ਲਾਭ ਵੀ ਨਹੀਂ ਦਿੱਤਾ ਜਾਣਾ ਚਾਹੀਦਾ।

ਸਥਾਨਕ ਲੋਕਾਂ ਅਤੇ ਰੇਹੜੀ ਫੜ੍ਹੀ ਵਾਲੇ ਪਰਵਾਸੀ ਮਜ਼ਦੂਰਾਂ ਵਿਚਕਾਰ ਮਾਮੂਲੀ ਹੱਥੋਪਾਈਆਂ ਵੀ ਹੋਈਆਂ ਹਨ। ਕਪੂਰਥਲਾ, ਪਠਾਨਕੋਟ ਅਤੇ ਬਠਿੰਡਾ ਵਿੱਚ ਪੁਲਿਸ ਸਥਿਤੀ 'ਤੇ ਤਿੱਖੀ ਨਜ਼ਰ ਰੱਖ ਰਹੀ ਹੈ। ਤਣਾਅ ਵਧਣ ਤੋਂ ਬਾਅਦ ਬਠਿੰਡਾ, ਸਮਰਾਲਾ, ਅਨੰਦਪੁਰ ਸਾਹਿਬ, ਸੁਲਤਾਨਪੁਰ ਲੋਧੀ, ਕਪੂਰਥਲਾ ਅਤੇ ਬਲਾਚੌਰ ਵਿੱਚ ਸਥਾਨਕ ਲੋਕਾਂ ਨੇ ਪਰਵਾਸੀਆਂ ਵਿਰੁਧ ਮਤੇ ਪਾ ਕੇ ਉਨ੍ਹਾਂ ਨੂੰ ਪਿੰਡਾਂ ਦੀ ਜੂਹ ਵਿੱਚੋਂ ਬਾਹਰ ਰਹਿਣ ਲਈ ਕਿਹਾ। ਸਮੁੱਚੇ ਪੰਜਾਬ ਵਿੱਚ ਪਰਵਾਸੀਆਂ ਨੂੰ ਪੰਜਾਬ ਵਿੱਚੋਂ ਬਾਹਰ ਕੱਢਣ ਦੀ ਆਵਾਜ਼ ਵੀ ਉੱਠਣ ਲੱਗੀ ਹੈ। ਇਸ ਮੁੱਦੇ 'ਤੇ ਕੁਝ ਸੰਭਲ ਕੇ ਗੱਲ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਪਰਵਾਸੀਆਂ ਖਿਲਾਫ ਮੁਜ਼ਾਹਰੇ ਇੰਗਲੈਂਡ, ਕੈਨੇਡਾ ਅਤੇ ਆਸਟਰੇਲੀਆ ਵਿੱਚ ਵੀ ਹੋ ਰਹੇ ਹਨ। ਪੰਜਾਬ ਦੇ ਹੁਸ਼ਿਆਰਪੁਰ ਵਿੱਚ ਵਾਪਰੀ ਘਟਨਾ ਬਾਰੇ ਮੁੱਖ ਮੰਤਰੀ ਨੇ ਕਿਹਾ ਕਿ ਕਾਨੂੰਨ ਆਪਣਾ ਕੰਮ ਕਰੇਗਾ। ਉਨ੍ਹਾਂ ਹੋਰ ਕਿਹਾ ਕਿ ਅਸੀਂ ਇੱਥੋਂ ਪਰਵਾਸੀ ਮਜ਼ਦੂਰਾਂ ਨੂੰ ਕਿਵੇਂ ਕੱਢ ਸਕਦੇ ਹਾਂ, ਜਦੋਂ ਹੋਰਨਾਂ ਰਾਜਾਂ ਵਿੱਚ ਪੰਜਾਬੀ ਵੱਡੀ ਪੱਧਰ 'ਤੇ ਕੰਮ ਕਰਦੇ ਹਨ।

ਇੱਥੇ ਜ਼ਿਕਰਯੋਗ ਹੈ ਕਿ ਪੰਜਾਬ ਦੇ ਭੁਲੱਥ ਹਲਕੇ ਤੋਂ ਅਸੈਂਬਲੀ ਮੈਂਬਰ ਸੁਖਪਾਲ ਸਿੰਘ ਖਹਿਰਾ ਪਿਛਲੇ ਲੰਮੇ ਸਮੇਂ ਤੋਂ ਮੰਗ ਕਰਦੇ ਰਹੇ ਹਨ ਕਿ ਪੰਜਾਬ ਵਿੱਚ ਪਰਵਾਸੀ ਮਜ਼ਦੂਰਾਂ ਦੀ ਆਮਦ ਨੂੰ ਸੀਮਤ ਕਰਨਾ ਚਾਹੀਦਾ ਹੈ। ਉਸੇ ਤਰ੍ਹਾਂ ਦਾ ਕਾਨੂੰਨ ਪੰਜਾਬ ਅਸੈਂਬਲੀ ਨੂੰ ਵੀ ਪਾਸ ਕਰਨਾ ਚਾਹੀਦਾ ਹੈ, ਜਿਹੋ ਜਿਹਾ ਹਿਮਾਚਲ, ਉੱਤਰਾਖੰਡ ਅਤੇ ਰਾਜਸਥਾਨ ਵੱਲੋਂ ਪਾਸ ਕੀਤਾ ਗਿਆ ਹੈ; ਜਿਸ ਨਾਲ ਪੰਜਾਬ ਵਿੱਚ ਪੂਰਬੀਆ ਲੇਬਰ ਜ਼ਮੀਨ ਨਾ ਖਰੀਦ ਸਕੇ। ਹੁਣ ਇਸ ਕਿਸਮ ਦੀ ਆਵਾਜ਼ ਪੰਜਾਬ ਵਿੱਚ ਵਿਆਪਕ ਪੱਧਰ 'ਤੇ ਉੱਠਣ ਲੱਗੀ ਹੈ।

ਸੰਸਾਰ ਆਰਥਕ ਸੰਕਟ ਅਤੇ ਧਰਮ ਆਧਾਰਤ ਸੱਭਿਅਤਾਵਾਂ ਦੇ ਟਕਰਾਅ ਦੇ ਮੱਦੇਨਜ਼ਰ ਅੱਜ ਸਿਰਫ ਪੰਜਾਬ ਵਿੱਚ ਹੀ ਨਹੀਂ, ਸਗੋਂ ਸਾਰੀ ਦੁਨੀਆਂ ਵਿੱਚ ਪਰਵਾਸੀਆਂ ਖਿਲਾਫ ਆਵਾਜ਼ਾਂ ਉੱਠਣ ਲੱਗੀਆਂ ਹਨ। ਕੈਨੇਡਾ ਦੇ ਟੋਰਾਂਟੋ, ਬਰਤਾਨੀਆ ਦੇ ਲੰਡਨ ਅਤੇ ਆਸਟਰੇਲੀਆ ਦੇ ਬ੍ਰਿਸਬੇਨ, ਮੈਲਬੌਰਨ ਤੇ ਸਿਡਨੀ ਵਿੱਚ ਹਾਲ ਹੀ ਵਿੱਚ ਗੋਰੇ ਲੋਕਾਂ ਵੱਲੋਂ ਪਰਵਾਸੀਆਂ ਖਿਲਾਫ ਵੱਡੇ ਪ੍ਰਦਰਸ਼ਨ ਕੀਤੇ ਗਏ ਹਨ। ਇੱਥੋਂ ਤੱਕ ਕਿ ਆਮ ਤੌਰ 'ਤੇ ਸ਼ਾਂਤ ਅਤੇ ਸੱਭਿਅਕ ਸੁਭਾਅ ਵਾਲਾ ਮੁਲਕ ਮੰਨੇ ਜਾਣ ਵਾਲੇ ਨਿਊਜ਼ੀਲੈਂਡ ਵਿੱਚ ਪਰਵਾਸੀਆਂ ਦੇ ਖਿਲਾਫ ਮੁਹਿੰਮ ਛਿੜ ਗਈ ਹੈ। ਪੁਰਤਗਾਲ ਵੀ ਇਸ ਮਾਮਲੇ ਵਿੱਚ ਆਪਣੇ ਕਾਨੂੰਨਾਂ ਨੂੰ ਸਖਤ ਕਰਨ ਦਾ ਯਤਨ ਕਰ ਰਿਹਾ ਹੈ; ਪਰ ਟੋਰਾਂਟੋ ਅਤੇ ਆਸਟਰੇਲੀਆ ਦੇ ਕੁਝ ਸ਼ਹਿਰਾਂ ਵਿੱਚ ਇਨ੍ਹਾਂ ਪ੍ਰੋਟੈਸਟਾਂ ਦੇ ਸਮਾਨੰਤਰ ਪਰਵਾਸੀ ਕਾਮਿਆਂ ਵੱਲੋਂ ਵੀ ਮੁਜ਼ਾਹਰੇ ਕੀਤੇ ਗਏ।

ਪਰਵਾਸੀ ਅਤੇ ਪਰਵਾਸ ਦੇ ਮਸਲੇ ਨੂੰ ਲੈ ਕੇ ਸਾਡੇ ਸਮੇਤ ਦੁਨੀਆਂ ਭਰ ਦੇ ਲੋਕਾਂ ਵਿੱਚ ਮੁੱਖ ਤੌਰ 'ਤੇ ਦੋ ਕਿਸਮ ਦੀ ਪਹੁੰਚ ਪਾਈ ਜਾਂਦੀ ਹੈ। ਥੋੜ੍ਹਾ ਜਿਹਾ ਖੱਬਾ ਝੁਕਾ ਰੱਖਣ ਵਾਲੀਆਂ ਸਿਆਸੀ ਧਿਰਾਂ ਤਾਂ ਪਰਵਾਸੀਆਂ ਦੇ ਹੱਕਾਂ/ਹਿੱਤਾਂ ਵਿੱਚ ਗੱਲ ਕਰਦੀਆਂ ਹਨ, ਜਦੋਂ ਕਿ ਸੱਜੇ ਪੱਖੀ ਸਿਆਸਤ ਕਰਨ ਵਾਲੇ ਧੜੇ ਮੁੱਖ ਤੌਰ 'ਤੇ ਆਪੋ ਆਪਣੇ ਦੇਸ਼ਾਂ ਅਤੇ ਪਰਦੇਸਾਂ ਵਿੱਚੋਂ ਪਰਵਾਸੀਆਂ ਨੂੰ ਬਾਹਰ ਕੱਢਣ ਦੀ ਦਲੀਲ ਦਿੰਦੇ ਹਨ। ਇਸ ਦਾ ਇੱਕ ਕਾਰਨ ਇਹ ਵੀ ਹੈ ਕਿ ਤਕਰੀਬਨ ਹਰ ਮੁਲਕ ਦੀਆਂ ਰੂੜੀਵਾਦੀ ਸਿਆਸੀ ਧਿਰਾਂ ਸਾਧਨ ਸੰਪਨ, ਮਨੁੱਖੀ ਅਤੇ ਕੁਦਰਤੀ ਸੋਮਿਆਂ 'ਤੇ ਕਾਬਜ਼ ਧਿਰਾਂ ਦਾ ਪੱਖ ਪੂਰਦੀਆਂ ਹਨ। ਜਦੋਂ ਵੀ ਕਿਸੇ ਦੇਸ਼ ਵਿੱਚ ਆਰਥਕ ਸੰਕਟ ਵਾਲੀ ਸਥਿਤੀ ਪੈਦਾ ਹੁੰਦੀ ਹੈ ਤਾਂ ਸੱਜੇ ਪੱਖੀ ਪਾਰਟੀਆਂ ਆਪਣੇ ਬੇਰੁਜ਼ਗਾਰ ਹੋ ਰਹੇ ਕਾਮਿਆਂ ਦਾ ਰੋਸ ਆਮ ਤੌਰ 'ਤੇ ਪਰਵਾਸੀਆਂ ਕਾਮਿਆਂ ਜਾਂ ਵੱਖਰੀ ਨਸਲ ਰੱਖਣ ਵਾਲੇ ਲੋਕਾਂ ਵੱਲ ਨੂੰ ਮੋੜਨ ਦਾ ਯਤਨ ਕਰਦੀਆਂ ਹਨ। ਇਹੋ ਹੈ, ਜੋ ਅੱਜ ਅਮਰੀਕਾ ਵਿੱਚ ਰਾਸ਼ਟਰਪਤੀ ਟਰੰਪ ਅਤੇ ਉਸ ਦੇ ਜੋਟੀਦਾਰ ਕਰ ਰਹੇ ਹਨ।

ਭਾਰਤ ਵਿੱਚ ਧਾਰਮਿਕ ਘੱਟਗਿਣਤੀਆਂ ਵੀ ਆਰ.ਐਸ.ਐਸ. ਅਤੇ ਭਾਜਪਾ ਦੀ ਸੱਜੇ ਪੱਖੀ ਸਿਆਸਤ ਦਾ ਸ਼ਿਕਾਰ ਹੋ ਰਹੀਆਂ ਹਨ। ਕਥਿਤ ਘੁਸਪੈਠੀਆਂ ਨੂੰ ਦੇਸ਼ 'ਚੋਂ ਕੱਢਣ ਦੇ ਨਾਂ 'ਤੇ ਚੋਣ ਮਹਿੰਮਾਂ ਚਲਦੀਆਂ ਹਨ। ਭਾਰਤੀ ਜਨਤਾ ਪਾਰਟੀ ਦੇ 11 ਸਾਲਾਂ ਦੇ ਰਾਜ ਵਿੱਚ ਮੁਸਲਮਾਨਾਂ ਖਿਲਾਫ ਲਗਾਤਾਰ ਨਫਰਤ ਦੀ ਮੁਹਿੰਮ ਚਲਾਈ ਗਈ ਹੈ। ਖੁਦ ਭਾਜਪਾ ਵੱਲੋਂ ਲੋਕ ਸਭਾ ਚੋਣਾਂ ਵਿੱਚ ਹਿੰਦੂ ਵੋਟ ਨੂੰ ਆਪਣੇ ਪੱਖ ਵਿੱਚ ਜਿੱਤਣ ਲਈ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਇਆ ਗਿਆ। ਉਨ੍ਹਾਂ ਦੇ ਘਰਾਂ 'ਤੇ ਬੁਲਡੋਜਰ ਚਲਾਏ ਗਏ। ਇਸ ਮਾਹੌਲ ਦਾ ਨਤੀਜਾ ਇਹ ਨਿਕਲਿਆ ਹੈ ਕਿ ਵੱਡੀ ਗਿਣਤੀ ਵਿੱਚ ਹਿੰਦੂ ਸਮਾਜ ਹਰ ਆਮ ਖਾਸ ਮੁਸਲਮਾਨ ਨੂੰ ਸ਼ੱਕ ਦੀ ਨਜ਼ਰ ਨਾਲ ਵੇਖਣ ਲੱਗਾ ਹੈ। ਇਸੇ ਤਰ੍ਹਾਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਪਣੀ ਦੂਜੀ ਪਾਰੀ ਵਿੱਚ ਵੀ ਪਰਵਾਸੀ ਕਾਮਿਆਂ ਖਿਲਾਫ ਆਪਣੀ ਮੁਹਿੰਮ ਜਾਰੀ ਰੱਖੀ ਹੋਈ ਹੈ। ਇੱਥੋਂ ਤੱਕ ਕਿ ਪੰਜਾਬੀ ਅਤੇ ਭਾਰਤੀ ਕਾਮਿਆਂ ਸਮੇਤ ਵੱਖ-ਵੱਖ ਮੁਲਕਾਂ ਦੇ ਕਾਮਿਆਂ ਨੂੰ ਹਾਲ ਹੀ ਵਿੱਚ ਅਮਰੀਕਾ ਵਿੱਚੋਂ ਜ਼ਬਰਦਸਤੀ ਗ੍ਰਿਫਤਾਰ ਕਰਕੇ ਉਨ੍ਹਾਂ ਦੇ ਮੁਲਕਾਂ ਵਿੱਚ ਵਾਪਸ ਭੇਜਿਆ ਗਿਆ ਹੈ। ਭਾਰਤੀ ਅਤੇ ਪੰਜਾਬੀ ਕਾਮਿਆਂ ਨੂੰ ਤਾਂ ਬੇੜੀਆਂ ਅਤੇ ਹਥਕੜੀਆਂ ਵਿੱਚ ਜਕੜ ਕੇ ਫੌਜੀ ਜਹਾਜ਼ ਵਿੱਚ ਵਾਪਸ ਭੇਜਿਆ ਗਿਆ।

ਸਾਰੀ ਦੁਨੀਆਂ ਵਿੱਚ ਜਿਵੇਂ ਸੱਜੇ ਪੱਖੀ ਸਿਆਸਤ ਦਾ ਰੁਝਾਨ ਬਣ ਰਿਹਾ ਹੈ, ਉਸ ਨੇ ਪਰਵਾਸੀ ਕਾਮਿਆਂ ਨੂੰ ਆਪੋ ਆਪਣੇ ਜੱਦੀ ਮੁਲਕਾਂ ਵਿੱਚ ਜਾਣ ਲਈ ਮਜਬੂਰ ਕੀਤਾ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਪਰਵਾਸੀ ਆਈ.ਟੀ. ਕਾਮਿਆਂ ਨੂੰ ਐਚ-1ਬੀ ਵੀਜ਼ਾ ਹਸਲ ਕਰਨ ਲਈ ਇੱਕ ਲੱਖ ਡਾਲਰ ਦੀ ਫੀਸ ਰੱਖ ਦਿੱਤੀ ਗਈ ਹੈ। ਇਸ ਨਾਲ ਭਾਰਤੀ ਆਈ.ਟੀ. ਕਾਮੇ ਵੱਡੀ ਪੱਧਰ 'ਤੇ ਪ੍ਰਭਾਵਤ ਹੋਣਗੇ। ਅਮਰੀਕਾ ਦੇ ਆਈ.ਟੀ. ਸੈਕਟਰ ਵਿੱਚ ਤਕਰੀਬਨ ਤਿੰਨ ਲੱਖ ਭਾਰਤੀ ਕਾਮੇ ਕੰਮ ਕਰਦੇ ਹਨ। ਇਸ ਨਾਲ ਇਨ੍ਹਾਂ ਵੱਲੋਂ ਭਾਰਤ ਵਿੱਚ ਜਿਹੜਾ ਪੈਸਾ ਆਉਂਦਾ ਹੈ, ਉਹ ਸਾਲ 2023 ਵਿੱਚ 34 ਅਰਬ ਡਾਲਰ ਸੀ। ਇਸ ਤੋਂ ਪਤਾ ਲਗਦਾ ਹੈ ਭਾਰਤੀ ਆਰਥਿਕਤਾ ਨੂੰ ਬਲ ਬਖਸ਼ਣ ਦੀ ਦ੍ਰਿਸ਼ਟੀ ਤੋਂ ਇਹ ਕਿੱਡੀ ਵੱਡੀ ਰਕਮ ਹੈ। ਹੁਣ ਜਿਸ ਵੀ ਅਮਰੀਕੀ ਕੰਪਨੀ ਨੇ ਭਾਰਤੀ ਜਾਂ ਹੋਰ ਕਿਸੇ ਮੁਲਕ ਦੇ ਕਾਮੇ ਨੂੰ ਰੁਜ਼ਗਾਰ ਦੇਣਾ ਹੋਏਗਾ, ਉਸ ਦੀ ਫੀਸ ਇੱਕ ਲੱਖ ਡਾਲਰ ਹੋਏਗੀ ਅਤੇ ਇੰਨੀ ਹੀ ਰਕਮ ਕੰਪਨੀ ਵੱਲੋਂ ਸਰਕਾਰ ਨੂੰ ਦੇਣੀ ਹੋਏਗੀ। ਇਸ ਤੋਂ ਅੰਦਾਜ਼ੇ ਲੱਗਣ ਲੱਗੇ ਹਨ ਕਿ ਅਮਰੀਕੀ ਰਾਸ਼ਟਰਪਤੀ ਦੇ ਇਸ ਕਦਮ ਨਾਲ ਆਈ.ਟੀ. ਸੈਕਟਰ ਦੇ ਛੋਟੇ ਕਾਰੋਬਾਰੀਆਂ ਦੇ ਕਾਰੋਬਾਰ ਤਬਾਹ ਹੋ ਜਾਣਗੇ।

ਯਾਦ ਰਹੇ, ਅਮਰੀਕਾ ਵਿੱਚ ਪਹਿਲਾਂ ਇਹ ਫੀਸ 2 ਹਜ਼ਾਰ ਡਾਲਰ ਤੋਂ ਲੈ ਕੇ 5 ਹਜ਼ਾਰ ਡਾਲਰ ਦੇ ਵਿਚਕਾਰ ਸੀ। ਅਮਰੀਕਾ ਦੀ ਰੀਸੋ-ਰੀਸ ਕੈਨੇਡਾ, ਬਰਤਾਨੀਆ, ਜਰਮਨੀ ਅਤੇ ਪੁਰਤਗਾਲ ਆਦਿ ਨੇ ਵੀ ਪਰਵਾਸੀ ਕਾਮਿਆਂ 'ਤੇ ਕੇੜਾ ਕੱਸ ਦਿੱਤਾ ਹੈ। ਇਸ ਤਰ੍ਹਾਂ 2008 ਦੇ ਆਏ ਆਰਥਿਕ ਮੰਦਵਾੜੇ ਤੋਂ ਬਾਅਦ ਦੁਨੀਆਂ ਦੇ ਵੱਡੇ ਮੁਲਕਾਂ 'ਤੇ ਸੱਜੇ ਪੱਖੀ ਸਿਆਸਤ ਭਾਰੂ ਹੋ ਰਹੀ ਹੈ ਅਤੇ ਉਹ ਪਰਦੇਸੀ ਕਾਮਿਆਂ ਨੂੰ ਸੀਮਤ ਅਤੇ ਵਿਦੇਸ਼ੀ ਵਿਦਿਆਰਥੀਆਂ ਨੂੰ ਸੀਮਤ ਕਰਨ ਲਈ ਕਦਮ ਚੁੱਕ ਰਹੇ ਹਨ। ਇਸ ਦਾ ਸਿੱਟਾ ਇਹ ਨਿਕਲ ਰਿਹਾ ਕਿ ਸਾਡੇ ਮੁਲਕ ਵਿੱਚੋਂ ਜਿਹੜੇ ਕਾਮੇ ਚੰਗੇ ਰੁਜ਼ਗਾਰ ਦੀ ਭਾਲ ਵਿੱਚ ਵਿਕਸਤ ਮੁਲਕਾਂ ਵੱਲ ਜਾਂਦੇ ਸਨ, ਉਨ੍ਹਾਂ ਦੀ ਗਿਣਤੀ ਸੀਮਤ ਹੋ ਗਈ ਹੈ। ਜਿਸ ਤਰ੍ਹਾਂ ਦਾ ਰੁਝਾਨ ਚੱਲ ਰਿਹਾ ਹੈ, ਇਸ ਦੇ ਆਉਣ ਵਾਲੇ ਸਮੇਂ ਵਿੱਚ ਹੋਰ ਵਧਣ ਦੇ ਆਸਾਰ ਹਨ। ਯੂਕਰੇਨ ਅਤੇ ਰੂਸ ਵਿਚਕਾਰ ਤੇ ਗਾਜ਼ਾ-ਇਜ਼ਰਾਇਲੀ ਜੰਗ ਇਸ ਸੰਕਟ ਨੂੰ ਹੋਰ ਤੇਜ਼ ਕਰੇਗੀ। ਇਨ੍ਹਾਂ ਜੰਗਾਂ ਦੇ ਉਕਸਾਵੇ ਨਾਲ ਤੀਜੀ ਸੰਸਾਰ ਜੰਗ ਛਿੜ ਜਾਣ ਦੀ ਸੰਭਾਵਨਾ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ।

ਜਿੱਥੋਂ ਤੱਕ ਪੰਜਾਬ ਵਿੱਚ ਦੂਜੇ ਰਾਜਾਂ ਤੋਂ ਆਣ ਕੇ ਪਰਵਾਸੀ ਵਰਕਰਾਂ ਦੇ ਕੰਮ ਕਰਨ ਦਾ ਮਾਮਲਾ ਹੈ, ਇਸ ਦਾ ਕੋਈ ਬਲੈਕ ਐਂਡ ਵਾਈਟ ਹੱਲ ਨਹੀਂ ਹੈ। ਸਾਨੂੰ ਸਨਅਤਾਂ, ਖੇਤੀ ਅਤੇ ਹੋਰ ਕਾਰੋਬਾਰਾਂ ਵਿੱਚ ਕੰਮ ਕਾਰਨ ਵਾਲੇ ਬਾਹਰੀ ਮਿਹਨਤੀ ਕਾਮਿਆਂ ਨੂੰ ਤਾਂ ਜੀ ਆਇਆਂ ਕਹਿਣਾ ਪਵੇਗਾ, ਪਰ ਪੰਜਾਬ ਦੀ ਧਾਰਮਿਕ, ਸੱਭਿਆਚਾਰਕ ਵਿਸ਼ੇਸ਼ ਹਸਤੀ ਨੂੰ ਕਾਇਮ ਰੱਖਣ ਲਈ ਦੂਜੇ ਰਾਜਾਂ ਤੋਂ ਆਉਣ ਵਾਲੇ ਕਾਮਿਆਂ ਨੂੰ ਸੀਮਤ ਜਾਂ ਰੈਗੂਲੇਟ ਵੀ ਕਰਨਾ ਪਏਗਾ। ਜਿਵੇਂ ਕਿ ਸਾਰੇ ਗੁਆਂਢੀ ਰਾਜਾਂ ਨੇ ਕਾਨੂੰਨ ਬਣਾ ਕੇ ਪ੍ਰਬੰਧ ਕੀਤਾ ਹੋਇਆ ਹੈ, ਪਰਵਾਸੀ ਲੋਕਾਂ ਨੂੰ ਇੱਥੇ ਪ੍ਰਾਪਰਟੀ ਖਰੀਦਣ ਦੀ ਇਜਾਜ਼ਤ ਨਹੀਂ ਹੋਣੀ ਚਾਹੀਦੀ। ਪੰਜਾਬ ਵਿੱਚ ਸਰਕਾਰੀ ਨੌਕਰੀਆਂ ਦੇਣ ਦੇ ਮਾਮਲੇ ਵਿੱਚ ਡੋਮੀਸੀਲ ਸਰਟੀਫਿਕੇਟ ਲਾਜ਼ਮੀ ਬਣਾਇਆ ਜਾਣਾ ਚਾਹੀਦਾ ਹੈ। ਇਹ ਧਿਆਨ ਰੱਖਿਆ ਜਾਵੇ ਕਿ ਪੰਜਾਬ ਇੱਕ ਛੋਟੀ ਕੌਮੀਅਤ ਦਾ ਘਰ ਹੈ, ਜੋ ਵਧੇਰੇ ਖੁਦਮੁਖਤਾਰੀ ਅਤੇ ਰਾਜਸੀ ਤਾਕਤ ਹਾਸਲ ਕਰ ਕੇ ਕਿਸੇ ਵੀ ਸਮੇਂ ਇੱਕ ਸੰਪੂਰਨ ਕੌਮ ਦਾ ਦਰਜਾ ਹਾਸਲ ਕਰ ਸਕਦੀ ਹੈ। ਪਰਵਾਸ ਬਾਰੇ ਸਾਰੀਆਂ ਨੀਤੀਆਂ ਸਾਨੂੰ ਇਸ ਸਾਰੇ ਪੱਖ ਨੂੰ ਧਿਆਨ ਵਿੱਚ ਰੱਖ ਕੇ ਹੀ ਘੜਨੀਆਂ ਚਾਹੀਦੀਆਂ ਹਨ।

ਇਸ ਦੇ ਉਲਟ ਭਾਜਪਾ ਅਤੇ ਕਾਂਗਰਸ ਪਾਰਟੀ ਦਾ ਪੂਰੇ ਭਾਰਤ ਨੂੰ ਇੱਕ ਕੌਮ ਵਿੱਚ ਤਬਦੀਲ ਕਰਨ ਦਾ ਪ੍ਰਾਜੈਕਟ ਸਾਡੀਆਂ ਉਪਰੋਕਤ ਕੋਸ਼ਿਸ਼ਾਂ ਦਾ ਜ਼ੋਰਦਾਰ ਵਿਰੋਧ ਕਰੇਗਾ। ਇਹ ਵਿਰੋਧ ਕਿਸੇ ਵੇਲੇ ਹਿੰਸਕ ਵੀ ਹੋ ਸਕਦੇ ਹਨ; ਇਨ੍ਹਾਂ ਨੂੰ ਪੁਰ ਅਮਨ ਅਤੇ ਸੂਝ-ਬੂਝ ਨਾਲ ਲੜਨ ਵਿੱਚ ਹੀ ਸਿਆਣਪ ਹੋਏਗੀ। ਸਾਨੂੰ ਪੰਜਾਬ ਵਿੱਚ ਲੱਗਣ ਵਾਲੀ ਕਿਸੇ ਵੀ ਸਨਅਤ ਨੂੰ ਇਸ ਸ਼ਰਤ 'ਤੇ ਹੀ ਐਂਟਰੀ ਦੇਣੀ ਚਾਹੀਦੀ ਹੈ ਕਿ ਇਨ੍ਹਾਂ ਸਨਅਤਾਂ ਵਿੱਚ 80 ਫੀਸਦੀ ਪੰਜਾਬੀ ਮੂਲ ਦੇ ਕਾਮੇ ਕੰਮ ਕਰਨਗੇ ਅਤੇ ਬਾਕੀ 20 ਫੀਸਦੀ ਪਰਵਾਸੀ ਕਾਮਿਆਂ ਲਈ ਛੱਡੇ ਜਾ ਸਕਦੇ ਹਨ। ਇਸ ਦੇ ਨਾਲ ਹੀ ਵਾਤਾਵਰਣ ਦਾ ਪ੍ਰਦੂਸ਼ਣ ਕਰਨ ਵਾਲੀ ਕਿਸੇ ਵੀ ਸਨਅਤ ਨੂੰ ਪੰਜਾਬ ਵਿੱਚ ਨਹੀਂ ਲੱਗਣ ਦੇਣਾ ਚਾਹੀਦਾ। ਜੇ ਕੋਈ ਪਰਵਾਸੀ ਕਾਮਾ ਪੰਜਾਬ ਵਿੱਚ ਰਹਿਣ ਦਾ ਚਾਹਵਾਨ ਹੋਵੇ ਤਾਂ ਉਸ ਲਈ ਪੰਜਾਬੀ ਸੱਭਿਆਚਾਰ ਅਤੇ ਇਤਿਹਾਸ ਤੇ ਪੰਜਾਬੀ ਭਾਸ਼ਾ ਦੇ ਤਿੰਨ ਲਿਖਤੀ ਟੈਸਟ ਲਾਜ਼ਮੀ ਕੀਤੇ ਜਾਣ। ਤੈਅ ਕੀਤਾ ਜਾਵੇ ਕਿ 15 ਸਾਲ ਪੰਜਾਬ ਵਿੱਚ ਰਹਿਣ ਤੋਂ ਬਾਅਦ ਹੀ ਕੋਈ ਪਰਵਾਸੀ ਪੰਜਾਬ ਦਾ ਸ਼ਹਿਰੀ ਬਣ ਸਕੇ।

ਇਸ ਤੋਂ ਇਲਾਵਾ ਕ੍ਰਿਮੀਨਲ ਮਾਨਸਿਕਤਾ ਵਾਲੇ ਪਰਵਾਸੀਆਂ ਬਾਰੇ ਵਿਸ਼ੇਸ਼ ਜਾਂਚ ਪੜਤਾਲ ਕੀਤੀ ਜਾ ਸਕਦੀ ਹੈ। ਕਈ ਲੋਕ ਪੰਜਾਬ ਵਿੱਚ ਹੋਏ ਪਰਵਾਸ ਨੂੰ ਪੰਜਾਬੀਆਂ ਦੇ ਇੰਗਲੈਂਡ ਕੈਨੇਡਾ ਵੱਲ ਪਰਵਾਸ ਨਾਲ ਤੁਲਨਾ ਕਰਦੇ ਹਨ। ਇਹ ਮੁਲਕ ਪੂਰਾ ਛਾਨਣਾ ਲਾ ਕੇ ਕਿਸੇ ਵਿਅਕਤੀ ਨੂੰ ਆਪਣੇ ਮੁਲਕ ਦਾ ਬਾਸ਼ਿੰਦਾ ਬਣਾਉਂਦੇ ਹਨ। ਇਹ ਤੁਲਨਾ ਬੇਤੁਕੀ ਹੈ।


**Hiring Local & Midwest Drivers and Dedicated Lanes & Owner Operators**



NT corp
4800 Vernon Ave,
Ste. C,
McCook, IL 60525
Ph: 847-562-5860 ext. 1003
Fax: 847-897-2660

**Premium Truck & Trailer Tires**
We also provide installation services
ਅਸੀਂ ਇੰਸਟਾਲੇਸ਼ਨ ਸੇਵਾਵਾਂ ਵੀ ਪ੍ਰਦਾਨ ਕਰਦੇ ਹਾਂ



HT HAMPSHIRE TIRES
ਟਰੱਕਾਂ ਅਤੇ ਟਰਾਲਿਆਂ ਲਈ ਵਧੀਆ ਕਿਸਮ ਦੇ ਟਾਇਰ ਲੈਣ ਲਈ ਸੰਪਰਕ ਕਰੋ
*ਹੈਂਪਸ਼ਾਇਰ ਟਾਇਰਜ਼* *ਭਰੋਸੇਮੰਦ ਅਤੇ ਹੰਢਣਸਾਰ*
**Hampshire Tires**
235 Industrial Dr., Hampshire, IL 60140
Ph: 847-556-9996
Email: info@hampshiretires.com www.hampshiretires.com

# ਕੇਂਦਰ ਨੇ ਪੰਜਾਬ ਦੇ ਹੜ੍ਹਾਂ ਨੂੰ ਅੱਤਿ ਗੰਭੀਰ ਆਫਤ ਐਲਾਨਿਆ

## *ਪੰਜਾਬ ਸਰਕਾਰ ਜੂਝ ਰਹੀ ਫੰਡਾਂ ਦੀ ਕਮੀ ਨਾਲ

ਜਸਵੀਰ ਸਿੰਘ ਮਾਂਗਟ

ਹਿਮਾਚਲ ਅਤੇ ਪੰਜਾਬ ਦੇ ਕੁਝ ਜ਼ਿਲ੍ਹਿਆਂ ਵਿੱਚ ਪਛੜ ਕੇ ਪੈ ਰਹੇ ਸਤੰਬਰੇ ਮੀਂਹ ਕਾਰਨ ਹੜ੍ਹਾਂ ਦਾ ਖਤਰਾ ਹਾਲੇ ਵੀ ਬਣਿਆ ਹੋਇਆ ਹੈ; ਪਰ ਬਹੁਤੇ ਜ਼ਿਲ੍ਹਿਆਂ ਵਿੱਚ ਕਿਸਾਨਾਂ ਨੇ ਆਪਣੇ ਖੇਤਾਂ ਵਿੱਚੋਂ ਸਿਲਟ ਅਤੇ ਰੇਤਾ ਚੁੱਕਣ ਦਾ ਕੰਮ ਤੇਜ਼ੀ ਨਾਲ ਸ਼ੁਰੂ ਕਰ ਦਿੱਤਾ ਹੈ। ਇਸ ਕੰਮ ਲਈ ਕਿਸਾਨਾਂ ਨੂੰ ਭਾਈਚਾਰਕ ਮਦਦ ਵੱਡੀ ਪੱਧਰ 'ਤੇ ਮਿਲ ਰਹੀ ਹੈ। ਇਸ ਦੌਰਾਨ ਕੇਂਦਰ ਸਰਕਾਰ ਨੇ ਪੰਜਾਬ ਵਿੱਚ ਆਏ ਹੜ੍ਹਾਂ ਨੂੰ 'ਅੱਤਿ ਗੰਭੀਰ ਆਫਤ' ਕਿਹਾ ਹੈ। ਇਸ ਨਾਲ ਪੰਜਾਬ ਸਰਕਾਰ ਨੂੰ ਕੇਂਦਰ ਤੋਂ ਕੁਝ ਹੋਰ ਫੰਡ ਮਿਲਣ ਦੀ ਉਮੀਦ ਹੈ।

ਯਾਦ ਰਹੇ, ਪੰਜਾਬ ਸਰਕਾਰ ਪਹਿਲਾਂ ਹੀ ਖੇਤਾਂ ਵਿੱਚੋਂ ਰੇਤ ਅਤੇ ਸਿਲਟ ਚੁੱਕਵਾ ਕੇ ਇਨ੍ਹਾਂ ਨੂੰ ਹਾੜ੍ਹੀ ਦੀ ਫਸਲ ਬੀਜਣ ਦੇ ਯੋਗ ਬਣਾਉਣ ਲਈ ਕਿਸਾਨਾਂ ਦੀ ਮਦਦ ਕਰਨ ਦਾ ਐਲਾਨ ਕਰ ਚੁੱਕੀ ਹੈ। ਪੰਜਾਬ ਦੇ ਮੁੱਖ ਮੰਤਰੀ ਨੇ ਇਹ ਕਿਹਾ ਸੀ ਕਿ ਅੱਧ ਨਵੰਬਰ ਤੱਕ ਪੰਜਾਬ ਦੇ ਸਮੁੱਚੇ ਖੇਤਾਂ ਨੂੰ ਸਰਕਾਰ ਕਣਕ ਦੀ ਫਸਲ ਬੀਜਣ ਯੋਗ ਬਣਵਾਉਣ ਦਾ ਯਤਨ ਕਰੇਗੀ। ਹੜ੍ਹਾਂ ਦੇ ਮਸਲੇ 'ਤੇ ਵਿਚਾਰ ਚਰਚਾ ਲਈ ਪੰਜਾਬ ਸਰਕਾਰ ਨੇ 26 ਤੋਂ 29 ਸਤੰਬਰ ਤੱਕ ਪੰਜਾਬ ਅਸੈਂਬਲੀ ਦਾ ਇੱਕ ਵਿਸ਼ੇਸ਼ ਸੈਸ਼ਨ ਬੁਲਾ ਲਿਆ ਹੈ। ਸਪੀਕਰ ਵੱਲੋਂ 15 ਜੁਲਾਈ 2025 ਨੂੰ ਪੰਜਾਬ ਵਿਧਾਨ ਸਭਾ ਦਾ ਸੈਸ਼ਨ ਅਣਮਿੱਥੇ ਸਮੇਂ ਲਈ ਮੁਅੱਤਲ ਕਰ ਦਿੱਤਾ ਗਿਆ ਸੀ। ਕਿਹਾ ਜਾ ਰਿਹਾ ਹੈ ਕਿ ਇਸ ਸੈਸ਼ਨ ਵਿੱਚ ਹੜ੍ਹਾਂ ਦੇ ਮਾਮਲੇ ਨੂੰ ਲੈ ਕੇ ਕੁਝ ਨੇਮਾਂ ਅਤੇ ਕਾਨੂੰਨਾਂ ਵਿੱਚ ਸੋਧ ਕੀਤੇ ਜਾਣ ਦੀ ਵੀ ਸੰਭਾਵਨਾ ਹੈ।

ਪੰਜਾਬ ਵਿੱਚ 2300 ਪਿੰਡਾਂ ਦੀ 4 ਲੱਖ ਏਕੜ ਜ਼ਮੀਨ ਹੜ੍ਹਾਂ ਨਾਲ ਪ੍ਰਭਾਵਤ ਹੋਈ ਹੈ ਅਤੇ ਸਾਉਣੀ ਦੀ ਫਸਲ ਤਬਾਹ ਹੋ ਗਈ ਹੈ। ਪੰਜਾਬ ਸਰਕਾਰ ਨੇ ਇਸ ਖਰਾਬੇ ਲਈ 20,000 ਰੁਪਏ ਪ੍ਰਤੀ ਏਕੜ ਮੁਆਵਜ਼ਾ ਦੇਣ ਦਾ ਫੈਸਲਾ ਕੀਤਾ ਹੈ।

ਇਸ ਦੌਰਾਨ ਕੇਂਦਰ ਸਰਕਾਰ ਨੇ ਪੰਜਾਬ ਵਿੱਚ ਆਏ ਹੜ੍ਹਾਂ ਨੂੰ ਅਤੇ ਹਿਮਾਚਲ ਤੇ ਉੱਤਰਾਖੰਡ ਵਿੱਚ ਬਾਰਸ਼ਾਂ ਕਾਰਨ ਹੋਈ ਤਬਾਹੀ ਨੂੰ 'ਨੈਸ਼ਨਲ ਡਿਜ਼ਾਸਟਰ ਮੈਨਣ' ਦੀ ਥਾਂ 'ਅੱਤਿ ਗੰਭੀਰ ਆਫਤ' ਐਲਾਨਿਆ ਹੈ। ਇਸ ਨਾਲ ਸਰਕਾਰ ਨੈਸ਼ਨਲ ਡਿਜ਼ਾਸਟਰ ਸਕੀਮ ਤਹਿਤ ਦਿੱਤੀ ਜਾਣ ਵਾਲੀ ਵੱਡੀ ਵਿੱਤੀ ਰਾਹਤ ਤੋਂ ਆਪਣਾ ਬਚਾਅ ਕਰ ਗਈ ਹੈ। ਕਿਹਾ ਜਾ ਰਿਹਾ ਹੈ ਕਿ ਕੇਂਦਰ ਦੀ ਇੱਕ ਅੰਤਰ ਮੰਤਰਾਲਾ ਟੀਮ ਨੇ ਆਪਣੀ ਰਿਪੋਰਟ ਕੇਂਦਰ ਸਰਕਾਰ ਨੂੰ ਸੌਂਪ ਦਿੱਤੀ ਹੈ। ਕੇਂਦਰ ਸਰਕਾਰ ਵੱਲੋਂ ਪੰਜਾਬ ਵਿੱਚ ਆਏ ਹੜ੍ਹਾਂ ਨੂੰ ਅੱਤਿ ਗੰਭੀਰ ਐਲਾਨਣ ਮਗਰੋਂ ਪੰਜਾਬ ਸਰਕਾਰ ਨੇ ਪੋਸਟ 'ਡਿਜ਼ਾਸਟਰ ਨੀਡਜ਼ ਅਸੈਸਮੈਂਟ' ਦੇ ਤਹਿਤ ਇੱਕ ਰਿਪੋਰਟ ਤਿਆਰ ਕਰਨੀ ਸ਼ੁਰੂ ਕਰ ਦਿੱਤੀ ਹੈ, ਜਿਹੜੀ ਜਲਦੀ ਹੀ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਸੌਂਪੀ ਜਾਵੇਗੀ।

ਜ਼ਿਕਰਯੋਗ ਹੈ ਕਿ ਬੀਤੇ ਕੁਝ ਦਿਨਾਂ ਵਿੱਚ ਹਿਮਾਚਲ ਵਿੱਚ ਹੋਈਆਂ ਬਾਰਸ਼ਾਂ ਕਾਰਨ ਬੀ.ਬੀ.ਐਮ.ਬੀ. ਪੰਜਾਬ ਦੇ ਦਰਿਆਵਾਂ ਵਿੱਚ 75 ਹਜ਼ਾਰ ਕਿਊਸਿਕ ਹੋਰ ਪਾਣੀ ਛੱਡਣਾ ਚਾਹੁੰਦਾ ਸੀ, ਪਰ ਪੰਜਾਬ ਸਰਕਾਰ ਦੇ ਅਧਿਕਾਰੀਆਂ ਵੱਲੋਂ ਇਸ ਦਾ ਸਖਤ ਵਿਰੋਧ ਕੀਤਾ ਗਿਆ ਅਤੇ ਸਿਰਫ 5000 ਕਿਊਸਿਕ ਪਾਣੀ ਹੀ ਛੱਡਿਆ ਗਿਆ; ਜਦਕਿ 40 ਹਜ਼ਾਰ ਕਿਊਸਿਕ ਪਾਣੀ ਪਹਿਲਾਂ ਹੀ ਛੱਡਿਆ ਜਾ ਰਿਹਾ ਹੈ। ਇਸ ਤਰ੍ਹਾਂ ਭਾਖੜਾ ਡੈਮ ਵਿੱਚੋਂ ਹੁਣ 45 ਹਜ਼ਾਰ ਕਿਊਸਿਕ ਪਾਣੀ ਛੱਡਿਆ ਜਾ ਰਿਹਾ ਹੈ।



ਪੰਜਾਬ ਵਿੱਚ ਹੜ੍ਹਾਂ ਦਾ ਸਿਲਸਲਾ ਪਿਛਲੇ ਮਹੀਨੇ ਦੇ ਦੂਜੇ ਹਫਤੇ ਸ਼ੁਰੂ ਹੋਇਆ ਸੀ ਅਤੇ ਇਸ ਤਰ੍ਹਾਂ ਪਾਣੀ ਅਤੇ ਚਿੱਕੜ ਨਾਲ ਘੁਲਦਿਆਂ ਪ੍ਰਭਾਵਤ ਪਿੰਡਾਂ ਦੇ ਲੋਕਾਂ ਨੂੰ ਸਵਾ ਮਹੀਨੇ ਤੋਂ ਵੱਧ ਦਾ ਸਮਾਂ ਹੋ ਚੁੱਕਾ ਹੈ। ਹੜ੍ਹ ਆਉਣ ਤੋਂ ਬਾਅਦ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਨ੍ਹਾਂ ਤੋਂ ਪਹਿਲਾਂ ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਵੀ ਹੜ੍ਹ ਮਾਰੇ ਖੇਤਰਾਂ ਦਾ ਸਰਵੇਖਣ ਕਰ ਚੁੱਕੇ ਹਨ। ਇਸ ਤੋਂ ਇਲਾਵਾ ਕੇਂਦਰ ਵੱਲੋਂ ਬਣਾਈਆਂ ਗਈਆਂ ਦੋ ਉੱਚ ਪੱਧਰੀਆਂ ਕਮੇਟੀਆਂ ਵੀ ਪੰਜਾਬ ਵਿੱਚ ਹੜ੍ਹਾਂ ਦਾ ਦੌਰਾ ਕਰ ਚੁੱਕੀਆਂ ਹਨ। ਹੁਣ ਇਨ੍ਹੀਂ ਦਿਨੀਂ ਇੱਕ ਹੋਰ ਕਮੇਟੀ ਪੰਜਾਬ ਵਿੱਚ ਆਏ ਹੜ੍ਹਾਂ ਕਾਰਨ ਹੋਏ ਨੁਕਸਾਨ ਦਾ ਜਾਇਜ਼ਾ ਲੈ ਰਹੀ ਹੈ। ਸੋ, ਇਸ ਤਰ੍ਹਾਂ ਕੁੱਲ ਮਿਲਾ ਕੇ ਕੇਂਦਰ ਸਰਕਾਰ ਦੇ ਹਾਲੇ ਸਰਵੇਖਣ ਹੀ ਨਹੀਂ ਮੁੱਕੇ! ਪੰਜਾਬ ਸਰਕਾਰ ਕੇਂਦਰ ਤੋਂ ਵਧੀਕ ਰਾਹਤ ਮੰਗਣ ਦੀ ਬਜਾਏ ਪੰਜਾਬ ਦੇ ਲੋਕਾਂ ਤੋਂ ਹੀ ਰਾਹਤ ਫੰਡ ਇਕੱਠਾ ਕਰਨ ਦਾ ਯਤਨ ਕਰ ਰਹੀ ਹੈ। ਪੰਜਾਬ ਸਰਕਾਰ ਨੇ ਨਸ਼ਿਆਂ ਖਿਲਾਫ ਕੀਤੇ ਜਾ ਰਹੇ ਕਥਿਤ ਜਹਾਦ ਤੋਂ ਤਿਲਕਦਿਆਂ ਇੱਕ ਹੋਰ 'ਚੜ੍ਹਦੀ ਕਲਾ ਮਿਸ਼ਨ' ਸ਼ੁਰੂ ਕਰ ਲਿਆ ਹੈ। ਇਸ ਦੇ ਤਹਿਤ ਬਣਾਈ ਗਈ 'ਰੰਗਲਾ ਪੰਜਾਬ ਸੁਸਾਇਟੀ' ਵਿੱਚ ਮੁੱਖ ਮੰਤਰੀ ਨੇ ਪੰਜਾਬ ਦੇ ਧਨਾਡਾਂ ਅਤੇ ਪਰਵਾਸੀ ਪੰਜਾਬੀਆਂ ਨੂੰ ਦਾਨ ਦੇਣ ਦੀ ਅਪੀਲ ਕੀਤੀ ਹੈ। ਇਸ ਤੋਂ ਇਲਾਵਾ ਪੰਚਾਇਤਾਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਕੋਲੋਂ ਵੀ ਸਰਕਾਰ ਵੱਲੋਂ ਪੈਸਾ ਮੰਗਿਆ ਜਾ ਰਿਹਾ ਹੈ। ਪੰਜਾਬ ਸਰਕਾਰ ਨੇ ਉਨ੍ਹਾਂ ਪੰਚਾਇਤਾਂ ਤੋਂ 5 ਫੀਸਦੀ ਫੰਡ ਮੰਗੇ ਹਨ, ਜਿਨ੍ਹਾਂ ਦੀ ਜ਼ਮੀਨ ਕਿਸੇ ਨਾ ਕਿਸੇ ਪ੍ਰਾਜੈਕਟ ਲਈ ਐਕਵਾਇਰ ਕੀਤੀ ਗਈ ਹੈ; ਪਰ ਇਹ ਪੰਚਾਇਤਾਂ ਸਰਕਾਰ ਨੂੰ ਪੈਸੇ ਦੇਣ ਦੇ ਮਾਮਲੇ ਵਿੱਚ ਕਾਫੀ ਸਸ਼ੋਪੰਜ ਵਿੱਚ ਹਨ। ਹੁਣ ਤੱਕ ਕਰੀਬ 18 ਪੰਚਾਇਤ ਵੱਲੋਂ ਹੀ ਫੰਡ ਦਿੱਤੇ ਗਏ ਹਨ। ਸੂਬੇ ਦੀਆਂ 288 ਪੰਚਾਇਤਾਂ, ਜਿਨ੍ਹਾਂ ਦੀ ਜ਼ਮੀਨ ਐਕਵਾਇਰ ਕੀਤੀ ਗਈ ਹੈ, ਦੇ ਸਰਕਾਰ ਕੋਲ 619 ਕਰੋੜ ਰੁਪਏ ਪਏ ਹਨ। ਦਿਲਚਸਪ ਤੱਥ ਇਹ ਹੈ ਕਿ ਪੰਜਾਬ ਸਰਕਾਰ ਨੇ ਇਨ੍ਹਾਂ ਪੈਸਿਆਂ ਵਿੱਚੋਂ ਹੀ ਹੜ੍ਹਾਂ ਨਾਲ ਪ੍ਰਭਾਵਤ ਹੋਏ 2300 ਪਿੰਡਾਂ ਦੀ ਸਾਫ-ਸਫਾਈ ਲਈ 100 ਕਰੋੜ ਰੁਪਏ ਜਾਰੀ ਕਰਨ ਦਾ ਐਲਾਨਾ ਕਰ ਦਿੱਤਾ ਹੈ।

ਜ਼ਿਕਰਯੋਗ ਹੈ ਕਿ ਪ੍ਰਧਾਨ ਮੰਤਰੀ ਹੜ੍ਹ ਮਾਰੇ ਖੇਤਰਾਂ ਦੀ ਆਪਣੀ ਫੇਰੀ ਦੌਰਾਨ 1600 ਕਰੋੜ ਰੁਪਏ ਵਿਸ਼ੇਸ਼ ਸਹਾਇਤਾ ਦੇਣ ਦਾ ਐਲਾਨ ਕਰ ਗਏ ਸਨ, ਜਦਕਿ ਪੰਜਾਬ ਸਰਕਾਰ ਨੇ ਕੇਂਦਰ ਸਰਕਾਰ ਤੋਂ ਇਸ ਮਕਸਦ ਲਈ 20 ਹਜ਼ਾਰ ਕਰੋੜ ਰੁਪਏ ਦੀ ਮੰਗ ਕੀਤੀ ਸੀ; ਪਰ ਕੇਂਦਰ ਅਨੁਸਾਰ ਪੰਜਾਬ ਸਰਕਾਰ ਕੋਲ 12000 ਕਰੋੜ ਰੁਪਏ ਪਹਿਲਾਂ ਹੀ ਪਏ ਹਨ। ਜਦਕਿ ਅਸਲੀਅਤ ਇਹ ਹੈ ਕਿ ਪੰਜਾਬ ਸਰਕਾਰ ਇਹ ਪੈਸਾ ਹੋਰ ਕੰਮਾਂ-ਕਾਰਾਂ ਵਿੱਚ ਖਰਚ ਚੁੱਕੀ ਹੈ। ਉਂਝ ਜੇ ਪੰਜਾਬ ਦੇ ਹੜ੍ਹ ਮਾਰੇ ਸਮੁੱਚੇ ਖਿੱਤੇ ਨੂੰ ਪੈਰਾਂ ਸਿਰ ਕਰਨਾ ਹੋਵੇ ਤਾਂ ਇਸ ਤੋਂ ਕਿਤੇ ਜ਼ਿਆਦਾ ਪੈਸੇ ਦੀ ਜ਼ਰੂਰਤ ਪਏਗੀ। ਫਿਰ ਵੀ ਇਸ ਗੱਲ ਦੀ ਸਾਰੀ ਦੁਨੀਆਂ ਵਿੱਚ ਚਰਚਾ ਹੋ ਰਹੀ ਹੈ ਕਿ ਪੰਜਾਬ ਦੇ ਆਮ ਲੋਕਾਂ ਨੇ ਜਿਸ ਹੌਸਲੇ ਨਾਲ ਇੱਕ ਦੂਜੇ ਦੀ ਮਦਦ ਕੀਤੀ, ਉਹ ਲਾਮਿਸਾਲ ਹੈ। ਬਾਕੀ ਦੇਸ਼ ਦੇ ਮੁਕਾਬਲੇ ਪੰਜਾਬ ਦੇ ਵਧੇਰੇ ਉਤਸ਼ਾਹੀ ਹੋਣ ਅਤੇ ਦਇਆ-ਦਾਨ ਵਿੱਚ ਯਕੀਨ ਰੱਖਣ ਵਾਲਾ ਖਿੱਤਾ ਹੋਣ ਵਜੋਂ ਸਿੱਖ ਸੰਸਥਾਵਾਂ ਅਤੇ ਸਿੱਖ ਫਲਸਫੇ ਦੀ ਉਘੜਵੀਂ ਭੂਮਿਕਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਸੁਣਨ ਵਿੱਚ ਆਇਆ ਹੈ ਕਿ ਹਾਲ ਹੀ ਵਿੱਚ ਬਾਰਸ਼ਾਂ ਦੌਰਾਨ ਆਈਆਂ ਆਫਤਾਂ ਮੌਕੇ ਹਿਮਾਚਲ ਵਿੱਚ ਪੀਣ ਵਾਲੇ ਪਾਣੀ ਦੀ ਬੋਤਲ 500 ਰੁਪਏ ਤੱਕ ਵਿਕੀ; ਜਦਕਿ ਪੰਜਾਬ ਦੇ ਹੜ੍ਹ ਮਾਰੇ ਖੇਤਰਾਂ ਵਿੱਚ ਪੀਣ ਵਾਲੇ ਪਾਣੀ ਦੀਆਂ ਬੋਤਲਾਂ ਸਮੇਤ ਰਾਸ਼ਣ ਦੇ ਢੇਰ ਲੱਗ ਗਏ ਅਤੇ ਲੋਕਾਂ ਨੂੰ ਇਸ ਪੱਖੋਂ ਰੋਕਣ ਵਾਸਤੇ ਅਪੀਲਾਂ ਕੀਤੀਆਂ ਗਈਆਂ। ਸਾਰੀ ਦੁਨੀਆਂ ਨੇ ਵੇਖਿਆ ਕਿ ਰਾਜ ਤੋਂ ਵਿਹੂਣੀ ਇੱਕ ਛੋਟੀ ਜਿਹੀ ਕੌਮ ਕਿਵੇਂ ਆਫਤਾਂ ਦੇ ਸਮੇਂ ਖੁਦ ਆਪਣੇ ਆਪ ਨੂੰ ਸਾਂਭਣ ਦੇ ਸਮਰੱਥ ਹੈ।

ਪੰਜਾਬ ਦੇ ਪੀ.ਡਬਲਿਊ.ਡੀ. ਮਹਿਕਮੇ ਵਿੱਚੋਂ ਐਕਸੀਅਨ ਵਜੋਂ ਰਿਟਾਇਰ ਹੋਏ ਜਰਨੈਲ ਸਿੰਘ ਨੇ ਹੜ੍ਹਾਂ ਬਾਰੇ ਹੋਏ ਨੁਕਸਾਨ ਦੀ ਗੱਲ ਕਰਦਿਆਂ ਕਿਹਾ ਕਿ ਭਾਵੇਂ ਪੰਜਾਬ ਵਿੱਚ ਸੌਣੀ ਦੀ ਫਸਲ ਦਾ ਵੱਡੀ ਪੱਧਰ 'ਤੇ ਨੁਕਸਾਨ ਹੋ ਗਿਆ, ਪਰ ਫਿਰ ਵੀ ਇਹ ਲੋਕ ਇਸ ਆਫਤ ਦੀ ਮਾਰ ਵਿੱਚੋਂ ਜਲਦੀ ਨਿਕਲ ਆਉਣਗੇ ਅਤੇ ਹਾੜ੍ਹੀ ਦੀ ਫਸਲ ਬੀਜਣ ਦੇ ਯੋਗ ਹੋ ਜਾਣਗੇ। ਉਨ੍ਹਾਂ ਕਿਹਾ ਕਿ ਪੇਂਡੂ ਲਿੰਕ ਸੜਕਾਂ ਨੂੰ ਹੋਏ ਨੁਕਸਾਨ ਨੂੰ ਪੂਰਨ ਲਈ ਅਤੇ ਇਨ੍ਹਾਂ ਨੂੰ ਮੁੜ ਬਣਾਉਣ ਲਈ ਕਾਫੀ ਸਮਾਂ ਲੱਗ ਸਕਦਾ ਹੈ, ਕਿਉਂਕਿ ਸਰਕਾਰ ਦੀ ਵਿੱਤੀ ਹਾਲਤ ਬਹੁਤੀ ਚੰਗੀ ਨਹੀਂ ਹੈ। ਪੰਜਾਬ ਵਿੱਚ ਹੜ੍ਹਾਂ ਦਾ ਮਾਮਲਾ ਸਿਰਫ ਰਾਹਤ ਅਤੇ ਮੁਆਵਜ਼ੇ ਵਜੋਂ ਵੇਖਣਾ ਵੀ ਇਕ ਕਿਸਮ ਦਾ ਜੁਰਮ ਹੀ ਹੈ। ਇਸ ਨੂੰ ਇਸ ਤੋਂ ਅਗਾਂਹ ਜਾ ਕੇ ਡੈਮਾਂ ਦੀ ਮੈਨੇਜਮੈਂਟ ਦਾ ਕੰਟਰੋਲ ਆਪਣੇ ਹੱਥ ਲੈਣ, ਸੜਕਾਂ ਅਤੇ ਰੇਲਵੇ ਲਾਈਨਾਂ ਕਾਰਨ ਪਾਣੀ ਦੇ ਕੁਦਰਤੀ ਵਹਿਣ ਵਿੱਚ ਪੈਣ ਵਾਲੇ ਅੜਿੱਕਿਆਂ ਦਾ ਮਾਮਲਾ ਵੀ ਹੈ। ਪੰਜਾਬ ਦੇ ਪੇਂਡੂ ਖੇਤਰ ਅਤੇ ਕਿਸਾਨੀ ਦੇ ਬਚਾਅ ਲਈ ਅਜਿਹਾ ਕੀਤਾ ਜਾਣਾ ਅੱਤਿ ਲੋੜੀਂਦਾ ਹੈ।

ਜਾਣਕਾਰੀ

# ਹੜ੍ਹਾਂ ਦੀ ਮਾਰ: ਧੁੱਸੀ ਬੰਨ੍ਹਾਂ ਦੀ ਪੁਕਾਰ

ਤਰਲੋਚਨ ਸਿੰਘ ਭੱਟੀ
ਸਾਬਕਾ ਪੀ.ਸੀ.ਐਸ. ਅਧਿਕਾਰੀ
ਫੋਨ:91-9876502607



ਮੌਨਸੂਨ ਸੀਜ਼ਨ 2025 ਦੌਰਾਨ ਪੰਜਾਬ ਵਿੱਚ ਆਏ ਭਿਆਨਕ ਹੜ੍ਹਾਂ ਨੇ ਪੰਜਾਬ ਦੇ ਲੋਕਾਂ ਅਤੇ ਸਮੇਂ ਦੀਆਂ ਸਰਕਾਰਾਂ ਸਾਹਮਣੇ ਅਣਗਿਣਤ ਚੁਣੌਤੀਆਂ ਨੂੰ ਉਜਾਗਰ ਕੀਤਾ ਹੈ। ਪੰਜਾਬ ਵਿੱਚ ਕਦੇ ਸੱਤ ਦਰਿਆ, ਕਦੇ ਪੰਜ ਦਰਿਆਂ ਅਤੇ ਹੁਣ ਚਾਰ ਦਰਿਆ- ਰਾਵੀ, ਬਿਆਸ, ਸਤਲੁਜ ਅਤੇ ਘੱਗਰ ਵਗਦੇ ਹਨ। ਹੜ੍ਹਾਂ ਨੂੰ ਰੋਕਣ ਲਈ ਇਨ੍ਹਾਂ ਦਰਿਆਵਾਂ ਦੇ ਕੰਢਿਆਂ ਨੂੰ ਮਜਬੂਤ ਕਰਨ ਲਈ 1950 ਅਤੇ 1960 ਦੇ ਦਹਾਕਿਆ ਦੌਰਾਨ ਦਰਿਆਵਾਂ ਦੇ ਨਾਲ ਨਾਲ ਧੁੱਸੀ ਬੰਨ੍ਹਾਂ ਦਾ ਨਿਰਮਾਣ ਕੀਤਾ ਗਿਆ, ਜੋ ਲਗਭਗ 1365 ਕਿਲੋਮੀਟਰ ਹੈ। ਦਰਿਆਵਾਂ ਤੋਂ ਇਲਾਵਾ ਮੌਸਮੀ ਨਦੀਆਂ, ਨਾਲਿਆਂ ਅਤੇ ਚੋਆਂ ਦੇ ਨਾਲ ਨਾਲ ਬੰਨ੍ਹ ਬਣਾਏ ਗਏ ਹਨ, ਜੋ ਲਗਭਗ 300 ਕਿਲੋਮੀਟਰ ਹਨ। ਇਹ ਬੰਨ੍ਹ ਮਿੱਟੀ ਦੇ ਬਣਾਏ ਗਏ ਹਨ, ਜੋ ਹੜ੍ਹਾਂ ਨੂੰ ਰੋਕਣ ਦੇ ਨਾਲ ਨਾਲ ਪਬਲਿਕ ਵੱਲੋਂ ਆਵਾਜਾਈ ਲਈ ਵਰਤੇ ਜਾਂਦੇ ਹਨ। ਆਮ ਤੌਰ 'ਤੇ ਇਨ੍ਹਾਂ ਬੰਨ੍ਹਾਂ ਦੀ ਔਸਤਨ ਉਚਾਈ 5 ਤੋਂ 10 ਫੁੱਟ ਅਤੇ ਚੌੜਾਈ 10 ਤੋਂ 15 ਫੁੱਟ ਹੈ। ਪੰਜਾਬ ਦੇ ਨਾਲ ਨਾਲ ਧੁੱਸੀ ਬੰਨ੍ਹਾਂ ਨੇ ਵੀ 1958, 1978, 1988, 1993, 2008, 2019, 2023 ਅਤੇ ਹੁਣ 2025 ਵਿੱਚ ਭਿਆਨਕ ਹੜ੍ਹਾਂ ਦੀ ਮਾਰ ਝੱਲੀ ਹੈ। ਮੌਜੂਦਾ ਹੜ੍ਹਾਂ ਦੌਰਾਨ ਪੰਜਾਬ ਵਿੱਚ 70-80 ਥਾਵਾਂ 'ਤੇ ਧੁੱਸੀ ਬੰਨ੍ਹ ਟੁੱਟੇ ਹਨ।

ਹਰੇਕ ਸਾਲ ਮੌਨਸੂਨ ਸ਼ੁਰੂ ਹੋਣ ਤੋਂ ਪਹਿਲਾਂ ਹੜ੍ਹਾਂ ਦੀ ਤਿਆਰੀ ਅਤੇ ਰੋਕਥਾਮ ਦੇ ਮੱਦੇਨਜ਼ਰ ਧੁੱਸੀ ਬੰਨ੍ਹਾਂ ਦੀ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪੜਤਾਲ ਕੀਤੀ ਜਾਂਦੀ ਹੈ। ਚਰਚਾ ਹੈ ਕਿ ਧੁੱਸੀ ਬੰਨ੍ਹ ਬਹੁਤ ਪੁਰਾਣੇ ਹੋ ਚੁੱਕੇ ਹਨ ਅਤੇ ਖਸਤਾ ਹਾਲਤ ਵਿੱਚ ਹਨ। ਬਹੁਤ ਸਾਰੇ ਧੁੱਸੀ ਬੰਨ੍ਹਾਂ ਉਤੇ ਲੋਕਾਂ ਨੇ ਨਾਜਾਇਜ ਉਸਾਰੀਆਂ ਕੀਤੀਆਂ ਹੋਈਆਂ ਹਨ, ਧੁੱਸੀ ਬੰਨ੍ਹਾਂ ਦੇ ਆਰ-ਪਾਰ ਜਾਣ ਲਈ ਲੋਕਾਂ ਨੇ ਆਪਣੀ ਮਰਜ਼ੀ ਅਤੇ ਸਹੂਲਤ ਅਨੁਸਾਰ ਬੰਨ੍ਹਾਂ ਦੀ ਉਚਾਈ ਅਤੇ ਚੌੜਾਈ ਨਾਲ ਛੇੜਛਾੜ ਕੀਤੀ ਹੋਈ ਹੈ। ਮਾਹਰਾਂ ਦੀ ਰਾਏ ਹੈ ਕਿ ਹੜ੍ਹਾਂ ਤੋਂ ਸੁਰੱਖਿਅਤ ਹੋਣ ਲਈ ਧੁੱਸੀ ਬੰਨ੍ਹਾਂ ਦੀ ਉਚਾਈ 10 ਤੋਂ 15 ਫੁੱਟ ਅਤੇ ਚੌੜਾਈ 15 ਤੋਂ 20 ਫੁੱਟ ਲਾਜ਼ਮੀ ਹੈ। ਬੰਨ੍ਹਾਂ ਦੀ ਮਜਬੂਤੀ ਲਈ ਮਿੱਟੀ ਦੇ ਨਾਲ ਨਾਲ ਕੰਨਕਰੀਟ ਦੀ ਵਰਤੋਂ ਵਧੇਰੇ ਹੋਣੀ ਚਾਹੀਦੀ ਹੈ। ਇਸਦੇ ਨਾਲ ਹੀ ਪੰਜਾਬ ਵਿੱਚ ਡਰੇਨਾਂ ਅਤੇ ਨਹਿਰਾਂ ਜਿਨ੍ਹਾਂ ਦੀ ਲੰਬਾਈ ਲਗਭਗ 8136 ਕਿਲੋਮੀਟਰ ਹੈ, ਦੇ ਨਾਲ ਨਾਲ ਬੰਨ੍ਹਾਂ ਨੂੰ ਵੀ ਮਜਬੂਤ ਕਰਨ ਦੀ ਲੋੜ ਹੈ।


ਪਬਲਿਕ ਡੋਮੇਨ ਵਿੱਚ ਉਪਲਬਧ ਅੰਕੜਿਆਂ ਅਨੁਸਾਰ ਸਾਲ 2022 ਵਿੱਚ ਡਰੇਨਾਂ ਦੀ ਸਫ਼ਾਈ ਉਤੇ 34 ਕਰੋੜ ਰੁਪਏ ਅਤੇ ਹੜ੍ਹ ਸੁਰੱਖਿਆ ਕਾਰਜਾਂ ਉਤੇ ਪੰਜਾਬ ਸਰਕਾਰ ਵੱਲੋਂ 48.32 ਕਰੋੜ ਰੁਪਏ ਖਰਚ ਕੀਤੇ ਗਏ। ਧੁੱਸੀ ਬੰਨ੍ਹਾਂ, ਨਹਿਰਾਂ ਅਤੇ ਡਰੇਨਾਂ ਦੇ ਦੋਹਾਂ ਪਾਸਿਆਂ ਦੇ ਬੰਨ੍ਹਾਂ ਨੂੰ ਮਜਬੂਤ ਕਰਨ ਦੇ ਨਾਲ ਨਾਲ ਦਰਿਆਵਾਂ, ਨਦੀਆਂ ਅਤੇ ਨਾਲਿਆਂ ਦੇ ਪੁਲਾਂ ਦੇ ਹੇਠਾਂ ਅਤੇ ਆਲੇ-ਦੁਆਲੇ ਦੇ ਦਰਿਆਈ ਖੇਤਰ ਜਲ-ਮਾਰਗਾਂ ਦੀ ਸਫ਼ਾਈ ਅਤੇ ਗਾਰ ਕੱਢਣੀ ਵੀ ਜ਼ਰੂਰੀ ਹੈ। ਪੰਜਾਬ ਸਰਕਾਰ ਵੱਲੋਂ ਹੜ੍ਹਾਂ ਦੇ ਮੱਦੇਨਜ਼ਰ ਚੈਕ ਡੈਮਾਂ ਦੇ ਨਿਰਮਾਣ ਲਈ ਲਗਭਗ 485 ਥਾਵਾਂ ਦੀ ਪਛਾਣ ਕੀਤੀ ਗਈ ਅਤੇ ਲਗਭਗ 151 ਪਹਿਲੇ ਬਣੇ ਚੈਕ ਡੈਮਾਂ ਦਾ ਰਖ-ਰਖਾਅ ਕੀਤਾ ਜਾ ਰਿਹਾ ਹੈ। ਧੁੱਸੀ ਬੰਨ੍ਹਾਂ ਨੂੰ ਮਜਬੂਤ ਅਤੇ ਸੁਰੱਖਿਅਤ ਕਰਨ ਦਾ ਮੁੱਖ ਮਕਸਦ ਹੈ, ਦਰਿਆਵਾਂ ਦੇ ਓਵਰਫਲੋਅ ਦੇ ਪ੍ਰਭਾਵ ਨੂੰ ਘਟਾਉਣਾ ਅਤੇ ਹੜ੍ਹਾਂ ਨੂੰ ਰੋਕਣਾ। ਦਰਿਆਵਾਂ ਵਿੱਚੋਂ ਗਾਰ ਕੱਢਣ ਲਈ ਪੰਜਾਬ ਸਰਕਾਰ ਵੱਲੋਂ ਖਾਕਾ ਉਲੀਕਿਆ ਗਿਆ ਹੈ, ਲਗਭਗ 48 ਥਾਵਾਂ ਤੋਂ ਗਾਰ ਕੱਢੀ ਜਾਣੀ ਹੈ ਅਤੇ ਦਰਿਆਵਾਂ ਵਿੱਚ ਬਣੇ ਜੰਗਲਾਂ ਦੀ ਕਟਾਈ ਵੀ ਕੀਤੀ ਜਾਵੇਗੀ।

ਪੰਜਾਬ ਵਿੱਚ ਦਰਿਆਵਾਂ ਦੇ ਨਾਲ ਨਾਲ ਬਣੇ ਧੁਸੀ ਬੰਨ੍ਹ ਮੁੱਖ ਤੌਰ 'ਤੇ ਨਦੀਆਂ ਦੇ ਕਿਨਾਰਿਆਂ ਨੂੰ ਹੜ੍ਹਾਂ ਤੋਂ ਬਚਾਉਣ ਅਤੇ ਸਿੰਚਾਈ ਪ੍ਰਣਾਲੀਆਂ ਨੂੰ ਸੰਭਾਲਣ ਲਈ ਵਰਤਿਆਂ ਜਾਂਦਾ ਹੈ। ਧੁੱਸੀ ਬੰਨ੍ਹਾਂ ਦੀ ਸੰਭਾਲ ਅਤੇ ਮਜਬੂਤੀ ਪੰਜਾਬ ਸਰਕਾਰ ਦੇ ਸਿੰਚਾਈ ਵਿਭਾਗ ਦੇ ਡਰੇਨੇਜ ਵਿੰਗ ਦੇ ਜ਼ਿੰਮੇ ਹੈ, ਜੋ ਹਰ ਸਾਲ ਧੁੱਸੀ ਬੰਨ੍ਹਾਂ ਦੀ ਸਬੰਧਤ ਡਿਪਟੀ ਕਮਿਸ਼ਨਰ ਦੀ ਅਗਵਾਈ ਹੇਠ ਪੜਤਾਲ ਕਰਦਾ ਹੈ। ਆਫ਼ਤ ਪ੍ਰਬੰਧਨ ਐਕਟ 2005 ਦੇ ਸੈਕਸ਼ਨ 32 ਅਨੁਸਾਰ ਭਾਰਤ ਸਰਕਾਰ ਅਤੇ ਰਾਜ ਸਰਕਾਰ ਦਾ ਹਰੇਕ ਵਿਭਾਗ/ਦਫ਼ਤਰ ਜੋ ਰਾਜ ਦੇ ਕਿਸੇ ਜ਼ਿਲ੍ਹੇ ਵਿੱਚ ਆਫ਼ਤ ਪ੍ਰਬੰਧਨ ਅਧੀਨ ਬਚਾਅ ਅਤੇ ਰਾਹਤ ਕਾਰਜਾਂ ਵਿੱਚ ਲਗਾ ਹੋਇਆ ਹੈ, ਜ਼ਿਲ੍ਹਾ ਆਫ਼ਤ ਪ੍ਰਬੰਧਨ ਅਥਾਰਿਟੀ ਦੀ ਨਿਗਰਾਨੀ ਹੇਠ ਹੋਵੇਗਾ। ਸੈਕਸ਼ਨ 30 ਰਾਹੀਂ ਜ਼ਿਲ੍ਹਾ ਆਫ਼ਤ ਪ੍ਰਬੰਧਨ ਅਥਾਰਿਟੀ ਦੇ ਅਧਿਕਾਰ ਅਤੇ ਕਾਰਗੁਜ਼ਾਰੀ ਨੂੰ ਪ੍ਰਭਾਸ਼ਿਤ ਕੀਤਾ ਹੈ। ਡਿਪਟੀ ਕਮਿਸ਼ਨਰ/ਜ਼ਿਲ੍ਹਾ ਆਫ਼ਤ ਪ੍ਰਬੰਧਨ ਅਥਾਰਿਟੀ ਬਚਾਅ ਅਤੇ ਰਾਹਤ ਕਾਰਜਾਂ ਵਿੱਚ ਲੱਗੇ ਵਾਲੰਟੀਅਰਾਂ ਅਤੇ ਗੈਰ-ਸਰਕਾਰੀ ਸੰਸਥਾਵਾਂ ਦੀ ਭਾਗੀਦਾਰੀ ਨੂੰ ਉਤਸ਼ਾਹਿਤ ਕਰੇਗਾ। ਸੰਸਥਾਵਾਂ ਵੱਲੋਂ ਚਲਾਏ ਜਾ ਰਹੇ ਉਸਾਰੀ ਮੁਰੰਮਤ ਦੇ ਕਾਰਜਾਂ ਵਿੱਚ ਤਾਲਮੇਲ ਅਤੇ ਤਕਨੀਕੀ ਸਲਾਹ ਵੀ ਦੇਵੇਗਾ। ਸੈਕਸ਼ਨ 34 ਅਧੀਨ ਡਿਪਟੀ ਕਮਿਸ਼ਨਰ/ਜ਼ਿਲ੍ਹਾ ਆਫ਼ਤ ਪ੍ਰਬੰਧਨ ਅਥਾਰਿਟੀ ਯਕੀਨੀ ਬਣਾਵੇਗਾ ਕਿ ਉਸਾਰੀ, ਮੁਰੰਮਤ ਅਤੇ ਰਾਹਤ ਕਾਰਜਾਂ ਵਿੱਚ ਲੱਗੀਆਂ ਸੰਸਥਾਵਾਂ ਰਾਸ਼ਟਰੀ ਆਫ਼ਤ ਪ੍ਰਬੰਧਨ ਅਥਾਰਿਟੀ ਅਤੇ ਰਾਜ ਆਫ਼ਤ ਪ੍ਰਬੰਧਨ ਅਥਾਰਿਟੀ ਵੱਲੋਂ ਸਮੇਂ ਸਮੇਂ ਜਾਰੀ ਹਦਾਇਤਾਂ ਅਨੁਸਾਰ ਬਿਨਾਂ ਵਿਤਕਰੇ ਕੰਮ ਕਰਨਗੇ।


'ਕਾਰਸੇਵਾ' ਸ਼ਬਦ ਕਿਸੇ ਕਾਰਜ ਨੂੰ ਸ਼ਰਧਾ ਨਾਲ ਪੂਰਾ ਕਰਕੇ ਭਾਈਚਾਰਾ ਅਤੇ ਧਾਰਮਿਕ ਸਦਭਾਵਨਾ ਪੈਦਾ ਕਰਨ ਦਾ ਪ੍ਰਤੀਕ ਹੈ। ਸਿੱਖ ਧਰਮ ਵਿੱਚ ਸੇਵਾ ਨੂੰ ਵਿਸ਼ੇਸ਼ ਤੌਰ 'ਤੇ ਉੱਚ ਸਤਿਕਾਰ ਦਿੱਤਾ ਗਿਆ ਹੈ। 'ਕਾਰਸੇਵਾ' ਵਿੱਚ ਸੰਗਤ ਦੀ ਅਥਾਹ ਸ਼ਕਤੀ ਹੈ। ਸਮੇਂ ਸਮੇਂ ਗੁਰੂ ਸਾਹਿਬਾਂ ਨੇ ਆਪਣੇ ਸਿੱਖਾਂ ਤੋਂ ਗੁਰਧਾਮਾਂ ਦੀ 'ਕਾਰਸੇਵਾ' ਦੀ ਉਸਾਰੀ ਕਰਵਾਈ। 'ਕਾਰਸੇਵਾ' ਦਾ ਕੋਈ ਸੀਮਤ ਖੇਤਰ ਨਹੀਂ ਹੈ, ਸਗੋਂ ਮਹਾਪੁਰਖਾਂ ਨੇ ਵਿਸ਼ਵ ਪੱਧਰ 'ਤੇ ਮਨੁੱਖਤਾ ਨੂੰ ਦਰਪੇਸ਼ ਕਿਸੇ ਵੀ ਕੁਦਰਤੀ ਆਫ਼ਤ ਦੇ ਸਮੇਂ 'ਕਾਰਸੇਵਾ' ਰਾਹੀਂ ਵੱਡਾ ਯੋਗਦਾਨ ਪਾਇਆ ਹੈ। ਪੰਜਾਬ ਵਿੱਚ ਜਲ-ਸਰੋਤਾਂ ਅਤੇ ਵਾਤਾਵਰਣ ਦੀ ਸੰਭਾਲ ਲਈ ਬਾਬਾ ਬਲਬੀਰ ਸਿੰਘ ਸੀਚੇਵਾਲ ਵੱਲੋਂ ਪੱਵਿਤਰ ਵੇਈਂ ਦੀ 'ਕਾਰਸੇਵਾ' ਅਤੇ ਬਾਬਾ ਸੇਵਾ ਸਿੰਘ ਖਡੂਰ ਸਾਹਿਬ ਵੱਲੋਂ ਸੜਕਾਂ ਉਤੇ ਦਰਖਤ ਲਗਾਉਣ ਦੀ 'ਕਾਰਸੇਵਾ' ਸ਼ੁਰੂ ਕਰਕੇ 550 ਕਿਲੋਮੀਟਰ ਅਤੇ 500 ਪਿੰਡਾਂ ਨੂੰ ਕਵਰ ਕੀਤਾ ਹੈ। ਵਾਤਾਵਰਣ ਸੁਰੱਖਿਆ 'ਕਾਰਸੇਵਾ' ਗਰੁੱਪ ਵਲੋਂ ਇਤਿਹਾਸਕ ਗੁਰਦੁਆਰਿਆਂ ਨੂੰ ਜੋੜਨ ਵਾਲੀਆਂ ਸੜਕਾਂ ਨੂੰ 'ਕਾਰਸੇਵਾ' ਰਾਹੀਂ ਮੁਕੰਮਲ ਕੀਤਾ ਗਿਆ ਹੈ। ਜ਼ਰੂਰਤ ਹੈ ਕਿ ਹੜ੍ਹਾਂ ਦੀ ਮਾਰ ਕਾਰਨ ਖਰਾਬ ਹੋਏ ਧੁੱਸੀ ਬੰਨ੍ਹਾਂ ਅਤੇ ਡਰੇਨਾਂ ਦੇ ਬੰਨ੍ਹਾਂ ਨੂੰ 'ਕਾਰਸੇਵਾ' ਰਾਹੀਂ ਮੁਕੰਮਲ ਕੀਤਾ ਜਾਵੇ।

ਜ਼ਿਕਰਯੋਗ ਹੈ ਕਿ ਪੰਜਾਬ ਵਿੱਚ 8000 ਤੋਂ ਵਧੇਰੇ ਡੇਰੇ ਹਨ, ਜੋ ਵੱਖ ਵੱਖ ਧਰਮਾਂ ਅਤੇ ਸੰਪਰਦਾਵਾਂ ਨਾਲ ਸਬੰਧਤ ਹਨ, ਇਨ੍ਹਾਂ ਵਿੱਚੋਂ ਲਗਭਗ 3000 ਡੇਰੇ ਕਾਰਜਸ਼ੀਲ ਹਨ ਅਤੇ 20-25 ਡੇਰੇ ਐਸੇ ਹਨ, ਜਿਨ੍ਹਾਂ ਦੇ ਪੈਰੋਕਾਰਾਂ ਦੀ ਗਿਣਤੀ ਲੱਖਾਂ ਵਿੱਚ ਹੈ, ਇਸ ਤੋਂ ਇਲਾਵਾ ਲਗਭਗ 20,000 ਹਜ਼ਾਰ ਦੇ ਕਰੀਬ ਛੋਟੇ-ਵੱਡੇ ਗੁਰਦੁਆਰੇ ਹਨ। ਜੇਕਰ ਨਹਿਰੂ ਯੁਵਾ ਕੇਂਦਰ ਸੰਗਠਨ (ਯੁਵਾ ਮਾਮਲੇ ਅਤੇ ਖੇਡਾਂ ਮੰਤਰਾਲਾ, ਭਾਰਤ ਸਰਕਾਰ) ਦੀ ਗੱਲ ਕੀਤੀ ਜਾਵੇ ਤਾਂ ਭਾਰਤ ਵਿੱਚ 3,02,743 ਯੂਥ ਕਲੱਬਾਂ ਅਤੇ 86,51,124 ਯੂਥ ਕਲੱਬ ਮੈਂਬਰ ਹਨ। ਪੰਜਾਬ ਰਾਜ ਵਿੱਚ 9208 ਯੂਥ ਕਲੱਬਾਂ ਅਤੇ 2,24,845 ਯੂਥ ਕਲੱਬ ਮੈਂਬਰ ਹਨ। ਪੰਜਾਬ ਵਿੱਚ ਸਮੇਂ ਸਮੇਂ ਆਉਂਦੇ ਹੜ੍ਹਾਂ ਨੇ ਦਰਿਆਵਾਂ ਨਾਲ ਲੱਗਦੇ ਧੁੱਸੀ ਬੰਨ੍ਹਾਂ ਅਤੇ ਮੌਸਮੀ ਨਦੀ, ਨਾਲਿਆਂ ਅਤੇ ਨਹਿਰਾਂ ਨਾਲ ਬਣੇ ਬੰਨ੍ਹਾਂ ਨੂੰ ਕਮਜ਼ੋਰ ਕੀਤਾ ਹੈ, ਜਿਨ੍ਹਾਂ ਨੂੰ ਪੱਕੇ ਤੌਰ 'ਤੇ ਮੁਰੰਮਤ ਕਰਨ ਦੀ ਲੋੜ ਹੈ, ਇਹ ਕੰਮ 'ਕਾਰਸੇਵਾ' ਰਾਹੀਂ ਵਧੇਰੇ ਸਫ਼ਲਤਾ ਨਾਲ ਸਿਰੇ ਚੜ੍ਹ ਸਕਦਾ ਹੈ। ਜ਼ਰੂਰਤ ਹੈ ਕਿ ਪੰਜਾਬ ਸਰਕਾਰ ਅਤੇ ਸਬੰਧਤ ਡਿਪਟੀ ਕਮਿਸ਼ਨਰ ਪੰਜਾਬ ਵਿੱਚ ਸਥਿਤ ਡੇਰਿਆਂ ਦੇ ਮੁੱਖੀਆਂ, ਗੁਰਦੁਆਰਿਆਂ ਦੇ ਪ੍ਰਬੰਧਕਾਂ ਅਤੇ ਯੂਥ ਕਲੱਬਾਂ ਨੂੰ ਧੁੱਸੀ ਬੰਨ੍ਹਾਂ ਦੀ ਮੁਰੰਮਤ ਲਈ 'ਕਾਰਸੇਵਾ' ਵਿੱਚ ਸ਼ਾਮਲ ਹੋਣ ਲਈ ਪ੍ਰੇਰਿਤ ਕਰਨ। ਸਮਾਂ ਮੰਗ ਕਰਦਾ ਹੈ ਕਿ ਧੁੱਸੀ ਬੰਨ੍ਹਾਂ ਦੀ ਪੁਕਾਰ ਨੂੰ ਸੁਣਿਆ ਜਾਵੇ।

# ਦੇਸੀ ਜੰਕਸ਼ਨ ਵੈਡਿੰਗ ਐਕਸਪੋ: ਯਾਦਗਾਰੀ ਤਜਰਬਾ ਤੇ ਬੇਮਿਸਾਲ ਫੈਸ਼ਨ











**ਨੇਪਰਵਿਲ, ਇਲੀਨਾਏ:** ਇੱਥੋਂ ਦੇ ਮੈਟ੍ਰਿਕਸ ਕਲੱਬ ਵਿੱਚ 21 ਸਤੰਬਰ ਨੂੰ ਹੋਇਆ ਦੱਖਣੀ ਏਸ਼ੀਆਈ ਵੈਡਿੰਗ ਐਕਸਪੋ 2025 ਨਾ ਸਿਰਫ਼ ਇੱਕ ਫੈਸ਼ਨ ਸ਼ੋਅ ਸੀ, ਸਗੋਂ ਇੱਕ ਸ਼ਾਨਦਾਰ ਸਮਾਗਮ ਹੋ ਨਿਬੜਿਆ, ਜਿਸ ਨੂੰ ਮਾਡਲਾਂ, ਸ਼ਾਮਲ ਹੋਏ ਮਹਿਮਾਨਾਂ ਅਤੇ ਕਲਾਕਾਰਾਂ ਨੇ ਆਪਣੀ ਉਤਸ਼ਾਹੀ ਹਾਜ਼ਰੀ ਨਾਲ ਯਾਦਗਾਰੀ ਬਣਾ ਦਿੱਤਾ। ਇਸ ਮੌਕੇ ਦੇਸੀ ਜੰਕਸ਼ਨ ਦੇ ਕਰਤਾ-ਧਰਤਾ ਜੱਸੀ ਪਰਮਾਰ, ਡਾਇਰੈਕਟਰ ਭੈਰਵੀ ਠੱਕਰ ਅਤੇ ਪ੍ਰਤੀਕ ਸ਼ਾਹ ਦੀ ਅਗਵਾਈ ਹੇਠ 25 ਤੋਂ ਵੱਧ ਵਾਲੰਟੀਅਰਾਂ, 50 ਤੋਂ ਵੱਧ ਫੈਸ਼ਨ ਸ਼ੋਅ ਮਾਡਲਜ਼ ਤੇ ਮੈਟ੍ਰਿਕਸ ਕਲੱਬ ਦੀ ਟੀਮ (ਜਿਸ ਦੀ ਅਗਵਾਈ ਮਦਨ ਕੁਲਕਰਨੀ ਅਤੇ ਫੈਜ਼ੀ ਸਲੀਮ ਨੇ ਕੀਤੀ) ਨੇ ਈਵੈਂਟ ਨੂੰ ਸੁਚੱਜੇ ਢੰਗ ਨਾਲ ਸੰਚਾਲਿਤ ਕੀਤਾ।

ਇਹ ਵੈਡਿੰਗ ਐਕਸਪੋ ਟੀਮਵਰਕ, ਸੱਭਿਆਚਾਰ ਅਤੇ ਕਮਿਊਨਿਟੀ ਸਪਿਰਿਟ ਦਾ ਪ੍ਰਤੀਕ ਸੀ। ਮਹਿਮਾਨਾਂ ਨੇ ਵਿਸ਼ੇਸ਼ ਸਟੇਜ ਡਿਜ਼ਾਈਨ, ਜ਼ਬਰਦਸਤ ਸਾਊਂਡ ਸਿਸਟਮ ਅਤੇ ਰਚਨਾਤਮਕ ਸਜਾਵਟ ਨੂੰ ਉਜਾਗਰ ਕੀਤਾ, ਜਿਸ ਨਾਲ ਫੈਸ਼ਨ ਸ਼ੋਅ ਹੋਰ ਉਭਰ ਕੇ ਸਾਹਮਣੇ ਆਇਆ। ਸ਼ੋਅ ਨੂੰ ਫੈਸ਼ਨ, ਮਿਊਜ਼ਿਕ ਤੇ ਨਵੀਨਤਾ ਦਾ ਸੱਚਾ ਜਸ਼ਨ ਮੰਨਿਆ ਗਿਆ। ਵਿਵਾਹ ਵੈਡਿੰਗਜ਼ ਇਵੈਂਟ ਅਤੇ ਲੀਜੈਂਡ ਆਫ ਬਾਲੀਵੁੱਡਜ਼ ਵਰਗੇ ਪ੍ਰੋਫੈਸ਼ਨਲਜ਼ ਨਾਲ ਸਹਿਯੋਗ ਨੇ ਐਕਸਪੋ ਦੇ ਪ੍ਰਭਾਵ ਨੂੰ ਹੋਰ ਮਜਬੂਤ ਕੀਤਾ।

ਇਸ ਮੌਕੇ ਦਰਸ਼ਕਾਂ ਨੇ ਰੂਪੀ ਸਿੱਧੂ ਤੇ ਬਿਕਰਮ ਸਿੰਘ ਸਿੱਧੂ ਵੱਲੋਂ 'ਸਖੀ ਅਟਾਇਰ' ਦੇ ਬੈਨਰ ਹੇਠ ਪੇਸ਼ ਫੈਸ਼ਨ ਸ਼ੋਅ-3 ਦਾ ਖੂਬ ਆਨੰਦ ਮਾਣਿਆ, ਜਿਸ ਦੌਰਾਨ ਵਿਆਹ ਸਬੰਧੀ ਤੇ ਮਹਾਰਾਜਿਆਂ ਵਾਲੇ ਪਹਿਰਾਵੇ ਵਿੱਚ ਸਜੇ ਪੰਜਾਬੀ ਮਾਡਲ ਖਿੱਚ ਦਾ ਕੇਂਦਰ ਬਣੇ। ਵੱਖ-ਵੱਖ ਡਿਜ਼ਾਈਨਾਂ ਦੀਆਂ ਬਣੀਆਂ ਪੁਸ਼ਾਕਾਂ ਵਿੱਚ ਅਤੇ ਸਿਰ ਦੇ ਦਸਤਾਰ ਸਜਾਈ ਨੌਜਵਾਨ ਇਸ ਵੈਡਿੰਗ ਐਕਸਪੋ ਨੂੰ ਚਾਰ ਚੰਨ ਲਾ ਰਹੇ ਸਨ। ਇੱਥੇ ਜ਼ਿਕਰਯੋਗ ਹੈ ਕਿ 'ਸਖੀ ਅਟਾਇਰ' ਵੱਲੋਂ ਵਿਆਹ-ਪਾਰਟੀਆਂ ਦੇ ਫੈਂਸੀ ਤੇ ਦਿਲਕਸ਼ ਪਹਿਰਾਵੇ- ਪਾਰਟੀ ਲਹਿੰਗਾ, ਪੰਜਾਬੀ ਸੂਟ, ਗਹਿਣੇ, ਵਿਆਹ ਦਾ ਚੂੜਾ, ਕਲੀੜੇ, ਪੰਜਾਬੀ ਜੁੱਤੀ ਤੇ ਹੋਰ ਬੜਾ ਕੁਝ ਸ਼ਿਕਾਗੋ, ਮਿਲਵਾਕੀ ਸਮੇਤ ਵੱਡੇ ਸ਼ਹਿਰਾਂ ਤੋਂ ਇਲਾਵਾ ਮਿਡਵੈਸਟ ਸਟੇਟਾਂ ਵਿੱਚ ਵਾਜਬ ਕੀਮਤਾਂ ਉਤੇ ਮੁਹੱਈਆ ਕੀਤਾ ਜਾਂਦਾ ਹੈ। ਰੂਪੀ ਸਿੱਧੂ ਨੇ ਕਿਹਾ ਕਿ ਲਾੜੇ-ਲਾੜੀ ਲਈ ਲੋੜੀਂਦਾ ਵਿਆਹ-ਪਾਰਟੀ ਦੇ ਪਹਿਰਾਵੇ ਤੇ ਹੋਰ ਸਮਾਨ ਆਦਿ 'ਸਖੀ ਅਟਾਇਰ' ਨਾਲ ਸੰਪਰਕ ਕਰਕੇ ਖਰੀਦਿਆ ਜਾ ਸਕਦਾ ਹੈ।

ਸਮਾਗਮ ਦੀ ਸ਼ੁਰੂਆਤ ਕਿਨੀ ਬੀਟਸ (ਕਿੰਜਲ ਸ਼ਾਹ) ਦੁਆਰਾ ਇੱਕ ਬਾਲੀਵੁੱਡ ਡਾਂਸ ਵਰਕਸ਼ਾਪ ਨਾਲ ਹੋਈ। ਉਪਰੰਤ ਸੌਮਿਆ ਵੱਲੋਂ ਵਸਤਰਮ ਦੁਆਰਾ ਸ਼ਾਨਦਾਰ ਆਡੀਓ ਤੇ ਵੀਡੀਓ ਸੰਗਤ ਨਾਲ ਪੇਸ਼ ਕੀਤਾ ਗਿਆ ਫੈਸ਼ਨ ਸ਼ੋਅ ਸੀ। ਰਾਜੂ ਬਾਂਕਾਪੁਰ ਦੁਆਰਾ ਬੰਸਰੀ ਪ੍ਰਦਰਸ਼ਨ ਨੇ ਇੱਕ ਸ਼ਾਂਤ ਅਹਿਸਾਸ ਜੋੜਿਆ, ਜਦੋਂ ਕਿ ਨਾਰੀ ਬੀਟਸ ਨੇ ਇੱਕ ਜੀਵੰਤ ਬਾਲੀਵੁੱਡ ਸਮੂਹ ਡਾਂਸ ਦੀ ਅਗਵਾਈ ਕੀਤੀ ਅਤੇ ਲੀਜੈਂਡਜ਼ ਆਫ਼ ਬਾਲੀਵੁੱਡ ਦੇ ਟੂਲੀਕਾ ਨੇ 'ਜਬ ਵੀ ਡਾਂਸ' ਪੇਸ਼ ਕੀਤਾ।

ਜ਼ਰੀ ਦੁਆਰਾ ਪੇਸ਼ ਕੀਤੇ ਗਏ ਫੈਸ਼ਨ ਸ਼ੋਅ-2 ਨਾਲ ਜਸ਼ਨ ਜਾਰੀ ਰਿਹਾ, ਜਿਸ ਵਿੱਚ ਵਿਸ਼ੇਸ਼ ਡਿਜ਼ਾਈਨ ਅਤੇ ਆਡੀਓ-ਵੀਡੀਓ ਪੇਸ਼ਕਾਰੀਆਂ ਸ਼ਾਮਲ ਸਨ। ਮੈਟ੍ਰਿਕਸ, ਡੀ.ਜੇ., ਤਨਿਸ਼ਕ ਅਤੇ ਜਲਵਾ ਦੇ ਵਿਸ਼ੇਸ਼ ਪ੍ਰੋਮੋਜ਼ ਨੇ ਵੀ ਲੋਕਾਂ ਦਾ ਧਿਆਨ ਖਿੱਚਿਆ, ਜਦੋਂ ਕਿ ਪੇਲਸ ਮਿਊਜ਼ਿਕ ਸਟੂਡੀਓ ਦੀ ਪਾਇਲ ਰਾਏ ਗਾਂਗੁਲੀ ਨੇ ਲਾਈਵ ਸੰਗੀਤ ਪੇਸ਼ ਕੀਤਾ। ਟੂਲੀਕਾ ਨੇ ਵੀ ਵਿਆਹ ਦੇ ਸ਼ੋਅਡਾਊਨ ਦੀ ਅਗਵਾਈ ਕੀਤੀ ਅਤੇ ਜਸਲੀਨ ਸਿੰਘ ਦੇ ਢੋਲ ਦੇ ਡੱਗਿਆਂ ਨੇ ਹਾਲ ਨੂੰ ਰਵਾਇਤੀ ਬੀਟਾਂ ਨਾਲ ਭਰ ਦਿੱਤਾ। ਰਾਹਿਲ, ਰੁਚੀ, ਨੀਲਮ ਅਤੇ ਟੂਲੀਕਾ ਦੀ ਵਿਸ਼ੇਸ਼ਤਾ ਵਾਲੇ ਆਈਕੋਨਿਕ 'ਬੈਂਡ ਬਾਜਾ ਬਾਰਾਤ' ਨੇ 15 ਮਿੰਟ ਦੀ ਇਲੈਕਟ੍ਰੀਫਾਇੰਗ ਪੇਸ਼ਕਾਰੀ ਦਿੱਤੀ। ਸਮੀਰ ਸੈਣੀ ਨੇ ਇੱਕ ਸੋਲੋ ਬਾਲੀਵੁੱਡ ਮੇਡਲੇ ਨਾਲ ਮਨੋਰੰਜਨ ਕੀਤਾ ਅਤੇ ਕਬੀਤਾ ਡੇ ਨੇ ਇੱਕ ਮਨਮੋਹਕ ਸੋਲੋ ਡਾਂਸ ਪੇਸ਼ ਕੀਤਾ। ਵਸਤਰਮਾਨੀਆ (ਪ੍ਰੇਰਨਾ ਜੈਨ) ਦੇ ਫੈਸ਼ਨ ਸ਼ੋਅ-4 ਵਿੱਚ ਨ੍ਰਿਤਿਆ ਨਾਟਯ ਅਕੈਡਮੀ ਦੇ 'ਸੌਂਗ ਆਫ਼ ਦ ਲੌਸਟ ਰਿਵਰ' ਲੋਕ/ਸ਼ਾਸਤਰੀ ਪ੍ਰਦਰਸ਼ਨ ਦੇ ਨਾਲ ਸ਼ਾਨਦਾਰ ਡਿਜ਼ਾਈਨ ਪੇਸ਼ ਕੀਤੇ ਗਏ।

ਇਸ ਮੌਕੇ ਅਸ਼ਕੇ ਭੰਗੜਾ ਕਲੱਬ ਦੀ ਟੀਮ ਨੇ ਭੰਗੜਾ ਪੇਸ਼ ਕੀਤਾ। ਹਾਸਰਸ ਸਕਿੱਟ 'ਕੱਲ੍ਹ ਦਾ ਕਾਲਜਾ ਦੁਖਦਾ' ਵੀ ਪੇਸ਼ ਕੀਤੀ ਗਈ। ਅਖੀਰ ਵਿੱਚ ਓਪਨ ਗਰਬਾ/ਡਾਂਡੀਆ, ਮਸਤੀ ਪ੍ਰੀਵਿਊ ਅਤੇ ਡਾਂਡੀਆ ਮਸਤੀ ਦੇ ਗਿਵਵੇਅ ਅਤੇ ਵਿਸ਼ੇਸ਼ ਸਰਪ੍ਰਾਈਜ਼ ਵਾਲੇ ਰੈਫਲ ਡਰਾਅ ਨਾਲ ਸਮਾਪਤ ਹੋਇਆ। ਕੁੱਲ ਮਿਲਾ ਕੇ ਇਹ ਇਵੈਂਟ ਬਹੁਤ ਹੀ ਸਫਲ ਰਿਹਾ।



ਇਸ ਵੈਡਿੰਗ ਐਕਸਪੋ ਪ੍ਰਤੀ ਲੋਕਾਂ ਦੀਆਂ ਪ੍ਰਤੀਕਿਰਿਆਵਾਂ ਬੜੀਆਂ ਉਤਸ਼ਾਹੀ ਤੇ ਹਾਂਦਰੂ ਸਨ। ਪੰਜਾਬੀ ਅਮੈਰਿਕਨ ਔਰਗੇਨਾਈਜੇਸ਼ਨ (ਪੀ.ਏ.ਓ.) ਦੇ ਮੈਨੇਜਿੰਗ ਡਾਇਰੈਕਟਰ ਗੁਲਜ਼ਾਰ ਸਿੰਘ ਮੁਲਤਾਨੀ ਤੇ ਮਿੰਨੀ ਮੁਲਤਾਨੀ ਨੇ ਅਨੁਭਵ ਸਾਂਝਾ ਕਰਦਿਆਂ ਕਿਹਾ ਕਿ ਸਾਡੇ ਲਈ ਇਹ ਇੱਕ ਸ਼ਾਨਦਾਰ ਤਜਰਬਾ ਸੀ। ਇਹ ਐਸਾ ਫੈਨਟਾਸਟਿਕ ਈਵੈਂਟ ਦੇਖ ਕੇ ਮਾਣ ਮਹਿਸੂਸ ਹੋਇਆ। ਸਾਨੂੰ ਵੈਡਿੰਗ ਫੈਸ਼ਨ ਸ਼ੋਅ ਬਹੁਤ ਪਸੰਦ ਆਇਆ- ਸਾਊਂਡ ਸਿਸਟਮ, ਪ੍ਰੋਡਕਸ਼ਨ, ਸਟੇਜ ਸੈਟਅਪ ਅਤੇ ਸਜਾਵਟ ਬੇਹਤਰੀਨ ਸਨ।

ਰਿਤੂ ਜਸਮੀਤ ਸਿੰਘ ਦੇ ਸ਼ਬਦਾਂ ਵਿੱਚ "ਫੈਸ਼ਨ ਸ਼ੋਅ ਲਈ ਗੀਤਾਂ ਦੀ ਚੋਣ ਬਹੁਤ ਹੀ ਵਧੀਆ ਸੀ।" ਸੁਸ਼ਮਾ ਭਾਤਰਾ ਭਨੋਟ ਨੇ ਕਿਹਾ ਕਿ ਇਹ ਸਿਰਫ਼ ਇੱਕ ਇਵੈਂਟ ਨਹੀਂ ਸੀ, ਸਗੋਂ ਫੈਸ਼ਨ, ਮਿਊਜ਼ਿਕ ਅਤੇ ਕਮਿਊਨਿਟੀ ਦਾ ਜਸ਼ਨ ਸੀ। ਹਰਲੀਨ ਕੌਰ ਅਨੁਸਾਰ ਟੀਮ ਦੀ ਮਿਹਨਤ ਕਾਬਿਲ-ਏ-ਤਾਰੀਫ਼ ਸੀ। ਹਿੰਦੂ ਵਿਵਾਹ ਦੀ ਰਾਧਿਕਾ ਨੇ ਦੇਸੀ ਜੰਕਸ਼ਨ ਅਤੇ ਜੱਸੀ ਪਰਮਾਰ ਦਾ ਵਿੱਚ ਇਹ ਈਵੈਂਟ ਹੋਸਟ ਕਰਨ ਦਾ ਮੌਕਾ ਦੇਣ ਲਈ ਧੰਨਵਾਦ ਕੀਤਾ। ਮ੍ਰਿਨਾਲ ਦਾਨੀ ਦਾ ਕਹਿਣਾ ਸੀ ਕਿ ਅਮਰੀਕਾ ਵਿੱਚ ਦੱਖਣੀ ਏਸ਼ੀਆਈ ਸੱਭਿਆਚਾਰ ਨੂੰ ਪੇਸ਼ ਕਰਨ ਦਾ ਮੌਕਾ ਮੇਰੇ ਲਈ ਮਾਣ ਹੈ। ਸ੍ਰੀ ਪ੍ਰਦੀਪ ਅਨੁਸਾਰ ਇਹ ਇੱਕ ਪਰੀਆਂ ਦੀ ਕਹਾਣੀ ਵਰਗਾ ਅਨੁਭਵ ਸੀ।


## ਗੁਰਦੁਆਰਾ ਸਾਹਿਬ ਪੈਲਾਟਾਈਨ ਵਿਖੇ ਸਾਲ 2025 ਦੀਆਂ ਨਿਸ਼ਕਾਮ ਸੇਵਾਵਾਂ

SRS NISHKAM KAR-SEVA
SINCE-2008

**ਪਤਝੜ ਦੀ ਨਿਸ਼ਕਾਮ ਕਾਰ ਸੇਵਾ**

ਗੁਰਦੁਆਰਾ ਸਾਹਿਬ ਵਿਖੇ ਪਤਝੜ ਦੀ ਨਿਸ਼ਕਾਮ ਕਾਰ ਸੇਵਾ 1 ਨਵੰਬਰ 2025 ਨੂੰ ਹੋਵੇਗੀ

### 350 ਸਾਲਾ ਸ਼ਹੀਦੀ ਪੂਰਬ ਨੂੰ ਸਮਰਪਿਤ ਕਾਰ ਸੇਵਾ

ਗੁਰੂ ਪਿਆਰੀ ਸਾਧ ਸੰਗਤ ਜੀਓ,
ਗੁਰਦੁਆਰਾ ਸਾਹਿਬ ਵਿਖੇ ਹੇਠ ਲਿਖੀਆਂ ਸੇਵਾਵਾਂ ਹਿੰਦ ਅਤੇ ਧਰਮ ਦੀ ਚਾਦਰ ਧੰਨ ਧੰਨ ਗੁਰੂ ਤੇਗ ਬਹਾਦਰ ਜੀ ਅਤੇ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਤੇ ਭਾਈ ਦਿਆਲਾ ਜੀ ਦੇ 350 ਸਾਲਾ ਸ਼ਹੀਦੀ ਪੁਰਬ ਨੂੰ ਸਮਰਪਿਤ ਹੈ ਜੀ:
*ਫਲਦਾਰ ਤੇ ਫੁੱਲਦਾਰ ਰੁੱਖਾਂ ਦੀ ਲਵਾਈ
*ਫੁੱਲਾਂ ਵਾਲੇ ਪੌਦਿਆਂ ਦੀ ਲਵਾਈ
*ਕਰਤਾਰਪੁਰ ਦੀ ਯਾਦ ਵਿੱਚ ਜੈਵਿਕ ਖੇਤੀ
*ਗੁਰਦੁਆਰਾ ਸਾਹਿਬ ਦੇ ਸਾਹਮਣੇ ਵਿਹੜੇ ਵਿੱਚ ਫੁਲਵਾੜੀ
*ਅੰਦਰੋਂ ਤੇ ਬਾਹਰੋਂ ਵਾਤਾਵਰਨ ਦੀ ਹਰ ਰੋਜ਼ ਸਾਫ-ਸਫਾਈ
*ਸੁੱਕ ਗਏ ਰੁੱਖਾਂ ਅਤੇ ਪੌਦਿਆਂ ਦੀ ਬਦਲੀ
*ਸਮੂਹ ਬਨਸਪਤੀ ਦੀ ਲਗਾਤਾਰ ਸੇਵਾ-ਸੰਭਾਲ, ਆਦਿ

**ਬੇਨਤੀ**

*ਸ਼ਿਕਾਗੋਲੈਂਡ ਦੀ ਸਮੂਹ ਸਾਧ ਸੰਗਤ, ਗੁਰਦੁਆਰਾ ਸਾਹਿਬ ਦੀਆਂ ਪ੍ਰਬੰਧਕ ਤੇ ਸਲਾਹਕਾਰ ਕਮੇਟੀਆਂ; ਧਾਰਮਿਕ ਤੇ ਸੱਭਿਆਚਾਰਕ ਸੰਸਥਾਵਾਂ ਅਤੇ ਕਾਰੋਬਾਰੀ ਭਾਈਚਾਰੇ ਨੂੰ ਸੇਵਾ ਵਿੱਚ ਤਨ, ਮਨ ਤੇ ਧਨ ਨਾਲ ਯੋਗਦਾਨ ਪਾਉਣ ਦੀ ਬੇਨਤੀ ਹੈ ਜੀ।*

**ਬੇਨਤੀ ਕਰਤਾ: ਸਮੂਹ ਕਾਰ ਸੇਵਕ ਅਤੇ ਸਾਧ ਸੰਗਤ**

**ਆਸ਼ੂਤੋਸ਼ ਕੁਮਾਰ ਠਾਕੁਰ**
*(ਲੇਖਕ ਸਮਾਜ, ਸਾਹਿਤ ਅਤੇ ਕਲਾ ਬਾਰੇ ਲਗਾਤਾਰ ਲਿਖਦੇ ਹਨ)*

# ਨੇਪਾਲ ਦੇ ਅਧੂਰੇ ਇਨਕਲਾਬ

## ਇਤਿਹਾਸ, ਹਿੰਸਾ ਅਤੇ ਭਵਿੱਖ ਦੀ ਖੋਜ

1952 ਵਿੱਚ ਹਿੰਦੀ ਦੇ ਪ੍ਰਸਿੱਧ ਲੇਖਕ ਫਣੀਸ਼ਵਰਨਾਥ ਰੇਣੂ ਨੇ ਆਪਣੀ ਕਿਤਾਬ ਨੇਪਾਲੀ ਇਨਕਲਾਬ ਦੀ ਕਹਾਣੀ ਵਿੱਚ ਰਾਣਾ ਸ਼ਾਸਨ ਵਿਰੁੱਧ ਲੋਕਾਂ ਦੇ ਸੰਘਰਸ਼ ਬਾਰੇ ਦੱਸਿਆ ਸੀ। ਉਨ੍ਹਾਂ ਨੇ ਇਸਨੂੰ ਸਿਰਫ਼ ਨੇਪਾਲ ਦੀ ਘਟਨਾ ਨਹੀਂ ਸਮਝਿਆ, ਸਗੋਂ ਪੂਰੇ ਦੱਖਣੀ ਏਸ਼ੀਆ ਵਿੱਚ ਲੋਕਤੰਤਰ ਅਤੇ ਆਮ ਲੋਕਾਂ ਦੀ ਜਾਗਰੂਕਤਾ ਦੀ ਸ਼ੁਰੂਆਤ ਦੱਸਿਆ। ਰੇਣੂ ਨੇ ਲਿਖਿਆ ਕਿ ਲੋਕ ਆਪਣੇ ਹੱਕਾਂ, ਸਨਮਾਨ ਅਤੇ ਨਿਆਂ ਲਈ ਲੜ ਰਹੇ ਸਨ।

ਲੰਘੇ ਦਿਨੀਂ ਕਾਠਮੰਡੂ ਦੀਆਂ ਸੜਕਾਂ 'ਤੇ ਹਿੰਸਾ ਹੀ ਹਿੰਸਾ ਰਹੀ। ਇਹ ਸਿਰਫ਼ ਸਿਆਸੀ ਅਸਥਿਰਤਾ ਨਹੀਂ, ਸਗੋਂ ਰੇਣੂ ਵੱਲੋਂ ਦੱਸੇ ਗਏ ਅਧੂਰੇ ਸੰਘਰਸ਼ਾਂ ਦਾ ਨਤੀਜਾ ਹੈ। ਉਸ ਸਮੇਂ ਦਾ ਇਨਕਲਾਬ ਪੂਰਾ ਨਹੀਂ ਹੋਇਆ। ਸੱਤਾ ਬਦਲੀ, ਪਰ ਸਮਾਜਿਕ ਨਿਆਂ ਅਤੇ ਸੱਚੇ ਲੋਕਤੰਤਰ ਦੀਆਂ ਜੜ੍ਹਾਂ ਕਮਜ਼ੋਰ ਰਹੀਆਂ। ਇਹ ਅਧੂਰੀਆਂ ਕੋਸ਼ਿਸ਼ਾਂ ਵਰਤਮਾਨ ਦੇ ਪ੍ਰਦਰਸ਼ਨਾਂ, ਨਾਅਰਿਆਂ ਅਤੇ ਹਿੰਸਾ ਵਿੱਚ ਸਾਫ਼ ਦਿਖਾਈ ਦਿੰਦੀਆਂ ਹਨ।

ਰੇਣੂ ਦੀ ਨਜ਼ਰ ਵਿੱਚ ਇਨਕਲਾਬ ਸਿਰਫ਼ ਸੱਤਾ ਬਦਲਣ ਦਾ ਸਾਧਨ ਨਹੀਂ ਸੀ। ਇਹ ਸਮਾਜਿਕ ਨਿਆਂ, ਬਰਾਬਰੀ ਅਤੇ ਸਾਰਿਆਂ ਨੂੰ ਸ਼ਾਮਲ ਕਰਨ ਵਾਲੇ ਲੋਕਤੰਤਰ ਦੀ ਪਹਿਲੀ ਕੋਸ਼ਿਸ਼ ਸੀ। ਅੱਜ ਦੀ ਹਿੰਸਾ ਉਸ ਅਧੂਰੀ ਕੋਸ਼ਿਸ਼ ਦਾ ਨਤੀਜਾ ਹੈ। ਕਾਠਮੰਡੂ ਵਿੱਚ ਉੱਠ ਰਹੀਆਂ ਅਵਾਜ਼ਾਂ- ਚਾਹੇ ਹਿੰਸਕ ਹੋਣ ਜਾਂ ਸ਼ਾਂਤੀਪੂਰਨ, ਉਸੇ ਭੁੱਖ ਅਤੇ ਉਮੀਦ ਨੂੰ ਦਰਸਾਉਂਦੀਆਂ ਹਨ, ਜਿਸਨੂੰ ਰੇਣੂ ਨੇ ਸਾਲਾਂ ਪਹਿਲਾਂ ਸ਼ਬਦਾਂ ਵਿੱਚ ਪਰੋਇਆ ਸੀ।

### 1951: ਪਹਿਲਾ ਇਨਕਲਾਬ ਅਤੇ ਰਾਣਾ ਸ਼ਾਸਨ ਦਾ ਅੰਤ

1951 ਵਿੱਚ ਰਾਣਾ ਸ਼ਾਸਨ ਖ਼ਤਮ ਹੋਇਆ। ਇਸ ਵੱਡੇ ਬਦਲਾਅ ਵਿੱਚ ਨੇਪਾਲੀ ਕਾਂਗਰਸ, ਖੱਬੇਪੱਖੀ ਗਰੁੱਪ ਅਤੇ ਰਾਜਾ ਤ੍ਰਿਭੁਵਨ ਦੀ ਸਾਂਝ ਮਹੱਤਵਪੂਰਨ ਸੀ। ਭਾਰਤ ਦੀ ਮਦਦ ਨਾਲ ਰਾਜਾ ਦੀ ਵਾਪਸੀ ਹੋਈ ਅਤੇ ਸਿਆਸੀ ਪਾਰਟੀਆਂ ਨੂੰ ਮਾਨਤਾ ਮਿਲੀ। ਚੋਣਾਂ ਦਾ ਵਾਅਦਾ ਵੀ ਕੀਤਾ ਗਿਆ।

ਬਹੁਤ ਸਾਰੇ ਲੋਕਾਂ ਨੇ ਇਸਨੂੰ ਆਜ਼ਾਦੀ ਦਾ ਨਵਾਂ ਸੂਰਜ ਮੰਨਿਆ; ਪਰ ਜਿਵੇਂ ਰੇਣੂ ਨੇ ਲਿਖਿਆ, ਇਹ ਸਿਰਫ਼ 'ਅੱਧਾ ਇਨਕਲਾਬ' ਸੀ। ਰਾਜਸ਼ਾਹੀ ਅਜੇ ਵੀ ਸੱਤਾ ਵਿੱਚ ਸੀ, ਸਰਕਾਰੀ ਅਮਲਾ ਬਦਲਿਆ ਨਹੀਂ ਅਤੇ ਲੋਕਤੰਤਰ ਦੇ ਵਾਅਦੇ ਕਮਜ਼ੋਰ ਸਨ। 1959 ਵਿੱਚ ਨੇਪਾਲ ਦੇ ਪਹਿਲੇ ਲੋਕਤੰਤਰੀ ਪ੍ਰਧਾਨ ਮੰਤਰੀ ਬਿਸ਼ਵੇਸ਼ਵਰ ਪ੍ਰਸਾਦ (ਬੀ.ਪੀ.) ਕੋਇਰਾਲਾ ਸੱਤਾ ਵਿੱਚ ਆਏ। ਪਰ 18 ਮਹੀਨਿਆਂ ਬਾਅਦ ਰਾਜਾ ਮਹੇਂਦਰ ਨੇ ਉਨ੍ਹਾਂ ਨੂੰ ਹਟਾ ਦਿੱਤਾ, ਸੰਸਦ ਭੰਗ ਕਰ ਦਿੱਤੀ ਅਤੇ ਪੰਚਾਇਤੀ ਵਿਵਸਥਾ ਲਾਗੂ ਕਰ ਦਿੱਤੀ। 1951 ਦੀਆਂ ਉਮੀਦਾਂ ਅਧੂਰੀਆਂ ਰਹਿ ਗਈਆਂ ਅਤੇ ਨੇਪਾਲ ਅਗਲੇ ਤਿੰਨ ਦਹਾਕਿਆਂ ਲਈ 'ਨਿਰਦੇਸ਼ਿਤ ਲੋਕਤੰਤਰ' ਦੇ ਦੌਰ ਵਿੱਚ ਚਲਿਆ ਗਿਆ।

### 1960–90: ਪੰਚਾਇਤ ਤੇ ਬਗ਼ਾਵਤ ਦੇ ਬੀਜ

ਪੰਚਾਇਤ ਦੇ ਸਮੇਂ ਵਿੱਚ ਸਿਆਸੀ ਪਾਰਟੀਆਂ 'ਤੇ ਪਾਬੰਦੀ ਸੀ, ਅਸਹਿਮਤੀ ਨੂੰ ਦਬਾਇਆ ਜਾਂਦਾ ਸੀ ਅਤੇ ਲੋਕਤੰਤਰੀ ਆਵਾਜ਼ਾਂ ਨੂੰ ਚੁੱਪ ਕਰਵਾਇਆ ਜਾਂਦਾ ਸੀ। ਵਿਦਿਆਰਥੀਆਂ, ਮਜ਼ਦੂਰਾਂ ਅਤੇ ਗੁਪਤ ਪਾਰਟੀ ਕਾਰਕੁਨਾਂ ਵਿੱਚ ਨਿਰਾਸ਼ਾ ਵਧ ਰਹੀ ਸੀ। ਉਹ ਸਾਲਾਂ ਤੋਂ ਆਪਣੇ ਹੱਕਾਂ ਅਤੇ ਨੁਮਾਇੰਦਗੀ ਲਈ ਲੜ ਰਹੇ ਸਨ, ਪਰ ਸਰਕਾਰੀ ਢਾਂਚੇ ਨੇ ਉਨ੍ਹਾਂ ਨੂੰ ਵਾਰ-ਵਾਰ ਨਿਰਾਸ਼ ਕੀਤਾ। ਸਿੱਖਿਆ, ਸਿਹਤ ਅਤੇ ਵਿਕਾਸ ਦੀਆਂ ਯੋਜਨਾਵਾਂ ਸਿਰਫ਼ ਕਾਗਜ਼ਾਂ 'ਤੇ ਸਨ, ਜ਼ਮੀਨ 'ਤੇ ਨਹੀਂ। ਹੌਲੀ-ਹੌਲੀ ਗੁੱਸੇ ਦਾ ਮਾਹੌਲ ਬਣਿਆ ਅਤੇ ਛੋਟੇ-ਛੋਟੇ ਵਿਦਰੋਹ ਸ਼ੁਰੂ ਹੋਏ।

1980 ਦੇ ਅਖੀਰ ਵਿੱਚ ਆਰਥਿਕ ਸੰਕਟ, ਭ੍ਰਿਸ਼ਟਾਚਾਰ ਅਤੇ ਸਮਾਜਿਕ ਅਸਮਾਨਤਾ ਨੇ ਲੋਕਾਂ ਦੇ ਗੁੱਸੇ ਨੂੰ ਹੋਰ ਵਧਾ ਦਿੱਤਾ। 1990 ਵਿੱਚ ਲੋਕ ਸੜਕਾਂ 'ਤੇ ਉੱਤਰੇ ਅਤੇ ਲੋਕਤੰਤਰ ਦੀ ਮੰਗ ਕੀਤੀ। ਹਜ਼ਾਰਾਂ ਲੋਕਾਂ ਨੇ ਪ੍ਰਦਰਸ਼ਨ ਕੀਤੇ, ਕਈ ਮਾਰੇ ਗਏ, ਰਾਜੇ ਨੂੰ ਪਿੱਛੇ ਹਟਣਾ ਪਿਆ ਅਤੇ ਬਹੁ-ਪਾਰਟੀ ਲੋਕਤੰਤਰ ਦਾ ਰਾਹ ਖੁੱਲ੍ਹਿਆ। ਇਹ ਵਿਦਰੋਹ ਸਿਰਫ਼ ਰਾਜਸ਼ਾਹੀ ਵਿਰੁੱਧ ਨਹੀਂ ਸੀ, ਸਗੋਂ ਲੰਬੇ ਸਮੇਂ ਤੋਂ ਦਬਾਈਆਂ ਗਈਆਂ ਆਵਾਜ਼ਾਂ ਅਤੇ ਹੱਕਾਂ ਦੀ ਮੰਗ ਸੀ। ਇਸ ਨੇ ਭਵਿੱਖ ਦੀ ਸਿਆਸੀ ਚੇਤਨਾ ਦਾ ਬੀਜ ਬੀਜਿਆ।

1990 ਦਾ ਕਮਜ਼ੋਰ ਲੋਕਤੰਤਰ

1990 ਦੇ ਸੰਵਿਧਾਨ ਨੇ ਨਵੀਆਂ ਉਮੀਦਾਂ ਜਗਾਈਆਂ। ਨੇਪਾਲ ਸੰਵਿਧਾਨਕ ਰਾਜਸ਼ਾਹੀ ਅਤੇ ਬਹੁ-ਪਾਰਟੀ ਲੋਕਤੰਤਰ ਵਿੱਚ ਬਦਲਿਆ। ਲੋਕਾਂ ਨੇ ਪਹਿਲੀ ਵਾਰ ਖੁੱਲ੍ਹੀ ਸਿਆਸੀ ਪ੍ਰਕਿਰਿਆ ਵੇਖੀ, ਪਰ ਸਿਆਸੀ ਪਾਰਟੀਆਂ ਦੀਆਂ ਆਪਸੀ ਲੜਾਈਆਂ ਅਤੇ ਅੰਦਰੂਨੀ ਝਗੜਿਆਂ ਨੇ ਲੋਕਤੰਤਰ ਨੂੰ ਕਮਜ਼ੋਰ ਕੀਤਾ।




1991-2001 ਦੇ ਵਿੱਚ ਨੌਂ ਸਰਕਾਰਾਂ ਬਦਲੀਆਂ। ਦਲਿਤ, ਜਨਜਾਤੀ, ਮਧੇਸੀ ਅਤੇ ਔਰਤਾਂ ਸੱਤਾ ਤੋਂ ਬਾਹਰ ਰਹੇ। ਪਿੰਡਾਂ ਵਿੱਚ ਸਿੱਖਿਆ, ਸਿਹਤ ਅਤੇ ਵਿਕਾਸ ਦੀ ਹਾਲਤ ਨਹੀਂ ਸੁਧਰੀ। ਲੋਕਤੰਤਰ ਸਿਰਫ਼ ਸ਼ਹਿਰਾਂ ਤੱਕ ਸੀਮਤ ਰਿਹਾ। ਪਿੰਡਾਂ ਅਤੇ ਪਛੜੇ ਇਲਾਕਿਆਂ ਵਿੱਚ ਅਸਮਾਨਤਾ ਅਤੇ ਨਿਰਾਸ਼ਾ ਵਧੀ। ਲੋਕਾਂ ਨੂੰ ਲੱਗਿਆ ਕਿ ਸਿਆਸੀ ਬਦਲਾਅ ਸਿਰਫ਼ ਨਾਮ ਦਾ ਹੈ। ਇਸ ਨਿਰਾਸ਼ਾ ਨੇ ਅੱਗੇ ਜਾ ਕੇ ਮਾਓਵਾਦੀ ਵਿਦਰੋਹ ਦਾ ਰਾਹ ਖੋਲ੍ਹਿਆ।

### 1996–2006: ਮਾਓਵਾਦੀ ਜਨਯੁੱਧ

1996 ਵਿੱਚ ਨੇਪਾਲ ਦੀ ਕਮਿਊਨਿਸਟ ਪਾਰਟੀ (ਮਾਓਵਾਦੀ) ਨੇ ਹਥਿਆਰਬੰਦ ਵਿਦਰੋਹ ਸ਼ੁਰੂ ਕੀਤਾ। ਉਨ੍ਹਾਂ ਦਾ 'ਜਨਯੁੱਧ' ਰਾਜਸ਼ਾਹੀ ਨੂੰ ਖ਼ਤਮ ਕਰਨ ਅਤੇ ਸਾਰਿਆਂ ਨੂੰ ਸ਼ਾਮਲ ਕਰਨ ਵਾਲਾ ਗਣਰਾਜ ਬਣਾਉਣ ਦਾ ਸੁਪਨਾ ਸੀ। ਇਹ ਸੰਘਰਸ਼ ਸਿਰਫ਼ ਸੱਤਾ ਦੀ ਲੜਾਈ ਨਹੀਂ ਸੀ, ਸਗੋਂ ਜਾਤ, ਵਰਗ ਅਤੇ ਲਿੰਗ ਦੀ ਅਸਮਾਨਤਾ ਵਿਰੁੱਧ ਵੀ ਸੀ। ਦਸ ਸਾਲਾਂ ਦੇ ਇਸ ਯੁੱਧ ਨੇ ਨੇਪਾਲ ਨੂੰ ਝੰਜੋੜ ਦਿੱਤਾ। 17,000 ਤੋਂ ਵੱਧ ਲੋਕ ਮਾਰੇ ਗਏ, ਹਜ਼ਾਰਾਂ ਗੁੰਮ ਹੋਏ ਅਤੇ ਪਿੰਡਾਂ ਦੀ ਸਮਾਜਿਕ-ਆਰਥਿਕ ਸਥਿਤੀ ਤਬਾਹ ਹੋਈ।

ਸਰਕਾਰ ਦਾ ਦਮਨ ਵੀ ਸਖ਼ਤ ਸੀ। ਪੁਲਿਸ ਅਤੇ ਸੁਰੱਖਿਆ ਬਲਾਂ ਨੇ ਹਿੰਸਕ ਮੁਹਿੰਮਾਂ ਚਲਾਈਆਂ ਅਤੇ ਡਰ ਦਾ ਮਾਹੌਲ ਬਣਾਇਆ। 2001 ਵਿੱਚ ਸ਼ਾਹੀ ਪਰਿਵਾਰ ਦਾ ਕਤਲੇਆਮ, ਜਿਸ ਵਿੱਚ ਰਾਜਾ ਬੀਰੇਂਦਰ ਅਤੇ ਕਈ ਪਰਿਵਾਰਕ ਮੈਂਬਰ ਮਾਰੇ ਗਏ, ਨੇ ਰਾਜਸ਼ਾਹੀ ਦੀ ਸਾਖ ਨੂੰ ਹੋਰ ਕਮਜ਼ੋਰ ਕੀਤਾ। 2005 ਵਿੱਚ ਰਾਜਾ ਗਿਆਨੇਂਦਰ ਦੀ ਸੱਤਾ ਹਥਿਆਉਣ ਦੀ ਕੋਸ਼ਿਸ਼ ਨੇ ਮਾਓਵਾਦੀਆਂ ਅਤੇ ਮੁੱਖ ਸਿਆਸੀ ਪਾਰਟੀਆਂ ਨੂੰ ਇਕੱਠਾ ਕਰ ਦਿੱਤਾ।

### 2006: ਜਨ ਅੰਦੋਲਨ ਅਤੇ ਗਣਰਾਜ

ਅਪ੍ਰੈਲ 2006 ਵਿੱਚ ਨੇਪਾਲ ਵਿੱਚ ਜਨ ਅੰਦੋਲਨ-2 ਸ਼ੁਰੂ ਹੋਇਆ। ਇਹ ਨੇਪਾਲ ਦੇ ਆਧੁਨਿਕ ਇਤਿਹਾਸ ਦਾ ਵੱਡਾ ਮੋੜ ਸੀ। ਲੱਖਾਂ ਲੋਕ ਸੜਕਾਂ 'ਤੇ ਉੱਤਰੇ, ਕਰਫਿਊ ਦੀ ਪਰਵਾਹ ਨਹੀਂ ਕੀਤੀ ਅਤੇ ਲੋਕਤੰਤਰ ਦੀ ਮੰਗ ਕੀਤੀ। ਨੇਪਾਲੀ ਕਾਂਗਰਸ ਦੇ ਸ਼ੇਰ ਬਹਾਦੁਰ ਦਿਉਬਾ ਅਤੇ ਮਾਓਵਾਦੀ ਨੇਤਾ ਪੁਸ਼ਪ ਕਮਲ ਦਹਲ 'ਪ੍ਰਚੰਡ' ਅਤੇ ਬਾਬੂਰਾਮ ਭੱਟਰਾਈ ਨੇ ਇਸ ਅੰਦੋਲਨ ਨੂੰ ਅਗਵਾਈ ਦਿੱਤੀ।

ਇਹ ਅੰਦੋਲਨ ਸਿਰਫ਼ ਸਿਆਸੀ ਪਾਰਟੀਆਂ ਦਾ ਸੰਘਰਸ਼ ਨਹੀਂ ਸੀ, ਸਗੋਂ ਲੋਕਾਂ ਦੀ ਨਿਰਾਸ਼ਾ, ਸਮਾਜਿਕ ਨਾ-ਇਨਸਾਫੀ ਅਤੇ ਸੱਚੇ ਲੋਕਤੰਤਰ ਦੀ ਚਾਹਤ ਦਾ ਪ੍ਰਤੀਕ ਸੀ। ਭਾਰਤ ਅਤੇ ਅੰਤਰਰਾਸ਼ਟਰੀ ਦਬਾਅ ਕਾਰਨ ਰਾਜਾ ਗਿਆਨੇਂਦਰ ਨੂੰ ਸੱਤਾ ਛੱਡਣੀ ਪਈ। ਰਾਜਸ਼ਾਹੀ ਦਾ ਅੰਤ ਹੋਇਆ ਅਤੇ ਨੇਪਾਲ ਨੂੰ ਗਣਰਾਜ ਐਲਾਨਿਆ ਗਿਆ। ਮਾਓਵਾਦੀ ਸ਼ਾਂਤੀ ਪ੍ਰਕਿਰਿਆ ਵਿੱਚ ਸ਼ਾਮਲ ਹੋਏ ਅਤੇ ਸੰਵਿਧਾਨ ਬਣਾਉਣ ਦੀ ਸ਼ੁਰੂਆਤ ਹੋਈ।

### 2015: ਸੰਵਿਧਾਨ ਅਤੇ ਵਿਵਾਦ

2008-2012 ਦੀ ਪਹਿਲੀ ਸੰਵਿਧਾਨ ਸਭਾ ਅਸਫਲ ਰਹੀ। 2013 ਵਿੱਚ ਦੂਜੀ ਸੰਵਿਧਾਨ ਸਭਾ ਦੀ ਚੋਣ ਹੋਈ ਅਤੇ 2015 ਵਿੱਚ ਨਵਾਂ ਸੰਵਿਧਾਨ ਬਣਿਆ। ਇਸ ਨੇ ਸੰਘਵਾਦ, ਧਰਮ-ਨਿਰਪੱਖਤਾ ਅਤੇ ਗਣਰਾਜ ਦਾ ਵਾਅਦਾ ਕੀਤਾ; ਪਰ ਮਧੇਸੀ, ਥਾਰੂ ਅਤੇ ਹੋਰ ਘੱਟ-ਗਿਣਤੀ ਸਮੂਹਾਂ ਨੇ ਇਸਨੂੰ ਸਵੀਕਾਰ ਨਹੀਂ ਕੀਤਾ। 2015 ਦਾ ਭੂਚਾਲ ਅਤੇ ਭਾਰਤ ਵੱਲੋਂ ਲਾਈ ਗਈ ਨਾਕਾਬੰਦੀ ਨੇ ਮੁਸੀਬਤਾਂ ਵਧਾਈਆਂ। ਸੰਵਿਧਾਨ ਦੀਆਂ ਕਮੀਆਂ ਅਤੇ ਵਿਕਾਸ ਦੇ ਨਾਂ 'ਤੇ ਕਾਣੀ ਵੰਡ ਨੇ ਪੁਰਾਣੇ ਸਮਾਜਿਕ-ਸਿਆਸੀ ਤਣਾਅ ਨੂੰ ਮੁੜ ਜਗਾਇਆ।

### 2015–2025: ਨਿਰਾਸ਼ਾ ਅਤੇ ਉਮੀਦ

2015 ਦੇ ਸੰਵਿਧਾਨ ਤੋਂ ਬਾਅਦ ਨੇਪਾਲ ਨੇ ਸਥਿਰਤਾ ਅਤੇ ਸਮਾਵੇਸ਼ੀ ਲੋਕਤੰਤਰ ਦੀ ਦਿਸ਼ਾ ਵੱਲ ਕਦਮ ਵਧਾਏ, ਪਰ ਉਮੀਦਾਂ ਅਧੂਰੀਆਂ ਰਹੀਆਂ। ਵੱਖ-ਵੱਖ ਸਰਕਾਰਾਂ, ਜਿਵੇਂ ਨੇਪਾਲੀ ਕਾਂਗਰਸ, ਯੂ.ਐਮ.ਐਲ. ਜਾਂ ਮਾਓਵਾਦੀ, ਆਪਣੀ ਜ਼ਿੰਮੇਵਾਰੀ ਵਿੱਚ ਅਕਸਰ ਫੇਲ੍ਹ ਹੋਈਆਂ। ਸੰਘਵਾਦ ਅਧੂਰਾ ਰਿਹਾ, ਸਥਾਨਕ ਪ੍ਰਸ਼ਾਸਨ ਕਮਜ਼ੋਰ ਸੀ ਅਤੇ ਪੈਸੇ ਦੀ ਕਮੀ ਨੇ ਵਿਕਾਸ ਨੂੰ ਰੋਕਿਆ। ਭ੍ਰਿਸ਼ਟਾਚਾਰ ਵਧਿਆ, ਨੌਜਵਾਨਾਂ ਲਈ ਨੌਕਰੀਆਂ ਘਟੀਆਂ ਅਤੇ ਸਿੱਖਿਆ-ਸਿਹਤ ਵਿੱਚ ਸੁਧਾਰ ਨਹੀਂ ਹੋਇਆ।

2022 ਵਿੱਚ ਬਲੇਂਦਰ ਸ਼ਾਹ (ਬਾਲੇਨ) ਕਾਠਮੰਡੂ ਦੇ ਮੇਅਰ ਬਣੇ। ਉਨ੍ਹਾਂ ਨੇ ਪ੍ਰਸ਼ਾਸਨ ਸੁਧਾਰਿਆ, ਗੈਰ-ਕਾਨੂੰਨੀ ਨਿਰਮਾਣ ਹਟਾਏ ਅਤੇ ਸਥਾਨਕ ਸਰਕਾਰ ਦੀ ਜਵਾਬਦੇਹੀ ਵਧਾਈ। ਉਨ੍ਹਾਂ ਦੀ ਪ੍ਰਸਿੱਧੀ ਦਿਖਾਉਂਦੀ ਸੀ ਕਿ ਲੋਕ ਪਾਰਦਰਸ਼ੀ ਅਤੇ ਜ਼ਿੰਮੇਵਾਰ ਨੇਤਾਵਾਂ ਦੀ ਭਾਲ ਵਿੱਚ ਸਨ, ਪਰ ਉਨ੍ਹਾਂ ਦੀਆਂ ਨਿੱਜੀ ਕਾਮਯਾਬੀਆਂ ਰਾਸ਼ਟਰੀ ਸਿਆਸੀ ਅਸਥਿਰਤਾ ਨੂੰ ਪੂਰੀ ਤਰ੍ਹਾਂ ਨਹੀਂ ਬਦਲ ਸਕੀਆਂ।

### 2025 ਦਾ ਸੰਘਰਸ਼

9 ਸਤੰਬਰ 2025 ਨੂੰ ਪ੍ਰਧਾਨ ਮੰਤਰੀ ਕੇ.ਪੀ. ਸ਼ਰਮਾ ਓਲੀ ਦਾ ਅਸਤੀਫਾ ਸਿਰਫ਼ ਸਿਆਸੀ ਘਟਨਾ ਨਹੀਂ ਸੀ। ਇਹ ਸਾਲਾਂ ਦੀ ਨਿਰਾਸ਼ਾ ਅਤੇ ਅਧੂਰੀਆਂ ਉਮੀਦਾਂ ਦਾ ਨਤੀਜਾ ਸੀ। 1951, 1990, 2006 ਅਤੇ 2015 ਦੇ ਅਧੂਰੇ ਇਨਕਲਾਬਾਂ ਨੇ ਅੱਜ ਦੀ ਅਸਥਿਰਤਾ ਨੂੰ ਜਨਮ ਦਿੱਤਾ।

ਹਰ ਪੀੜ੍ਹੀ ਨੇ ਲੋਕਤੰਤਰ, ਬਰਾਬਰੀ ਅਤੇ ਨਿਆਂ ਦੀ ਮੰਗ ਕੀਤੀ, ਪਰ ਹਰ ਵਾਰ ਉਮੀਦਾਂ ਅਧੂਰੀਆਂ ਰਹੀਆਂ। ਅੱਜ ਸੜਕਾਂ 'ਤੇ ਗੁੱਸਾ ਅਤੇ ਪ੍ਰਦਰਸ਼ਨ ਪੁਰਾਣੇ ਅਧੂਰੇ ਵਾਅਦਿਆਂ ਦਾ ਨਤੀਜਾ ਹਨ। ਇਹ ਸੰਘਰਸ਼ ਸਿਰਫ਼ ਸੱਤਾ ਲਈ ਨਹੀਂ, ਸਗੋਂ ਨੇਪਾਲ ਦੀ ਅਸਲ ਆਜ਼ਾਦੀ ਅਤੇ ਸਨਮਾਨ ਲਈ ਹੈ।

### ਭਾਰਤ ਦੀ ਭੂਮਿਕਾ

ਭਾਰਤ ਨੇ ਨੇਪਾਲ ਦੀ ਸਿਆਸਤ ਵਿੱਚ ਵੱਡੀ ਭੂਮਿਕਾ ਨਿਭਾਈ। 1951 ਵਿੱਚ ਜਵਾਹਰ ਲਾਲ ਨਹਿਰੂ ਨੇ ਰਾਣਾ ਸ਼ਾਸਨ ਦੇ ਅੰਤ ਵਿੱਚ ਮਦਦ ਕੀਤੀ। 1990 ਵਿੱਚ ਰਾਜੀਵ ਗਾਂਧੀ ਨੇ ਰਾਜਾ ਬੀਰੇਂਦਰ ਨੂੰ ਸੰਵਿਧਾਨਕ ਲੋਕਤੰਤਰ ਲਈ ਮਨਾਇਆ। 2006 ਵਿੱਚ ਮਨਮੋਹਨ ਸਿੰਘ ਦੀ ਸਰਕਾਰ ਨੇ ਸ਼ਾਂਤੀ ਸਮਝੌਤੇ ਵਿੱਚ ਸਹਿਯੋਗ ਦਿੱਤਾ।

ਪਰ ਭਾਰਤ ਦੀ ਭੂਮਿਕਾ ਹਮੇਸ਼ਾ ਸਵੀਕਾਰ ਨਹੀਂ ਹੋਈ। 1989 ਅਤੇ 2015 ਦੀਆਂ ਨਾਕਾਬੰਦੀਆਂ ਨੇ ਨੇਪਾਲੀਆਂ ਵਿੱਚ ਨਾਰਾਜ਼ਗੀ ਵਧਾਈ। ਭਾਰਤ ਨੂੰ ਨੇਪਾਲ ਨੂੰ ਸਿਰਫ਼ ਰਣਨੀਤਕ ਸਾਥੀ ਨਹੀਂ, ਸਗੋਂ ਸੱਚੇ ਸਾਥੀ ਵਜੋਂ ਵੇਖਣਾ ਚਾਹੀਦਾ ਹੈ। ਸਾਂਝੀ ਵਿਰਾਸਤ, ਸੱਭਿਆਚਾਰਕ ਨੇੜਤਾ ਅਤੇ ਖੁੱਲ੍ਹੀ ਸਰਹੱਦ 'ਤੇ ਆਧਾਰਤ ਸੰਬੰਧ ਹੀ ਟਿਕਾਊ ਹੋ ਸਕਦੇ ਹਨ।

### ਅਧੂਰੀਆਂ ਉਮੀਦਾਂ ਦਾ ਸੁਨੇਹਾ

ਨੇਪਾਲ ਦਾ ਇਤਿਹਾਸ ਵਾਰ-ਵਾਰ ਵਾਪਸ ਆਉਂਦਾ ਹੈ। ਹਰ ਦਹਾਕੇ ਵਿੱਚ ਨਵੀਆਂ ਆਵਾਜ਼ਾਂ ਨਾਲ ਪੁਰਾਣੀਆਂ ਮੰਗਾਂ ਦੁਹਰਾਈਆਂ ਜਾਂਦੀਆਂ ਹਨ। ਅੱਜ ਦਾ ਸੰਕਟ ਸਿਰਫ਼ ਬੇਰੁਜ਼ਗਾਰੀ ਜਾਂ ਭ੍ਰਿਸ਼ਟਾਚਾਰ ਦਾ ਨਹੀਂ, ਸਗੋਂ 1951, 1990, 2006 ਅਤੇ 2015 ਦੇ ਅਧੂਰੇ ਵਾਅਦਿਆਂ ਦਾ ਹਿਸਾਬ ਹੈ। ਕਾਠਮੰਡੂ ਦੇ ਲੋਕ ਆਪਣੇ ਹੱਕ ਅਤੇ ਸਨਮਾਨ ਲਈ ਮੁੜ ਉੱਠ ਖੜ੍ਹੇ ਹਨ। ਉਨ੍ਹਾਂ ਦੇ ਸੰਘਰਸ਼ ਨੂੰ ਨਜ਼ਰਅੰਦਾਜ਼ ਕਰਨਾ ਹੁਣ ਕਿਸੇ ਲਈ ਸੌਖਾ ਨਹੀਂ।

---

*('ਦ ਵਾਇਰ' ਤੋਂ ਧੰਨਵਾਦ ਸਹਿਤ)*

### ਜ਼ਰੂਰੀ

**'ਪੰਜਾਬੀ ਪਰਵਾਜ਼' ਵਿੱਚ ਵੱਖ-ਵੱਖ ਲੇਖ ਸਿਰਫ ਵਿਚਾਰਾਂ ਦੇ ਵਟਾਂਦਰੇ ਅਤੇ ਇੱਕ-ਦੂਜੇ ਤੱਕ ਜਾਣਕਾਰੀ ਜਾਂ ਅਨੁਭਵ ਪਹੁੰਚਦੇ ਕਰਨ ਦੇ ਮਕਸਦ ਨਾਲ ਛਾਪੇ ਗਏ ਹਨ। ਲੇਖਾਂ ਵਿਚਲੇ ਵਿਚਾਰਾਂ/ਤੱਥਾਂ ਨਾਲ ਸਹਿਮਤ ਹੋਣਾ ਜਾਂ ਨਾ ਹੋਣਾ ਪਾਠਕਾਂ ਦਾ ਨਿੱਜੀ ਮਸਲਾ ਹੈ। ਲੇਖਾਂ/ਰਚਨਾਵਾਂ ਵਿੱਚ ਹਲਕੀ ਕਿਸਮ ਦੀ ਭਾਸ਼ਾ ਤੋਂ ਗੁਰੇਜ ਕਰਨਾ ਅਤੇ ਲੋਕ-ਪੱਖੀ ਤੇ ਮਿਆਰੀ ਲਿਖਤਾਂ ਨੂੰ ਪਾਠਕਾਂ ਤੱਕ ਪੁੱਜਦਾ ਕਰਨਾ 'ਪੰਜਾਬੀ ਪਰਵਾਜ਼' ਦੀ ਪਹਿਲ ਹੋਵੇਗੀ।**

**Punjabi Parwaz LLC - DBA Punjabi Parwaz**

**Address:**
827 E. Kings Row, Unit# 7, Palatine, IL 60074

**Managed by:**
Anureet Kaur & Kuljeet Singh

**Punjab Incharge:**
Jasvir Singh Mangat

**'ਪੰਜਾਬੀ ਪਰਵਾਜ਼' ਨੂੰ ਆਪਣੇ ਫੋਨ ਉਤੇ ਪੜ੍ਹਨ ਲਈ ਫੋਨ: 224-386-4548 ਉਤੇ ਸੰਪਰਕ ਕਰੋ ਜਾਂ ਸਾਡੀ ਵੈਬਸਾਈਟ www.punjabiparwaz.com ਉਤੇ ਈਪੇਪਰ ਦਾ ਬਟਨ ਕਲਿੱਕ ਕਰੋ**

**ਪੰਜਾਬੀ ਪਰਵਾਜ਼** Punjabi Parwaz **ਬੋਰਡ ਮੈਂਬਰ**

ਬਲਵਿੰਦਰ ਸਿੰਘ (ਬੌਬ) ਸੰਧੂ
ਦਵਿੰਦਰ ਸਿੰਘ ਰੰਗੀ
ਮਨਜਿੰਦਰ ਸਿੰਘ (ਮੈਕ) ਭਮਰਾ
ਗੁਰਿੰਦਰਜੀਤ ਸਿੰਘ ਗਰੇਵਾਲ
ਦੀਦਾਰ ਸਿੰਘ ਧਨੋਆ
ਯਾਦਵਿੰਦਰ ਸਿੰਘ (ਰਿੰਪੀ) ਖੱਟੜਾ
ਅਮਰਜੀਤ ਸਿੰਘ ਢੀਂਡਸਾ
ਜੋਧ ਸਿੰਘ ਸਿੱਧੂ
ਬੇਅੰਤ ਸਿੰਘ ਬੈਂਪਾਰਾਏ
ਅਮਰੀਕ ਸਿੰਘ ਸ਼ਿਕਾਗੋ
ਕਿਰਪਾਲ ਸਿੰਘ ਰੰਧਾਵਾ
ਅੰਮ੍ਰਿਤਪਾਲ ਸਿੰਘ ਗਿੱਲ
ਬਲਵਿੰਦਰ ਸਿੰਘ ਚੱਠਾ
ਦਰਸ਼ਨ ਸਿੰਘ ਪੰਮਾ
ਗੁਰਵਿੰਦਰ ਸਿੰਘ ਬੱਬੂ (ਐਪਲਟਨ)
ਬਿਕਰਮ ਸਿੰਘ ਸਿੱਧੂ
ਪਰਮਜੀਤ ਸਿੰਘ ਸਿੱਧੂ (ਮਹਿਰਾਜ)
ਮਨਮਿੰਦਰ ਸਿੰਘ ਹੀਰ
ਬਲਜੀਤ ਸਿੰਘ ਸਿੱਧੂ (ਫਲੋਰਿਡਾ)
ਮਿੰਨੀ ਮੁਲਤਾਨੀ
ਗੁਰਪ੍ਰੀਤ ਕੇ. ਸਿੰਘ
ਲਾਲੀ ਧਾਲੀਵਾਲ
ਇੰਦਰ ਹੁੰਜਣ
ਜਿਗਰਦੀਪ ਸਿੰਘ ਢਿੱਲੋਂ
ਅਮਨਦੀਪ ਸਿੰਘ ਕੁਲਾਰ
ਪਰਮਿੰਦਰ ਸਿੰਘ (ਯੂਬਾ ਸਿਟੀ)
ਜਗਜੀਤ ਸਿੰਘ ਖੇੜਾ (ਓਕਲਾਹੋਮਾ)
ਹਰਕੇਵਲ ਸਿੰਘ ਲਾਲੀ

# ਈਰਾਨ 'ਤੇ 'ਸਨੈਪਬੈਕ' ਪਾਬੰਦੀਆਂ ਹਟਾਉਣ ਦਾ ਪ੍ਰਸਤਾਵ ਰੱਦ

**ਪੰਜਾਬੀ ਪਰਵਾਜ਼ ਬਿਊਰੋ**

ਈਰਾਨ ਦੇ ਪ੍ਰਮਾਣੂ ਪ੍ਰੋਗਰਾਮ ਨੂੰ ਲੈ ਕੇ ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ ਵਿੱਚ ਸ਼ੁੱਕਰਵਾਰ ਨੂੰ ਇੱਕ ਅਹਿਮ ਪ੍ਰਸਤਾਵ 'ਤੇ ਵੋਟਿੰਗ ਹੋਈ, ਪਰ ਇਹ ਪ੍ਰਸਤਾਵ ਪਾਸ ਨਹੀਂ ਹੋ ਸਕਿਆ। ਇਸ ਪ੍ਰਸਤਾਵ ਦਾ ਮਕਸਦ ਈਰਾਨ 'ਤੇ ਮੁੜ ਲੱਗਣ ਵਾਲੀਆਂ ਸਖਤ ਪਾਬੰਦੀਆਂ ਨੂੰ ਰੋਕਣਾ ਸੀ। ਹੁਣ ਤੈਅ ਸਮਾਂ-ਸੀਮਾ ਅਨੁਸਾਰ ਸਤੰਬਰ ਦੇ ਅੰਤ ਤੱਕ ਇਹ ਪਾਬੰਦੀਆਂ ਆਪਣੇ-ਆਪ ਲਾਗੂ ਹੋ ਜਾਣਗੀਆਂ।

ਜ਼ਿਕਰਯੋਗ ਹੈ ਕਿ 2015 ਵਿੱਚ ਈਰਾਨ ਅਤੇ ਵਿਸ਼ਵ ਸ਼ਕਤੀਆਂ ਵਿਚਕਾਰ ਪ੍ਰਮਾਣੂ ਸਮਝੌਤਾ ਹੋਇਆ ਸੀ। ਇਸ ਸਮਝੌਤੇ ਅਨੁਸਾਰ ਈਰਾਨ 'ਤੇ ਲੱਗੀਆਂ ਕਈ ਅੰਤਰਰਾਸ਼ਟਰੀ ਪਾਬੰਦੀਆਂ ਹਟਾ ਦਿੱਤੀਆਂ ਗਈਆਂ ਸਨ; ਪਰ ਇਸ ਸਮਝੌਤੇ ਵਿੱਚ 'ਸਨੈਪਬੈਕ ਮਕੈਨਿਜ਼ਮ' ਨਾਮ ਦਾ ਇੱਕ ਪ੍ਰਬੰਧ ਸੀ, ਜਿਸ ਦਾ ਮਤਲਬ ਹੈ ਕਿ ਜੇਕਰ ਈਰਾਨ ਸਮਝੌਤੇ ਦੀਆਂ ਸ਼ਰਤਾਂ ਦੀ ਪਾਲਣਾ ਨਹੀਂ ਕਰਦਾ, ਤਾਂ ਪਹਿਲਾਂ ਵਾਲੀਆਂ ਸਾਰੀਆਂ ਪਾਬੰਦੀਆਂ ਮੁੜ ਤੋਂ ਲਾਗੂ ਹੋ ਜਾਣਗੀਆਂ। ਯੂਰਪ ਦੇ ਤਿੰਨ ਵੱਡੇ ਦੇਸ਼ਾਂ- ਫਰਾਂਸ, ਜਰਮਨੀ ਅਤੇ ਬਰਤਾਨੀਆ ਨੇ ਪਿਛਲੇ ਮਹੀਨੇ ਇਸ ਮਕੈਨਿਜ਼ਮ ਨੂੰ ਸਰਗਰਮ ਕਰ ਦਿੱਤਾ ਸੀ। ਉਨ੍ਹਾਂ ਅਨੁਸਾਰ ਈਰਾਨ ਨੇ ਸਮਝੌਤੇ ਦੀਆਂ ਸ਼ਰਤਾਂ ਦੀ ਉਲੰਘਣਾ ਕੀਤੀ ਹੈ, ਜਿਸ ਕਾਰਨ ਹੁਣ ਉਸ 'ਤੇ ਮੁੜ ਪਾਬੰਦੀਆਂ ਲੱਗਣਗੀਆਂ। ਇਨ੍ਹਾਂ ਪਾਬੰਦੀਆਂ ਵਿੱਚ ਹਥਿਆਰਾਂ ਦੀ ਖਰੀਦ-ਵਿਕਰੀ 'ਤੇ ਰੋਕ, ਬੈਲਿਸਟਿਕ ਮਿਜ਼ਾਈਲ ਵਿਕਾਸ 'ਤੇ ਪਾਬੰਦੀ, ਜਾਇਦਾਦ ਜ਼ਬਤ ਕਰਨਾ, ਯਾਤਰਾ 'ਤੇ ਰੋਕ ਅਤੇ ਪ੍ਰਮਾਣੂ ਤਕਨੀਕ ਨਾਲ ਜੁੜੀਆਂ ਸਰਗਰਮੀਆਂ 'ਤੇ ਪੂਰੀ ਤਰ੍ਹਾਂ ਪਾਬੰਦੀ ਸ਼ਾਮਲ ਹੈ।

**ਵੋਟਿੰਗ ਵਿੱਚ ਕੌਣ ਕਿਸ ਦੇ ਨਾਲ?**

ਇਸ ਪ੍ਰਸਤਾਵ ਨੂੰ ਦੱਖਣੀ ਕੋਰੀਆ, ਜੋ ਇਸ ਸਮੇਂ ਸੁਰੱਖਿਆ ਪਰਿਸ਼ਦ ਦਾ ਪ੍ਰਧਾਨ ਹੈ, ਨੇ ਪੇਸ਼ ਕੀਤਾ ਸੀ। ਪ੍ਰਸਤਾਵ ਨੂੰ ਪਾਸ ਕਰਨ ਲਈ 15 ਮੈਂਬਰ ਦੇਸ਼ਾਂ ਵਿੱਚੋਂ ਘੱਟੋ-ਘੱਟ 9 ਵੋਟਾਂ ਦੀ ਲੋੜ ਸੀ, ਪਰ ਇਸ ਨੂੰ ਸਿਰਫ਼ ਚਾਰ ਦੇਸ਼ਾਂ- ਚੀਨ, ਰੂਸ, ਪਾਕਿਸਤਾਨ ਅਤੇ ਅਲਜੀਰੀਆ ਦਾ ਸਮਰਥਨ ਮਿਲਿਆ। ਨਤੀਜੇ ਵਜੋਂ ਪ੍ਰਸਤਾਵ ਰੱਦ ਹੋ ਗਿਆ ਅਤੇ ਹੁਣ ਪਾਬੰਦੀਆਂ ਲੱਗਣਾ ਲਗਭਗ ਤੈਅ ਹੈ।

ਰੂਸ ਦੇ ਸੰਯੁਕਤ ਰਾਸ਼ਟਰ ਦੂਤ ਵਾਸਿਲੀ ਨੇਬੇਂਜ਼ੀਆ ਨੇ ਵੋਟਿੰਗ ਤੋਂ ਪਹਿਲਾਂ ਕਿਹਾ, "ਕੁਝ ਯੂਰਪੀ ਦੇਸ਼ ਇਸ ਪਰਿਸ਼ਦ ਦੀ ਵਰਤੋਂ ਆਪਣੇ ਸਿਆਸੀ ਮਕਸਦਾਂ ਲਈ ਕਰ ਰਹੇ ਹਨ ਅਤੇ ਈਰਾਨ 'ਤੇ ਗਲਤ ਤਰੀਕੇ ਨਾਲ ਦਬਾਅ ਬਣਾ ਰਹੇ ਹਨ।"

ਚੇਤੇ ਰਹੇ, ਪਿਛਲੇ ਕਈ ਹਫਤਿਆਂ ਤੋਂ ਯੂਰਪੀ ਦੇਸ਼ਾਂ ਅਤੇ ਈਰਾਨ ਵਿਚਕਾਰ ਗੱਲਬਾਤ ਹੋਈ, ਪਰ ਕੋਈ ਨਤੀਜਾ ਨਹੀਂ ਨਿਕਲਿਆ। ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਂ ਨੇ ਇਜ਼ਰਾਈਲ ਦੇ ਇੱਕ ਚੈਨਲ ਨੂੰ ਦਿੱਤੇ ਇੰਟਰਵਿਊ ਵਿੱਚ ਸਪੱਸ਼ਟ ਕਿਹਾ, "ਹਾਂ! ਪਾਬੰਦੀਆਂ ਲੱਗਣਾ ਲਗਭਗ ਤੈਅ ਹੈ, ਕਿਉਂਕਿ ਈਰਾਨ ਵੱਲੋਂ ਕੋਈ ਗੰਭੀਰ ਕਦਮ ਨਹੀਂ ਚੁੱਕਿਆ ਗਿਆ।" ਯੂਰਪੀ ਸੰਘ ਦੀ ਸਿਖਰਲੀ ਰਾਜਨੇਤਾ ਕਾਇਆ ਕੈਲਾਸ ਨੇ ਚੇਤਾਵਨੀ ਦਿੱਤੀ ਕਿ "ਈਰਾਨ ਕੋਲ ਹੱਲ ਲੱਭਣ ਦਾ ਮੌਕਾ ਬਹੁਤ ਤੇਜ਼ੀ ਨਾਲ ਖਤਮ ਹੋ ਰਿਹਾ ਹੈ। ਉਸ ਨੂੰ ਤੁਰੰਤ ਅੰਤਰਰਾਸ਼ਟਰੀ ਪ੍ਰਮਾਣੂ ਊਰਜਾ ਏਜੰਸੀ (ਆਈ.ਏ.ਈ.ਏ.) ਨੂੰ ਸਾਰੇ ਪ੍ਰਮਾਣੂ ਸਥਾਨਾਂ ਦੀ ਜਾਂਚ ਦੀ ਇਜਾਜ਼ਤ ਦੇਣੀ ਹੋਵੇਗੀ।"

ਦੂਜੇ ਪਾਸੇ ਈਰਾਨ ਦੇ ਵਿਦੇਸ਼ ਮੰਤਰੀ ਅੱਬਾਸ ਅਰਾਘਚੀ ਨੇ ਇਸ ਫੈਸਲੇ ਨੂੰ ਗੈਰ-ਕਾਨੂੰਨੀ ਅਤੇ ਗਲਤ ਦੱਸਿਆ। ਉਨ੍ਹਾਂ ਕਿਹਾ ਕਿ ਈਰਾਨ ਨੇ ਆਈ.ਏ.ਈ.ਏ. ਨਾਲ ਸਮਝੌਤਾ ਕੀਤਾ ਹੈ, ਜਿਸ ਅਨੁਸਾਰ ਏਜੰਸੀ ਨੂੰ ਸਾਰੇ ਪ੍ਰਮਾਣੂ ਸਥਾਨਾਂ ਤੱਕ ਪਹੁੰਚ ਦਿੱਤੀ ਜਾਵੇਗੀ। ਆਈ.ਏ.ਈ.ਏ. ਮੁਖੀ ਰਾਫੇਲ ਗਰੋਸੀ ਅਨੁਸਾਰ ਇਸ ਸਮਝੌਤੇ ਅਨੁਸਾਰ ਜਾਂਚ ਦੀ ਪ੍ਰਕਿਰਿਆ ਅਤੇ ਰਿਪੋਰਟਿੰਗ ਦੇ ਸਪੱਸ਼ਟ ਨਿਯਮ ਤੈਅ ਕੀਤੇ ਗਏ ਹਨ, ਪਰ ਜਾਂਚ ਕਦੋਂ ਸ਼ੁਰੂ ਹੋਵੇਗੀ, ਇਹ ਅਜੇ ਤੈਅ ਨਹੀਂ ਹੈ।

**ਹਾਲੀਆ ਜੰਗ ਨੇ ਸਥਿਤੀ ਹੋਰ ਵਿਗਾੜੀ**

ਜੂਨ ਵਿੱਚ ਇਜ਼ਰਾਈਲ ਅਤੇ ਅਮਰੀਕਾ ਨੇ ਈਰਾਨ ਦੇ ਕਈ ਪ੍ਰਮਾਣੂ ਸਥਾਨਾਂ 'ਤੇ ਹਵਾਈ ਹਮਲੇ ਕੀਤੇ ਸਨ। ਇਸ 12 ਦਿਨਾਂ ਦੀ ਜੰਗ ਨੇ ਈਰਾਨ ਦੇ ਪ੍ਰਮਾਣੂ ਭੰਡਾਰ ਅਤੇ ਹਥਿਆਰ-ਪੱਧਰ ਦੇ ਯੂਰੇਨੀਅਮ 'ਤੇ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ। ਸਨੈਪਬੈਕ ਪਾਬੰਦੀਆਂ ਲਾਗੂ ਹੋਣ ਤੋਂ ਬਾਅਦ ਈਰਾਨ ਅਤੇ ਪੱਛਮੀ ਦੇਸ਼ਾਂ ਵਿਚਕਾਰ ਤਣਾਅ ਹੋਰ ਵਧਣ ਦੀ ਸੰਭਾਵਨਾ ਹੈ। ਪਹਿਲਾਂ ਈਰਾਨ ਨੇ ਚੇਤਾਵਨੀ ਦਿੱਤੀ ਸੀ ਕਿ ਜੇਕਰ ਪਾਬੰਦੀਆਂ ਮੁੜ ਲਾਗੂ ਕੀਤੀਆਂ ਗਈਆਂ, ਤਾਂ ਉਹ ਪ੍ਰਮਾਣੂ ਅਪ੍ਰਸਾਰ ਸੰਧੀ (ਐਨ.ਪੀ.ਟੀ.) ਤੋਂ ਬਾਹਰ ਹੋ ਸਕਦਾ ਹੈ। ਜੇਕਰ ਅਜਿਹਾ ਹੋਇਆ, ਤਾਂ ਈਰਾਨ ਉੱਤਰੀ ਕੋਰੀਆ ਵਾਂਗ ਪ੍ਰਮਾਣੂ ਹਥਿਆਰ ਵਿਕਸਤ ਕਰਨ ਦੇ ਰਾਹ 'ਤੇ ਜਾ ਸਕਦਾ ਹੈ।

**ਫਲਿਸਤੀਨ ਮੁੱਦੇ 'ਤੇ ਭਾਰਤ ਦੀ ਸਥਿਤੀ**

ਭਾਰਤ ਦੀ ਫਲਿਸਤੀਨ ਪ੍ਰਤੀ ਨੀਤੀ ਇਤਿਹਾਸਕ ਤੌਰ 'ਤੇ ਸੰਤੁਲਿਤ ਅਤੇ ਸਮਰਥਨ ਵਾਲੀ ਰਹੀ ਹੈ। ਭਾਰਤ ਨੇ ਨਾ ਸਿਰਫ਼ 1988 ਵਿੱਚ ਫਲਿਸਤੀਨ ਨੂੰ ਸੁਤੰਤਰ ਰਾਜ ਵਜੋਂ ਮਾਨਤਾ ਦਿੱਤੀ, ਸਗੋਂ ਸੰਯੁਕਤ ਰਾਸ਼ਟਰ ਦੇ ਵੱਖ-ਵੱਖ ਮੰਚਾਂ 'ਤੇ ਫਲਿਸਤੀਨੀ ਅਧਿਕਾਰਾਂ ਦੀ ਵਕਾਲਤ ਵੀ ਕੀਤੀ ਹੈ। ਇਸ ਤੋਂ ਇਲਾਵਾ, ਭਾਰਤ ਨੇ ਫਲਿਸਤੀਨ ਨੂੰ ਵਿਕਾਸ ਸਹਾਇਤਾ ਅਤੇ ਮਾਨਵਤਾਵਾਦੀ ਮਦਦ ਵੀ ਪ੍ਰਦਾਨ ਕੀਤੀ ਹੈ। ਉਦਾਹਰਣ ਵਜੋਂ ਭਾਰਤ ਨੇ ਫਲਿਸਤੀਨੀ ਸ਼ਰਨਾਰਥੀਆਂ ਲਈ ਸੰਯੁਕਤ ਰਾਸ਼ਟਰ ਰਾਹਤ ਅਤੇ ਕਾਰਜ ਏਜੰਸੀ (ਯੂ.ਐਨ.ਆਰ.ਡਬਲਯੂ.ਏ.) ਨੂੰ ਰੈਗੂਲਰ ਫੰਡਿੰਗ ਪ੍ਰਦਾਨ ਕੀਤੀ ਹੈ। 2024 ਵਿੱਚ ਭਾਰਤ ਨੇ ਯੂ.ਐਨ.ਆਰ.ਡਬਲਯੂ.ਏ. ਨੂੰ 5 ਮਿਲੀਅਨ ਡਾਲਰ ਦੀ ਸਹਾਇਤਾ ਦਿੱਤੀ, ਜੋ ਫਲਿਸਤੀਨੀ ਸ਼ਰਨਾਰਥੀਆਂ ਦੀ ਸਿੱਖਿਆ, ਸਿਹਤ ਅਤੇ ਸਮਾਜਿਕ ਸੇਵਾਵਾਂ ਲਈ ਵਰਤੀ ਜਾ ਰਹੀ ਹੈ।

ਇਸ ਦੇ ਨਾਲ ਹੀ ਭਾਰਤ ਨੇ ਇਜ਼ਰਾਈਲ ਨਾਲ ਵੀ ਮਜ਼ਬੂਤ ਸਬੰਧ ਬਣਾਏ ਹੋਏ ਹਨ।

## ਯੂ.ਐਨ. ਵੋਟਿੰਗ: ਭਾਰਤ ਫਲਿਸਤੀਨ ਦੀ ਹਮਾਇਤ 'ਚ ਭੁਗਤਿਆ



ਰਾਸ਼ਟਰਪਤੀ ਮਹਿਮੂਦ ਅੱਬਾਸ

***ਫਲਿਸਤੀਨ ਦੇ ਰਾਸ਼ਟਰਪਤੀ ਨੂੰ ਵਰਚੁਅਲ ਮਾਧਿਅਮ ਰਾਹੀਂ ਭਾਸ਼ਣ ਦੇਣ ਦੀ ਇਜਾਜ਼ਤ ਦੇਣ ਦਾ ਮਸਲਾ; 145 ਮੁਲਕਾਂ ਦਾ ਸਾਥ ਮਿਲਿਆ***

***ਫਲਿਸਤੀਨ ਮੁੱਦੇ 'ਤੇ ਭਾਰਤ ਦੀ ਇਤਿਹਾਸਕ ਸਥਿਤੀ ਅਤੇ ਮਾਨਵਤਾਵਾਦੀ ਸਹਾਇਤਾ ਨੇ ਉਸ ਨੂੰ ਅੰਤਰਰਾਸ਼ਟਰੀ ਭਾਈਚਾਰੇ ਵਿੱਚ ਇੱਕ ਜ਼ਿੰਮੇਵਾਰ ਖਿਡਾਰੀ ਵਜੋਂ ਸਥਾਪਤ ਕੀਤਾ ਹੈ। ਦੂਜੇ ਪਾਸੇ, ਈਰਾਨ 'ਤੇ ਸਨੈਪਬੈਕ ਪਾਬੰਦੀਆਂ ਦਾ ਮੁੜ ਲਾਗੂ ਹੋਣਾ ਮੱਧ ਪੂਰਬ ਵਿੱਚ ਤਣਾਅ ਨੂੰ ਹੋਰ ਵਧਾ ਸਕਦਾ ਹੈ। ਇਸ ਸਥਿਤੀ ਵਿੱਚ ਅੰਤਰਰਾਸ਼ਟਰੀ ਭਾਈਚਾਰੇ ਨੂੰ ਕੂਟਨੀਤਕ ਗੱਲਬਾਤ ਅਤੇ ਸਹਿਯੋਗ ਰਾਹੀਂ ਹੱਲ ਲੱਭਣ ਦੀ ਲੋੜ ਹੈ, ਤਾਂ ਜੋ ਸ਼ਾਂਤੀ ਅਤੇ ਸਥਿਰਤਾ ਨੂੰ ਉਤਸ਼ਾਹਿਤ ਕੀਤਾ ਜਾ ਸਕੇ।***

ਸੰਯੁਕਤ ਰਾਸ਼ਟਰ ਮਹਾਸਭਾ (ਯੂ.ਐਨ.ਜੀ.ਏ.) ਵਿੱਚ ਭਾਰਤ ਨੇ ਉਸ ਪ੍ਰਸਤਾਵ ਦੇ ਹੱਕ ਵਿੱਚ ਵੋਟ ਪਾਈ, ਜਿਸ ਵਿੱਚ ਫਲਿਸਤੀਨ ਦੇ ਰਾਸ਼ਟਰਪਤੀ ਮਹਿਮੂਦ ਅੱਬਾਸ ਨੂੰ ਵਰਚੁਅਲ ਮਾਧਿਅਮ ਰਾਹੀਂ ਭਾਸ਼ਣ ਦੇਣ ਦੀ ਇਜਾਜ਼ਤ ਦੇਣ ਦੀ ਗੱਲ ਸੀ। ਇਹ ਕਦਮ ਉਦੋਂ ਚੁੱਕਿਆ ਗਿਆ, ਜਦੋਂ ਟਰੰਪ ਪ੍ਰਸ਼ਾਸਨ ਨੇ ਅੱਬਾਸ ਦਾ ਅਮਰੀਕਾ ਦਾ ਵੀਜ਼ਾ ਰੱਦ ਕਰ ਦਿੱਤਾ। ਦੱਸ ਦਈਏ ਕਿ ਇਸ ਪ੍ਰਸਤਾਵ ਨੂੰ ਵੱਡਾ ਸਮਰਥਨ ਮਿਲਿਆ, ਜਿਸ ਵਿੱਚ 145 ਦੇਸ਼ਾਂ ਨੇ ਇਸ ਦੇ ਹੱਕ ਵਿੱਚ ਵੋਟ ਪਾਈ; ਜਦਕਿ ਪੰਜ ਦੇਸ਼ਾਂ- ਇਜ਼ਰਾਈਲ, ਅਮਰੀਕਾ, ਪਲਾਉ, ਪੈਰਾਗੁਏ ਤੇ ਨਾਉਰੂ ਨੇ ਇਸ ਦਾ ਵਿਰੋਧ ਕੀਤਾ ਅਤੇ ਛੇ ਦੇਸ਼ਾਂ ਨੇ ਵੋਟਿੰਗ ਤੋਂ ਦੂਰੀ ਬਣਾਈ ਰੱਖੀ। ਮਹਿਮੂਦ ਅੱਬਾਸ ਅਗਲੇ ਹਫਤੇ ਹੋਣ ਵਾਲੀ ਸੰਯੁਕਤ ਰਾਸ਼ਟਰ ਮਹਾਸਭਾ ਦੀ ਮੀਟਿੰਗ ਵਿੱਚ ਵੀਡੀਓ ਲਿੰਕ ਰਾਹੀਂ ਦੁਨੀਆ ਨੂੰ ਸੰਬੋਧਨ ਕਰਨਗੇ। ਇਸ ਫੈਸਲੇ ਨੂੰ ਫਲਿਸਤੀਨ ਦੇ ਹੱਕ ਵਿੱਚ ਇੱਕ ਵੱਡੀ ਕੂਟਨੀਤਕ ਜਿੱਤ ਮੰਨਿਆ ਜਾ ਰਿਹਾ ਹੈ, ਜਦਕਿ ਅਮਰੀਕਾ ਅਤੇ ਇਜ਼ਰਾਈਲ ਨੂੰ ਇਸ ਵਿੱਚ ਝਟਕਾ ਲੱਗਾ ਹੈ।

193 ਮੈਂਬਰੀ ਮਹਾਸਭਾ ਵਿੱਚ ਇਹ ਪ੍ਰਸਤਾਵ 'ਸਟੇਟ ਆਫ ਫਲਿਸਤੀਨ ਦੀ ਹਿੱਸੇਦਾਰੀ' ਸਿਰਲੇਖ ਹੇਠ ਪੇਸ਼ ਕੀਤਾ ਗਿਆ। ਇਸ ਪ੍ਰਸਤਾਵ ਅਨੁਸਾਰ 25 ਸਤੰਬਰ ਨੂੰ ਰਾਸ਼ਟਰਪਤੀ ਮਹਿਮੂਦ ਅੱਬਾਸ ਦਾ ਪਹਿਲਾਂ ਤੋਂ ਰਿਕਾਰਡ ਕੀਤਾ ਵੀਡੀਓ ਸੁਨੇਹਾ ਮਹਾਸਭਾ ਹਾਲ ਵਿੱਚ ਚਲਾਇਆ ਜਾਵੇਗਾ, ਜਿਸ ਨੂੰ ਉਥੇ ਮੌਜੂਦ ਉਨ੍ਹਾਂ ਦੇ ਪ੍ਰਤੀਨਿਧੀ ਵੱਲੋਂ ਰਸਮੀ ਤੌਰ 'ਤੇ ਪੇਸ਼ ਕੀਤਾ ਜਾਵੇਗਾ। ਇਹ ਫੈਸਲਾ ਫਲਿਸਤੀਨ ਦੇ ਅੰਤਰਰਾਸ਼ਟਰੀ ਸਥਾਨ ਨੂੰ ਮਜ਼ਬੂਤ ਕਰਨ ਵਿੱਚ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ।

ਮਹਾਸਭਾ ਦਾ 80ਵੇਂ ਸੈਸ਼ਨ ਵਿੱਚ ਫਲਿਸਤੀਨੀ ਰਾਸ਼ਟਰਪਤੀ ਦਾ ਸੰਬੋਧਨ ਤੈਅ ਹੈ। ਵਰਤਮਾਨ ਵਿੱਚ, ਫਲਿਸਤੀਨ ਨੂੰ ਸੰਯੁਕਤ ਰਾਸ਼ਟਰ ਵਿੱਚ ਗੈਰ-ਮੈਂਬਰ ਰਾਜ ਦਾ ਦਰਜਾ ਹਾਸਲ ਹੈ, ਜਿਸ ਦਾ ਮਤਲਬ ਹੈ ਕਿ ਉਹ ਮੀਟਿੰਗਾਂ ਵਿੱਚ ਹਿੱਸਾ ਲੈ ਸਕਦਾ ਹੈ, ਪਰ ਵੋਟ ਨਹੀਂ ਪਾ ਸਕਦਾ। ਸੰਯੁਕਤ ਰਾਸ਼ਟਰ ਵਿੱਚ ਇਹ ਦਰਜਾ ਸਿਰਫ਼ ਦੋ ਦੇਸ਼ਾਂ ਨੂੰ ਮਿਲਿਆ ਹੈ- ਫਲਿਸਤੀਨ ਅਤੇ ਵੈਟੀਕਨ ਸਿਟੀ।

ਭਾਰਤ ਨੇ 1988 ਵਿੱਚ ਫਲਿਸਤੀਨ ਨੂੰ ਇੱਕ ਸੁਤੰਤਰ ਰਾਜ ਵਜੋਂ ਮਾਨਤਾ ਦਿੱਤੀ ਸੀ ਅਤੇ ਲਗਾਤਾਰ ਦੋ-ਰਾਸ਼ਟਰ ਹੱਲ ਦਾ ਸਮਰਥਨ ਕਰਦਾ ਰਿਹਾ ਹੈ। ਇਹ ਸਮਰਥਨ ਭਾਰਤ ਦੀ ਵਿਦੇਸ਼ ਨੀਤੀ ਦਾ ਮਹੱਤਵਪੂਰਨ ਹਿੱਸਾ ਹੈ, ਜੋ ਫਲਿਸਤੀਨੀ ਲੋਕਾਂ ਦੇ ਅਧਿਕਾਰਾਂ ਅਤੇ ਸੁਤੰਤਰਤਾ ਦੀ ਵਕਾਲਤ ਕਰਦੀ ਹੈ।

**ਹੁਣ ਤੱਕ 140 ਤੋਂ ਵੱਧ ਮੁਲਕ ਫਲਿਸਤੀਨ ਦੇ ਹੱਕ ਵਿਚ**

## ਪੁਰਤਗਾਲ ਵੱਲੋਂ ਵੀ ਫਲਿਸਤੀਨ ਨੂੰ ਮਾਨਤਾ

ਕੈਨੇਡਾ, ਆਸਟ੍ਰੇਲੀਆ ਅਤੇ ਬਰਤਾਨੀਆ ਤੋਂ ਬਾਅਦ ਹੁਣ ਪੁਰਤਗਾਲ ਨੇ ਵੀ ਇੱਕ ਸੁਤੰਤਰ ਫਲਿਸਤੀਨੀ ਰਾਜ ਨੂੰ ਅਧਿਕਾਰਤ ਮਾਨਤਾ ਦੇਣ ਦਾ ਐਲਾਨ ਕੀਤਾ ਹੈ। ਐਤਵਾਰ ਨੂੰ ਪੁਰਤਗਾਲ ਦੇ ਵਿਦੇਸ਼ ਮੰਤਰੀ ਪਾਉਲੋ ਰੰਗੇਲ ਨੇ ਇਹ ਐਲਾਨ ਕੀਤਾ। ਉਨ੍ਹਾਂ ਨੇ ਕਿਹਾ ਕਿ ਪੁਰਤਗਾਲ ਹੁਣ ਅਧਿਕਾਰਤ ਤੌਰ 'ਤੇ ਫਲਿਸਤੀਨ ਨੂੰ ਇੱਕ ਰਾਜ ਵਜੋਂ ਮਾਨਤਾ ਦਿੰਦਾ ਹੈ। ਇਸ ਦੇ ਨਾਲ ਹੀ ਵਿਦੇਸ਼ ਮੰਤਰੀ ਨੇ ਇਜ਼ਰਾਇਲ ਅਤੇ ਫਲਿਸਤੀਨ ਵਿਚਕਾਰ ਦੋ-ਰਾਜ ਸਮਝੌਤੇ ਦੀ ਹਮਾਇਤ ਕਰਦਿਆਂ ਇਸ ਨੂੰ ਦੋਹਾਂ ਮੁਲਕਾਂ ਅਤੇ ਖੇਤਰ ਵਿੱਚ ਸਥਾਈ ਸ਼ਾਂਤੀ ਦਾ ਇਕਮਾਤਰ ਰਾਹ ਦੱਸਿਆ।

ਸੰਯੁਕਤ ਰਾਸ਼ਟਰ ਮਹਾਸਭਾ ਦੀ ਸਾਲਾਨਾ ਮੀਟਿੰਗ ਤੋਂ ਪਹਿਲਾਂ ਨਿਊ ਯਾਰਕ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਰੰਗੇਲ ਨੇ ਕਿਹਾ ਕਿ ਫਲਿਸਤੀਨ ਰਾਜ ਨੂੰ ਮਾਨਤਾ ਦੇਣਾ ਇੱਕ ਬੁਨਿਆਦੀ, ਵਾਜਿਬ ਅਤੇ ਵਿਆਪਕ ਤੌਰ 'ਤੇ ਸਹਿਮਤ ਨੀਤੀ ਦੀ ਪੂਰਤੀ ਹੈ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਪੁਰਤਗਾਲ ਦੋ-ਰਾਜ ਸਮਝੌਤੇ ਨੂੰ ਨਿਆਂ-ਪੂਰਨ ਅਤੇ ਸਥਾਈ ਸ਼ਾਂਤੀ ਦਾ ਇਕਮਾਤਰ ਰਾਹ ਮੰਨਦਾ ਹੈ, ਜੋ ਇਜ਼ਰਾਇਲ ਅਤੇ ਫਲਿਸਤੀਨ ਵਿਚਕਾਰ ਸਹਿ-ਹੋਂਦ ਅਤੇ ਸ਼ਾਂਤੀਪੂਰਨ ਸਬੰਧਾਂ ਨੂੰ ਉਤਸ਼ਾਹਿਤ ਕਰਦਾ ਹੈ। ਉਨ੍ਹਾਂ ਨੇ ਇਹ ਵੀ ਕਿਹਾ ਕਿ ਇਹ ਫੈਸਲਾ ਕੌਮਾਂਤਰੀ ਕਾਨੂੰਨ ਅਤੇ ਸੰਯੁਕਤ ਰਾਸ਼ਟਰ ਦੇ ਪ੍ਰਸਤਾਵਾਂ ਦੇ ਅਨੁਸਾਰ ਹੈ, ਜੋ ਫਲਿਸਤੀਨੀ ਲੋਕਾਂ ਦੇ ਸਵੈ-ਨਿਰਣੇ ਦੇ ਅਧਿਕਾਰ ਦੀ ਵਕਾਲਤ ਕਰਦੇ ਹਨ।

ਇਸ ਤੋਂ ਪਹਿਲਾਂ ਅਮਰੀਕਾ ਅਤੇ ਇਜ਼ਰਾਇਲ ਦੇ ਵਿਰੋਧ ਦੇ ਬਾਵਜੂਦ ਬਰਤਾਨੀਆ ਨੇ ਇੱਕ ਇਤਿਹਾਸਕ ਕਦਮ ਚੁੱਕਦਿਆਂ ਫਲਿਸਤੀਨ ਰਾਜ ਨੂੰ ਅਧਿਕਾਰਤ ਮਾਨਤਾ ਦੇਣ ਦਾ ਐਲਾਨ ਕੀਤਾ ਸੀ। ਇਸ ਦੇ ਨਾਲ ਹੀ ਕੈਨੇਡਾ ਅਤੇ ਆਸਟ੍ਰੇਲੀਆ ਨੇ ਵੀ ਫਲਿਸਤੀਨ ਨੂੰ ਮਾਨਤਾ ਦੇਣ ਦਾ ਐਲਾਨ ਕੀਤਾ। ਬ੍ਰਿਟੇਨ ਦੇ ਇਸ ਫੈਸਲੇ ਨੇ ਸੰਯੁਕਤ ਰਾਸ਼ਟਰ ਮਹਾਸਭਾ ਤੋਂ ਪਹਿਲਾਂ ਅੰਤਰਰਾਸ਼ਟਰੀ ਸਮੀਕਰਨਾਂ ਨੂੰ ਹਿਲਾ ਦਿੱਤਾ ਹੈ ਅਤੇ ਇਸ ਨਾਲ ਇਜ਼ਰਾਇਲ ਅਤੇ ਅਮਰੀਕਾ ਵਿੱਚ ਨਾਰਾਜ਼ਗੀ ਦੀ ਸੰਭਾਵਨਾ ਹੈ।

ਬਰਤਾਨਵੀ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਐਤਵਾਰ ਨੂੰ ਸੋਸ਼ਲ ਮੀਡੀਆ 'ਤੇ ਇੱਕ ਪੋਸਟ ਵਿੱਚ ਲਿਖਿਆ, "ਅੱਜ ਅਸੀਂ ਫਲਿਸਤੀਨੀਆਂ ਤੇ ਇਜ਼ਰਾਇਲੀਆਂ ਲਈ ਸ਼ਾਂਤੀ ਦੀ ਉਮੀਦ ਨੂੰ ਮੁੜ ਸੁਰਜੀਤ ਕਰਨ ਅਤੇ ਦੋ-ਰਾਜ ਸਮਝੌਤੇ ਨੂੰ ਅੱਗੇ ਵਧਾਉਣ ਲਈ ਅਧਿਕਾਰਤ ਤੌਰ 'ਤੇ ਫਲਿਸਤੀਨ ਰਾਜ ਨੂੰ ਮਾਨਤਾ ਦਿੱਤੀ ਹੈ।" ਇਸ ਫੈਸਲੇ ਨਾਲ ਬਰਤਾਨੀਆ ਉਨ੍ਹਾਂ 140 ਤੋਂ ਵੱਧ ਮੁਲਕਾਂ ਦੀ ਸੂਚੀ ਵਿੱਚ ਸ਼ਾਮਲ ਹੋ ਗਿਆ ਹੈ, ਜਿਨ੍ਹਾਂ ਨੇ ਫਲਿਸਤੀਨ ਨੂੰ ਇੱਕ ਰਾਜ ਵਜੋਂ ਮਾਨਤਾ ਦਿੱਤੀ ਹੈ। ਇਸ ਫੈਸਲੇ ਦਾ ਪ੍ਰਤੀਕਾਤਮਕ ਮਹੱਤਵ ਵੀ ਹੈ, ਕਿਉਂਕਿ ਬਰਤਾਨੀਆ ਨੇ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਇਜ਼ਰਾਇਲ ਦੇ ਇੱਕ ਆਧੁਨਿਕ ਰਾਸ਼ਟਰ ਵਜੋਂ ਨਿਰਮਾਣ ਵਿੱਚ ਮੁੱਖ ਭੂਮਿਕਾ ਨਿਭਾਈ ਸੀ। 1948 ਵਿੱਚ ਬ੍ਰਿਟਿਸ਼ ਮੈਂਡੇਟ ਦੇ ਅੰਤ ਤੋਂ ਬਾਅਦ ਇਜ਼ਰਾਇਲ ਦੀ ਸਥਾਪਨਾ ਹੋਈ ਸੀ ਅਤੇ ਹੁਣ ਫਲਿਸਤੀਨ ਨੂੰ ਮਾਨਤਾ ਦੇਣਾ ਇੱਕ ਵੱਡਾ ਸਿਆਸੀ ਸੰਕੇਤ ਹੈ।

ਯਾਦ ਰਹੇ, ਬਰਤਾਨੀਆ ਨੇ ਜੁਲਾਈ 2025 ਵਿੱਚ ਇਜ਼ਰਾਇਲ ਨੂੰ ਇੱਕ ਅਲਟੀਮੇਟਮ ਦਿੱਤਾ ਸੀ, ਜਿਸ ਵਿੱਚ ਕਿਹਾ ਗਿਆ ਸੀ ਕਿ ਜੇਕਰ ਗਾਜ਼ਾ ਵਿੱਚ ਸਥਿਤੀਆਂ ਵਿੱਚ ਸੁਧਾਰ ਨਾ ਹੋਇਆ ਤਾਂ ਉਹ ਫਲਿਸਤੀਨ ਨੂੰ ਮਾਨਤਾ ਦੇਣ ਦਾ ਕਦਮ ਚੁੱਕ ਸਕਦਾ ਹੈ। ਇਸੇ ਤਰ੍ਹਾਂ ਕੈਨੇਡੀਅਨ ਪ੍ਰਧਾਨ ਮੰਤਰੀ ਨੇ ਵੀ ਇਜ਼ਰਾਇਲ ਨੂੰ ਗਾਜ਼ਾ ਵਿੱਚ ਤੇਜ਼ ਹੁੰਦੇ ਯੁੱਧ ਅਤੇ ਯੂਰਪੀ ਦੇਸ਼ਾਂ ਦੀ ਨਾਰਾਜ਼ਗੀ ਬਾਰੇ ਚੇਤਾਵਨੀ ਦਿੱਤੀ ਸੀ। ਕੈਨੇਡਾ ਨੇ ਕਿਹਾ ਸੀ ਕਿ ਉਹ ਅੰਤਰਰਾਸ਼ਟਰੀ ਭਾਈਚਾਰੇ ਦੇ ਨਾਲ ਮਿਲ ਕੇ ਫਲਿਸਤੀਨੀ ਲੋਕਾਂ ਦੇ ਅਧਿਕਾਰਾਂ ਦੀ ਵਕਾਲਤ ਕਰੇਗਾ। ਇਸ ਦੇ ਨਾਲ ਹੀ ਆਸਟ੍ਰੇਲੀਆ ਨੇ ਵੀ ਇਸ ਮੁੱਦੇ 'ਤੇ ਆਪਣੀ ਹਮਾਇਤ ਜਾਰੀ ਰੱਖੀ ਅਤੇ ਫਲਿਸਤੀਨ ਨੂੰ ਮਾਨਤਾ ਦੇਣ ਦਾ ਐਲਾਨ ਕੀਤਾ।

**ਫਲਿਸਤੀਨ ਦੀ ਪ੍ਰਤੀਕਿਰਿਆ:** ਫਲਿਸਤੀਨ ਦੀ ਵਿਦੇਸ਼ ਮੰਤਰੀ ਵਾਰਸੇਨ ਅਗਾਬੇਕਿਅਨ ਸ਼ਾਹੀਨ ਨੇ ਇਸ ਫੈਸਲੇ ਦਾ ਸਵਾਗਤ ਕਰਦਿਆਂ ਕਿਹਾ, "ਇਹ ਇੱਕ ਅਜਿਹਾ ਕਦਮ ਹੈ, ਜੋ ਸਾਨੂੰ ਆਪਣੀ ਧਰਤੀ ਦੀ ਮਾਲਕੀ ਅਤੇ ਆਜ਼ਾਦੀ ਦੇ ਹੋਰ ਨੇੜੇ ਲੈ ਜਾ ਰਿਹਾ ਹੈ। ਹੋ ਸਕਦਾ ਹੈ ਕਿ ਇਸ ਨਾਲ ਕੱਲ੍ਹ ਯੁੱਧ ਖਤਮ ਨਾ ਹੋਵੇ, ਪਰ ਇਹ ਇੱਕ ਅੱਗੇ ਵਧਣ ਵਾਲਾ ਕਦਮ ਹੈ।" ਉਨ੍ਹਾਂ ਕੌਮਾਂਤਰੀ ਭਾਈਚਾਰੇ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਇਹ ਮਾਨਤਾ ਫਲਿਸਤੀਨੀ ਲੋਕਾਂ ਦੇ ਸੰਘਰਸ਼ ਨੂੰ ਮਜ਼ਬੂਤ ਕਰਦੀ ਹੈ। ਫਲਿਸਤੀਨੀ ਅਥਾਰਟੀ ਨੇ ਵੀ ਇਸ ਫੈਸਲੇ ਨੂੰ ਇੱਕ ਮੀਲ ਪੱਥਰ ਦੱਸਿਆ ਅਤੇ ਕਿਹਾ ਕਿ ਇਹ ਕੌਮਾਂਤਰੀ ਹਮਾਇਤ ਦਾ ਸੰਕੇਤ ਹੈ।

ਇਸੇ ਦੌਰਾਨ ਇਜ਼ਰਾਇਲ ਨੇ ਬ੍ਰਿਟੇਨ, ਪੁਰਤਗਾਲ ਅਤੇ ਹੋਰ ਦੇਸ਼ਾਂ ਵੱਲੋਂ ਫਲਿਸਤੀਨ ਨੂੰ ਮਾਨਤਾ ਦੇਣ ਦੇ ਕਦਮ ਦੀ ਸਖ਼ਤ ਨਿਖੇਧੀ ਕੀਤੀ ਹੈ। ਇਜ਼ਰਾਇਲ ਦਾ ਕਹਿਣਾ ਹੈ ਕਿ ਇਸ ਨਾਲ ਜ਼ਮੀਨੀ ਹਕੀਕਤਾਂ 'ਤੇ ਕੋਈ ਫ਼ਰਕ ਨਹੀਂ ਪਵੇਗਾ। ਇਜ਼ਰਾਇਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਇਸ ਮਹੀਨੇ ਐਲਾਨ ਕੀਤਾ ਸੀ ਕਿ "ਫਲਿਸਤੀਨ ਰਾਜ ਦੀ ਸਥਾਪਨਾ ਕਦੇ ਵੀ ਸੰਭਵ ਨਹੀਂ ਹੈ।" ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਫਲਿਸਤੀਨ ਰਾਜ ਸਿਰਫ਼ ਇਜ਼ਰਾਇਲ ਅਤੇ ਫਲਿਸਤੀਨੀਆਂ ਵਿਚਕਾਰ ਸਿੱਧੀ ਗੱਲਬਾਤ ਰਾਹੀਂ ਹੀ ਸੰਭਵ ਹੋ ਸਕਦਾ ਹੈ। ਇਜ਼ਰਾਇਲ ਨੇ ਇਹ ਵੀ ਕਿਹਾ ਕਿ ਅਜਿਹੇ ਇਕਪਾਸੜ ਫੈਸਲੇ ਸ਼ਾਂਤੀ ਪ੍ਰਕਿਰਿਆ ਨੂੰ ਨੁਕਸਾਨ ਪਹੁੰਚਾਉਂਦੇ ਹਨ।

**ਫਰਾਂਸ ਦਾ ਸੰਭਾਵੀ ਐਲਾਨ:** ਸੰਯੁਕਤ ਰਾਸ਼ਟਰ ਮਹਾਸਭਾ ਦੌਰਾਨ ਫਰਾਂਸ ਵੀ ਫਲਿਸਤੀਨ ਰਾਜ ਨੂੰ ਅਧਿਕਾਰਤ ਮਾਨਤਾ ਦੇਣ ਦਾ ਐਲਾਨ ਕਰ ਸਕਦਾ ਹੈ। ਇਸ ਦੌਰਾਨ ਫਰਾਂਸ ਦੇ ਕਈ ਮੇਅਰਾਂ ਨੇ ਸਰਕਾਰੀ ਹੁਕਮਾਂ ਦੀ ਅਣਦੇਖੀ ਕਰਦਿਆਂ ਆਪਣੇ ਸ਼ਹਿਰਾਂ ਦੇ ਟਾਊਨ ਹਾਲਾਂ 'ਤੇ ਫਲਿਸਤੀਨੀ ਝੰਡੇ ਲਹਿਰਾਉਣ ਦਾ ਐਲਾਨ ਕੀਤਾ ਹੈ। ਹਾਲਾਂਕਿ, ਇਹ ਅਜੇ ਸਪੱਸ਼ਟ ਨਹੀਂ ਹੈ ਕਿ ਅਜਿਹਾ ਕਿੰਨੇ ਮੇਅਰ ਕਰਨਗੇ। ਫਰਾਂਸ ਦੇ ਵਿਦੇਸ਼ ਮੰਤਰਾਲੇ ਨੇ ਯੂਰਪ ਦੀ ਸਭ ਤੋਂ ਵੱਡੀ ਯਹੂਦੀ ਅਤੇ ਮੁਸਲਿਮ ਆਬਾਦੀ ਵਿੱਚ ਫਲਿਸਤੀਨੀ ਝੰਡੇ ਲਹਿਰਾਉਣ ਨੂੰ ਲੈ ਕੇ ਚੇਤਾਵਨੀ ਜਾਰੀ ਕੀਤੀ ਹੈ। ਇਹ ਵੀ ਨੋਟ ਕਰਨਯੋਗ ਹੈ ਕਿ ਬਰਤਾਨੀਆ ਲੰਮੇ ਸਮੇਂ ਤੋਂ ਇਜ਼ਰਾਇਲ ਦਾ ਸਮਰਥਕ ਰਿਹਾ ਹੈ, ਪਰ ਫਿਰ ਵੀ ਉਸ ਨੇ ਫਲਿਸਤੀਨ ਨੂੰ ਮਾਨਤਾ ਦਿੱਤੀ ਹੈ।

**ਕੌਮਾਂਤਰੀ ਪ੍ਰਸੰਗ:** ਫਲਿਸਤੀਨ ਨੂੰ ਮਾਨਤਾ ਦੇਣ ਵਾਲੇ 140 ਤੋਂ ਵੱਧ ਦੇਸ਼ਾਂ ਵਿੱਚ ਸਵੀਡਨ, ਨਾਰਵੇ, ਸਪੇਨ, ਆਇਰਲੈਂਡ ਅਤੇ ਹੋਰ ਕਈ ਯੂਰਪੀਅਨ ਦੇਸ਼ ਸ਼ਾਮਲ ਹਨ। ਸੰਯੁਕਤ ਰਾਸ਼ਟਰ ਵਿੱਚ ਫਲਿਸਤੀਨ ਨੂੰ 2012 ਵਿੱਚ "ਗੈਰ-ਮੈਂਬਰ ਨਿਰੀਖਕ ਰਾਜ" ਦਾ ਦਰਜਾ ਮਿਲਿਆ ਸੀ, ਜਿਸ ਨਾਲ ਉਸ ਨੂੰ ਕੌਮਾਂਤਰੀ ਮੰਚਾਂ 'ਤੇ ਹਿੱਸਾ ਲੈਣ ਦਾ ਮੌਕਾ ਮਿਲਿਆ। ਹਾਲਾਂਕਿ ਅਮਰੀਕਾ ਅਤੇ ਇਜ਼ਰਾਇਲ ਸਮੇਤ ਕੁਝ ਦੇਸ਼ ਇਸ ਮਾਨਤਾ ਦੇ ਵਿਰੋਧੀ ਰਹੇ ਹਨ। ਫਲਿਸਤੀਨੀ ਅਥਾਰਟੀ ਦਾ ਮੰਨਣਾ ਹੈ ਕਿ ਅਜਿਹੀਆਂ ਮਾਨਤਾਵਾਂ ਨਾਲ ਕੌਮਾਂਤਰੀ ਦਬਾਅ ਵਧੇਗਾ ਅਤੇ ਸ਼ਾਂਤੀ ਪ੍ਰਕਿਰਿਆ ਨੂੰ ਬਲ ਮਿਲੇਗਾ।

ਸੋ; ਪੁਰਤਗਾਲ, ਬ੍ਰਿਟੇਨ, ਕੈਨੇਡਾ ਅਤੇ ਆਸਟ੍ਰੇਲੀਆ ਵਰਗੇ ਮੁਲਕਾਂ ਵੱਲੋਂ ਫਲਿਸਤੀਨ ਨੂੰ ਮਾਨਤਾ ਦੇਣਾ ਇੱਕ ਵੱਡਾ ਸਿਆਸੀ ਬਦਲਾਅ ਹੈ। ਇਹ ਫੈਸਲੇ ਨਾ ਸਿਰਫ਼ ਫਲਿਸਤੀਨੀ ਸੰਘਰਸ਼ ਨੂੰ ਮਜ਼ਬੂਤ ਕਰਦੇ ਹਨ, ਸਗੋਂ ਕੌਮਾਂਤਰੀ ਭਾਈਚਾਰੇ ਵਿੱਚ ਦੋ-ਰਾਜ ਸਮਝੌਤੇ ਦੀ ਵਕਾਲਤ ਨੂੰ ਵੀ ਉਤਸ਼ਾਹਿਤ ਕਰਦੇ ਹਨ। ਹਾਲਾਂਕਿ ਇਜ਼ਰਾਇਲ ਦਾ ਸਖ਼ਤ ਵਿਰੋਧ ਅਤੇ ਅਮਰੀਕਾ ਦੀ ਨਾਰਾਜ਼ਗੀ ਇਸ ਮੁੱਦੇ ਨੂੰ ਹੋਰ ਪੇਚੀਦਾ ਬਣਾ ਸਕਦੀ ਹੈ। ਸੰਯੁਕਤ ਰਾਸ਼ਟਰ ਮਹਾਸਭਾ ਦੀ ਆਗਾਮੀ ਮੀਟਿੰਗ ਵਿੱਚ ਇਸ ਮੁੱਦੇ 'ਤੇ ਹੋਰ ਚਰਚਾ ਦੀ ਉਮੀਦ ਹੈ।

# ਐਚ-1ਬੀ ਵੀਜ਼ਾ ਫੀਸ ਵਾਧੇ ਨੇ ਭਾਰਤੀ ਆਈ.ਟੀ. ਪੇਸ਼ੇਵਰਾਂ ਦੇ ਸਾਹ ਸੂਤੇ

## *ਅਮਰੀਕਾ ਲਵੇਗਾ ਇੱਕ ਲੱਖ ਡਾਲਰ ਦੀ ਫੀਸ *ਜਾਣੋ, ਕਿਉਂ ਹੈ ਇਹ ਵੀਜ਼ਾ ਖ਼ਾਸ!

**ਪੰਜਾਬੀ ਪਰਵਾਜ਼ ਬਿਊਰੋ**

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਐਚ-1ਬੀ ਵੀਜ਼ਾ ਸਬੰਧੀ ਇੱਕ ਵੱਡਾ ਹੁਕਮ ਜਾਰੀ ਕੀਤਾ ਹੈ। ਟਰੰਪ ਨੇ ਐਚ-1ਬੀ ਵੀਜ਼ਾ ਦੀ ਅਰਜੀ ਫੀਸ ਨੂੰ ਲੈ ਕੇ ਇੱਕ ਕਾਰਜਕਾਰੀ ਹੁਕਮ 'ਤੇ ਦਸਤਖ਼ਤ ਕੀਤੇ ਹਨ। ਇਸ ਨਵੇਂ ਹੁਕਮ ਅਨੁਸਾਰ ਐਚ-1ਬੀ ਵੀਜ਼ਾ ਦੀ ਫੀਸ ਨੂੰ ਇੱਕ ਲੱਖ ਡਾਲਰ (ਕਰੀਬ 88 ਲੱਖ ਰੁਪਏ) ਕਰ ਦਿੱਤਾ ਗਿਆ ਹੈ। ਟਰੰਪ ਦੇ ਇਸ ਫੈਸਲੇ ਦਾ ਅਮਰੀਕਾ ਵਿੱਚ ਕੰਮ ਕਰਨ ਵਾਲੇ ਭਾਰਤੀ ਪੇਸ਼ੇਵਰਾਂ 'ਤੇ ਵੱਡਾ ਅਸਰ ਪੈ ਸਕਦਾ ਹੈ। ਦੱਸ ਦਈਏ ਕਿ ਐਚ-1ਬੀ ਵੀਜ਼ਾ 'ਤੇ ਵੱਡੀ ਗਿਣਤੀ ਵਿੱਚ ਭਾਰਤੀ ਅਮਰੀਕਾ ਵਿੱਚ ਕੰਮ ਕਰ ਰਹੇ ਹਨ।

ਇਸ ਫੈਸਲੇ ਨੂੰ ਲੈ ਕੇ ਵ੍ਹਾਈਟ ਹਾਊਸ ਨੇ ਆਪਣੀ ਪ੍ਰਤੀਕਿਰਿਆ ਦਿੱਤੀ ਹੈ। ਵ੍ਹਾਈਟ ਹਾਊਸ ਦੇ ਸਟਾਫ ਸਕੱਤਰ ਵਿਲ ਸ਼ਾਰਫ ਦਾ ਕਹਿਣਾ ਹੈ ਕਿ ਇਹ ਕਦਮ ਅਮਰੀਕੀ ਨੌਕਰੀਆਂ ਦੀ ਸੁਰੱਖਿਆ ਅਤੇ ਵੀਜ਼ਾ ਪ੍ਰਣਾਲੀ ਦੀ ਦੁਰਵਰਤੋਂ ਨੂੰ ਰੋਕਣ ਲਈ ਚੁੱਕਿਆ ਗਿਆ ਹੈ। ਉਨ੍ਹਾਂ ਨੇ ਕਿਹਾ ਕਿ ਐਚ-1ਬੀ ਵੀਜ਼ਾ ਦੁਨੀਆ ਦਾ ਸਭ ਤੋਂ ਵੱਧ ਦੁਰਵਰਤੋਂ ਵਾਲਾ ਵੀਜ਼ਾ ਹੈ। ਇਸ ਲਈ ਹੁਣ ਅਮਰੀਕਾ ਵਿੱਚ ਸਿਰਫ਼ ਉਹੀ ਲੋਕ ਆਉਣਗੇ, ਜੋ ਅਸਲ ਵਿੱਚ ਉੱਚ ਪੱਧਰ ਦੇ ਹੁਨਰਮੰਦ ਹਨ ਅਤੇ ਜਿਨ੍ਹਾਂ ਦੀ ਥਾਂ ਅਮਰੀਕੀ ਕਰਮਚਾਰੀ ਨਹੀਂ ਲੈ ਸਕਦੇ।

ਇਸ ਫੈਸਲੇ ਦਾ ਮੁੱਖ ਮਕਸਦ ਅਮਰੀਕੀ ਨੌਕਰੀਆਂ ਨੂੰ ਪਹਿਲ ਦੇਣਾ ਅਤੇ ਵਿਦੇਸ਼ੀ ਕਰਮਚਾਰੀਆਂ 'ਤੇ ਨਿਰਭਰਤਾ ਨੂੰ ਘਟਾਉਣਾ ਹੈ। ਵ੍ਹਾਈਟ ਹਾਊਸ ਦਾ ਮੰਨਣਾ ਹੈ ਕਿ ਇਹ ਨੀਤੀ ਅਮਰੀਕੀ ਅਰਥਚਾਰੇ ਨੂੰ ਮਜ਼ਬੂਤ ਕਰੇਗੀ ਅਤੇ ਸਥਾਨਕ ਨੌਜਵਾਨਾਂ ਨੂੰ ਵਧੇਰੇ ਮੌਕੇ ਪ੍ਰਦਾਨ ਕਰੇਗੀ।

ਅਮਰੀਕਾ ਦੇ ਇਸ ਕਦਮ ਨਾਲ ਸਭ ਤੋਂ ਵੱਧ ਪ੍ਰਭਾਵਿਤ ਭਾਰਤੀ ਪੇਸ਼ੇਵਰ ਹੋਣਗੇ। ਇਸ ਬਦਲਾਅ ਨਾਲ ਅਮਰੀਕਾ ਵਿੱਚ ਭਾਰਤੀ ਆਈ.ਟੀ. ਇੰਜੀਨੀਅਰਾਂ ਦੀਆਂ ਨੌਕਰੀਆਂ 'ਤੇ ਖ਼ਤਰਾ ਮੰਡਰਾਏਗਾ। ਵਿੱਤੀ ਸਾਲ 2023-24 ਵਿੱਚ ਦੋ ਲੱਖ ਤੋਂ ਵੱਧ ਭਾਰਤੀਆਂ ਨੇ ਐਚ-1ਬੀ ਵੀਜ਼ਾ ਹਾਸਲ ਕੀਤਾ ਸੀ। ਭਾਰਤ ਪਿਛਲੇ ਸਾਲ ਐਚ-1ਬੀ ਵੀਜ਼ਾ ਦਾ ਸਭ ਤੋਂ ਵੱਡਾ ਲਾਭਪਾਤਰੀ ਸੀ। ਬਲੂਮਬਰਗ ਦੀ ਰਿਪੋਰਟ ਅਨੁਸਾਰ 2020 ਤੋਂ 2023 ਦਰਮਿਆਨ ਮਨਜ਼ੂਰ ਕੀਤੇ ਗਏ ਵੀਜ਼ਿਆਂ ਵਿੱਚ 73.7% ਵੀਜ਼ੇ ਭਾਰਤੀਆਂ ਨੂੰ ਮਿਲੇ ਸਨ। ਚੀਨ 16% ਦੇ ਨਾਲ ਦੂਜੇ ਸਥਾਨ 'ਤੇ ਸੀ, ਜਦਕਿ ਕੈਨੇਡਾ 3% ਨਾਲ ਤੀਜੇ ਸਥਾਨ 'ਤੇ ਸੀ। ਇਸ ਤੋਂ ਬਾਅਦ ਤਾਈਵਾਨ (1.3%), ਦੱਖਣੀ ਕੋਰੀਆ (1.3%), ਮੈਕਸੀਕੋ (1.2%) ਅਤੇ ਨੇਪਾਲ, ਬ੍ਰਾਜ਼ੀਲ, ਪਾਕਿਸਤਾਨ ਤੇ ਫਿਲੀਪੀਨਜ਼ (ਸਾਰੇ 0.8%) ਸਨ।

ਨਵੇਂ ਹੁਕਮ ਅਨੁਸਾਰ ਵਿਦੇਸ਼ੀ ਪੇਸ਼ੇਵਰਾਂ ਨੂੰ ਨੌਕਰੀ 'ਤੇ ਰੱਖਣ ਵਾਲੀਆਂ ਕੰਪਨੀਆਂ ਨੂੰ ਹਰ ਸਾਲ ਸਰਕਾਰ ਨੂੰ 1 ਲੱਖ ਡਾਲਰ ਦੀ ਫੀਸ ਅਦਾ ਕਰਨੀ ਹੋਵੇਗੀ। ਇਹ ਫੀਸ ਤਿੰਨ ਸਾਲ ਦੀ ਵੀਜ਼ਾ ਮਿਆਦ ਅਤੇ ਇਸ ਦੇ ਨਵੀਨੀਕਰਨ 'ਤੇ ਵੀ ਲਾਗੂ ਹੋਵੇਗੀ। ਜੇਕਰ ਗ੍ਰੀਨ ਕਾਰਡ ਦੀ ਪ੍ਰਕਿਰਿਆ ਲੰਬੀ ਹੁੰਦੀ ਹੈ, ਤਾਂ ਕੰਪਨੀਆਂ ਨੂੰ ਕਈ ਸਾਲਾਂ ਤੱਕ ਇਹ ਵੱਡੀ ਫੀਸ ਭਰਨੀ ਪਵੇਗੀ। ਅਜਿਹੇ ਵਿੱਚ ਕੰਪਨੀਆਂ ਭਾਰਤੀ ਕਰਮਚਾਰੀਆਂ ਨੂੰ ਨੌਕਰੀ 'ਤੇ ਰੱਖਣ ਤੋਂ ਬਚ ਸਕਦੀਆਂ ਹਨ ਅਤੇ ਅਮਰੀਕੀ ਨੌਜਵਾਨਾਂ ਨੂੰ ਨੌਕਰੀ ਦੇਣ ਨੂੰ ਤਰਜੀਹ ਦੇ ਸਕਦੀਆਂ ਹਨ।

ਇਸ ਨੀਤੀ ਦਾ ਅਸਰ ਨਾ ਸਿਰਫ਼ ਕਰਮਚਾਰੀਆਂ 'ਤੇ, ਸਗੋਂ ਅਮਰੀਕੀ ਅਤੇ ਭਾਰਤੀ ਆਈ.ਟੀ. ਕੰਪਨੀਆਂ 'ਤੇ ਵੀ ਪਵੇਗਾ। ਕਈ ਕੰਪਨੀਆਂ ਲਈ ਇੰਨੀ ਵੱਡੀ ਫੀਸ ਦਾ ਖ਼ਰਚਾ ਉਠਾਉਣਾ ਮੁਸ਼ਕਲ ਹੋ ਸਕਦਾ ਹੈ, ਜਿਸ ਕਾਰਨ ਉਹ ਵਿਦੇਸ਼ੀ ਪੇਸ਼ੇਵਰਾਂ ਦੀ ਬਜਾਏ ਸਥਾਨਕ ਕਰਮਚਾਰੀਆਂ ਨੂੰ ਤਰਜੀਹ ਦੇਣਗੀਆਂ।

**ਵੀਜ਼ਾ ਪ੍ਰਕਿਰਿਆ ਵਿੱਚ ਮੁਸ਼ਕਲਾਂ:** ਵੀਜ਼ਾ ਪ੍ਰਕਿਰਿਆ ਵਿੱਚ ਬਦਲਾਅ ਦਾ ਭਾਰਤ 'ਤੇ ਡੂੰਘਾ ਅਸਰ ਪਵੇਗਾ। ਨਵੀਂ ਨੀਤੀ ਨਾਲ ਘੱਟ ਤਨਖਾਹ ਵਾਲੀਆਂ ਨੌਕਰੀਆਂ ਲਈ ਵੀਜ਼ਾ ਹਾਸਲ ਕਰਨਾ ਮੁਸ਼ਕਲ ਹੋ ਜਾਵੇਗਾ, ਜਿਸ ਨਾਲ ਭਾਰਤੀ ਪੇਸ਼ੇਵਰਾਂ ਦੀਆਂ ਨੌਕਰੀਆਂ 'ਤੇ ਖ਼ਤਰਾ ਵਧੇਗਾ। ਇਹ ਬਦਲਾਅ ਭਾਰਤੀ ਵਿਦਿਆਰਥੀਆਂ ਲਈ ਅਮਰੀਕੀ ਸਿੱਖਿਆ ਨੂੰ ਘੱਟ ਆਕਰਸ਼ਕ ਬਣਾ ਸਕਦਾ ਹੈ, ਕਿਉਂਕਿ ਅਮਰੀਕਾ ਵਿੱਚ ਪੜ੍ਹਾਈ ਕਰਨ ਵਾਲੇ ਵਿਦਿਆਰਥੀ ਅਕਸਰ ਐਚ-1ਬੀ ਵੀਜ਼ਾ ਰਾਹੀਂ ਨੌਕਰੀਆਂ ਦੀ ਉਮੀਦ ਰੱਖਦੇ ਹਨ।

ਇਸ ਤੋਂ ਇਲਾਵਾ ਇੰਫੋਸਿਸ, ਟੀ.ਸੀ.ਐਸ. ਅਤੇ ਵਿਪਰੋ ਵਰਗੀਆਂ ਭਾਰਤੀ ਆਈ.ਟੀ. ਕੰਪਨੀਆਂ 'ਤੇ ਵੀ ਵੱਡਾ ਅਸਰ ਪਵੇਗਾ। ਇਹ ਕੰਪਨੀਆਂ ਰਵਾਇਤੀ ਤੌਰ 'ਤੇ ਐਚ-1ਬੀ ਵੀਜ਼ਾ ਦੀ ਵਰਤੋਂ ਜੂਨੀਅਰ ਅਤੇ ਮਿਡ-ਲੈਵਲ ਇੰਜੀਨੀਅਰਾਂ ਨੂੰ ਅਮਰੀਕੀ ਕਲਾਇੰਟ ਪ੍ਰੋਜੈਕਟਾਂ ਅਤੇ ਹੁਨਰ ਵਿਕਾਸ ਲਈ ਭੇਜਣ ਲਈ ਕਰਦੀਆਂ ਰਹੀਆਂ ਹਨ। ਨਵੀਂ ਫੀਸ ਨੀਤੀ ਨਾਲ ਇਨ੍ਹਾਂ ਕੰਪਨੀਆਂ ਦੀ ਲਾਗਤ ਵਧੇਗੀ, ਜਿਸ ਨਾਲ ਉਨ੍ਹਾਂ ਦੀ ਮੁਨਾਫੇ ਦੀ ਸਮਰੱਥਾ 'ਤੇ ਅਸਰ ਪਵੇਗਾ।

**ਸੌਫਟਵੇਅਰ ਅਤੇ ਟੈਕ ਉਦਯੋਗ 'ਤੇ ਨਕਾਰਾਤਮਕ ਅਸਰ:** ਫਾਊਂਡੇਸ਼ਨ ਆਫ ਇੰਡੀਆ ਐਂਡ ਇੰਡੀਅਨ ਡਾਇਸਪੋਰਾ ਸਟੱਡੀਜ਼ ਦੇ ਖੰਡੇਰਾਓ ਨੇ ਇਸ ਫੈਸਲੇ ਨੂੰ ਮੰਦਭਾਗਾ ਦੱਸਦਿਆਂ ਕਿਹਾ ਕਿ ਇਸ ਦਾ ਅਮਰੀਕੀ ਟੈਕ ਉਦਯੋਗ 'ਤੇ ਨਕਾਰਾਤਮਕ ਅਸਰ ਪਵੇਗਾ। ਉਨ੍ਹਾਂ ਨੇ ਕਿਹਾ, "ਐਚ-1ਬੀ ਵੀਜ਼ਾ ਲਈ ਇੱਕ ਲੱਖ ਡਾਲਰ ਦੀ ਫੀਸ ਇੱਕ ਬਹੁਤ ਹੀ ਮੰਦਭਾਗੀ ਨੀਤੀ ਹੈ। ਇਸ ਨਾਲ ਸੌਫਟਵੇਅਰ ਅਤੇ ਟੈਕ ਉਦਯੋਗ 'ਤੇ ਵੱਡਾ ਨਕਾਰਾਤਮਕ ਅਸਰ ਪਵੇਗਾ।" ਉਨ੍ਹਾਂ ਅਨੁਸਾਰ, ਇਹ ਫੈਸਲਾ ਖ਼ਾਸ ਤੌਰ 'ਤੇ ਸਟਾਰਟ-ਅੱਪਸ ਅਤੇ ਛੋਟੀਆਂ ਟੈਕ ਕੰਪਨੀਆਂ ਲਈ ਨਵੀਨਤਾ ਅਤੇ ਮੁਕਾਬਲੇਬਾਜ਼ੀ ਨੂੰ ਮੁਸ਼ਕਲ ਬਣਾਏਗਾ।

ਇਸ ਤੋਂ ਇਲਾਵਾ ਇਹ ਨੀਤੀ ਅਮਰੀਕੀ ਟੈਕ ਉਦਯੋਗ ਦੀ ਗਲੋਬਲ ਮੁਕਾਬਲੇਬਾਜ਼ੀ ਨੂੰ ਵੀ ਪ੍ਰਭਾਵਿਤ ਕਰ ਸਕਦੀ ਹੈ, ਕਿਉਂਕਿ ਉੱਚ ਹੁਨਰਮੰਦ ਵਿਦੇਸ਼ੀ ਪੇਸ਼ੇਵਰਾਂ ਦੀ ਉਪਲਬਧਤਾ ਘਟੇਗੀ। ਇਹ ਸਟਾਰਟ-ਅੱਪਸ ਅਤੇ ਛੋਟੀਆਂ ਕੰਪਨੀਆਂ ਲਈ ਵੱਡੀ ਚੁਣੌਤੀ ਹੋਵੇਗੀ, ਜੋ ਅਕਸਰ ਸੀਮਤ ਸਰੋਤਾਂ ਨਾਲ ਕੰਮ ਕਰਦੀਆਂ ਹਨ। ਐਚ-1ਬੀ ਵੀਜ਼ਾ ਦੀ ਵਰਤੋਂ ਕਰਨ ਵਾਲੀਆਂ ਕੰਪਨੀਆਂ ਵਿੱਚ ਇੰਫੋਸਿਸ, ਟਾਟਾ ਕੰਸਲਟੈਂਸੀ ਸਰਵਿਸਿਜ਼, ਅਮੇਜ਼ਨ, ਅਲਫਾਬੇਟ, ਅਤੇ ਮੈਟਾ ਵਰਗੀਆਂ ਵੱਡੀਆਂ ਕੰਪਨੀਆਂ ਸ਼ਾਮਲ ਹਨ। ਇਹ ਕੰਪਨੀਆਂ ਆਪਣੇ ਪ੍ਰੋਜੈਕਟਾਂ ਲਈ ਉੱਚ ਹੁਨਰਮੰਦ ਵਿਦੇਸ਼ੀ ਕਰਮਚਾਰੀਆਂ 'ਤੇ ਨਿਰਭਰ ਕਰਦੀਆਂ ਹਨ।

**ਐਚ-1ਬੀ ਵੀਜ਼ਾ ਲਈ ਕੌਣ ਯੋਗ ਹੈ?:** ਐਚ-1ਬੀ ਵੀਜ਼ਾ ਕੰਪਨੀਆਂ ਵੱਲੋਂ ਸਪਾਂਸਰ ਹੁੰਦਾ ਹੈ ਅਤੇ ਵੀਜ਼ਾ ਧਾਰਕ ਨੂੰ ਗੈਰ-ਪਰਵਾਸੀ ਦਾ ਦਰਜਾ ਦਿੰਦਾ ਹੈ। ਇਹ ਅਸਥਾਈ ਹੁੰਦਾ ਹੈ ਅਤੇ ਆਮ ਤੌਰ 'ਤੇ ਤਿੰਨ ਸਾਲ ਤੱਕ ਮਾਨਤਾ ਰੱਖਦਾ ਹੈ।

ਕੰਪਨੀ ਨੂੰ ਕਰਮਚਾਰੀ ਵੱਲੋਂ ਵੀਜ਼ਾ ਲਈ ਅਰਜ਼ੀ ਦੇਣੀ ਪੈਂਦੀ ਹੈ ਅਤੇ ਇਹ ਸਾਬਤ ਕਰਨਾ ਪੈਂਦਾ ਹੈ ਕਿ ਉਸ ਦੇ ਕਾਰੋਬਾਰ ਅਤੇ ਅਹੁਦੇ ਲਈ ਵਿਸ਼ੇਸ਼ ਗਿਆਨ ਅਤੇ ਹੁਨਰ ਦੀ ਲੋੜ ਹੈ। ਇੰਜੀਨੀਅਰਿੰਗ, ਜੀਵ ਵਿਗਿਆਨ, ਭੌਤਿਕ ਵਿਗਿਆਨ, ਗਣਿਤ ਅਤੇ ਵਪਾਰ ਪ੍ਰਸ਼ਾਸਨ ਨਾਲ ਜੁੜੇ ਪੇਸ਼ਿਆਂ ਨੂੰ ਆਮ ਤੌਰ 'ਤੇ ਐਚ-1ਬੀ ਵੀਜ਼ਾ ਦਿੱਤਾ ਜਾਂਦਾ ਹੈ।

ਇਹ ਇੱਕ ਅਸਥਾਈ ਵੀਜ਼ਾ ਹੈ, ਇਸ ਲਈ ਹਮੇਸ਼ਾ ਇਸ ਗੱਲ ਦੀ ਅਨਿਸ਼ਚਿਤਤਾ ਰਹਿੰਦੀ ਹੈ ਕਿ ਕੰਪਨੀ ਇਸ ਦਾ ਨਵੀਨੀਕਰਨ ਕਰੇਗੀ ਜਾਂ ਨਹੀਂ। ਹੁਣ ਤੱਕ ਨਵੀਨੀਕਰਨ ਲਈ ਵੀਜ਼ਾ ਧਾਰਕਾਂ ਨੂੰ ਸਟੈਂਪਿੰਗ ਲਈ ਭਾਰਤ ਜਾਣਾ ਪੈਂਦਾ ਸੀ, ਜੋ ਅਮਰੀਕਾ ਵਿੱਚ ਭਾਰਤੀ ਪੇਸ਼ੇਵਰਾਂ ਲਈ ਤਣਾਅ ਦਾ ਵੱਡਾ ਕਾਰਨ ਰਿਹਾ ਹੈ।

ਸੋ; ਐਚ-1ਬੀ ਵੀਜ਼ਾ ਨੀਤੀ ਵਿੱਚ ਇਹ ਬਦਲਾਅ ਭਾਰਤੀ ਪੇਸ਼ੇਵਰਾਂ ਅਤੇ ਆਈ.ਟੀ. ਉਦਯੋਗ ਲਈ ਵੱਡੀ ਚੁਣੌਤੀ ਪੇਸ਼ ਕਰਦਾ ਹੈ। ਇਸ ਨਾਲ ਨਾ ਸਿਰਫ਼ ਭਾਰਤੀ ਕਰਮਚਾਰੀਆਂ ਦੀਆਂ ਨੌਕਰੀਆਂ 'ਤੇ ਅਸਰ ਪਵੇਗਾ, ਸਗੋਂ ਅਮਰੀਕੀ ਅਤੇ ਭਾਰਤੀ ਆਈ.ਟੀ. ਕੰਪਨੀਆਂ ਦੀ ਵਪਾਰਕ ਰਣਨੀਤੀ 'ਤੇ ਵੀ ਪ੍ਰਭਾਵ ਪਵੇਗਾ। ਨਵੀਂ ਫੀਸ ਨੀਤੀ ਅਤੇ ਸਖ਼ਤ ਵੀਜ਼ਾ ਪ੍ਰਕਿਰਿਆ ਨਾਲ ਅਮਰੀਕਾ ਵਿੱਚ ਨੌਕਰੀਆਂ ਦੀ ਤਲਾਸ਼ ਕਰਨ ਵਾਲੇ ਭਾਰਤੀ ਪੇਸ਼ੇਵਰਾਂ ਨੂੰ ਵਧੇਰੇ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਇਸ ਤੋਂ ਇਲਾਵਾ ਇਹ ਨੀਤੀ ਅਮਰੀਕੀ ਟੈਕ ਉਦਯੋਗ ਦੀ ਨਵੀਨਤਾ ਅਤੇ ਮੁਕਾਬਲੇਬਾਜ਼ੀ 'ਤੇ ਵੀ ਅਸਰ ਪਾ ਸਕਦੀ ਹੈ। ਭਾਰਤੀ ਵਿਦਿਆਰਥੀ, ਜੋ ਅਮਰੀਕਾ ਵਿੱਚ ਪੜ੍ਹਾਈ ਅਤੇ ਨੌਕਰੀ ਦੀਆਂ ਸੰਭਾਵਨਾਵਾਂ ਦੀ ਤਲਾਸ਼ ਵਿੱਚ ਜਾਂਦੇ ਹਨ, ਉਹ ਵੀ ਇਸ ਬਦਲਾਅ ਨਾਲ ਪ੍ਰਭਾਵਿਤ ਹੋਣਗੇ। ਇਸ ਸਥਿਤੀ ਵਿੱਚ ਭਾਰਤੀ ਆਈ.ਟੀ. ਕੰਪਨੀਆਂ ਨੂੰ ਨਵੀਆਂ ਰਣਨੀਤੀਆਂ ਅਪਣਾਉਣ ਦੀ ਲੋੜ ਹੋਵੇਗੀ, ਜਿਵੇਂ ਕਿ ਸਥਾਨਕ ਟੀਮਾਂ ਨੂੰ ਮਜ਼ਬੂਤ ਕਰਨਾ ਜਾਂ ਹੋਰ ਦੇਸ਼ਾਂ ਵਿੱਚ ਵਪਾਰਕ ਸੰਭਾਵਨਾਵਾਂ ਦੀ ਖੋਜ ਕਰਨਾ।




### ਐਚ-1ਬੀ ਵੀਜ਼ਾ ਕੀ ਹੈ?

**ਅਮਰੀਕੀ ਸਰਕਾਰ ਹਰ ਸਾਲ ਵੱਖ-ਵੱਖ ਕੰਪਨੀਆਂ ਨੂੰ 65,000 ਤੋਂ 85,000 ਐਚ-1ਬੀ ਵੀਜ਼ੇ ਪ੍ਰਦਾਨ ਕਰਦੀ ਹੈ। ਇਨ੍ਹਾਂ ਵੀਜ਼ਿਆਂ ਦੀ ਮਦਦ ਨਾਲ ਕੰਪਨੀਆਂ ਵਿਦੇਸ਼ਾਂ ਤੋਂ ਹੁਨਰਮੰਦ ਕਰਮਚਾਰੀਆਂ ਨੂੰ ਨੌਕਰੀ 'ਤੇ ਰੱਖ ਸਕਦੀਆਂ ਹਨ। ਇਸ ਤੋਂ ਇਲਾਵਾ ਐਡਵਾਂਸਡ ਡਿਗਰੀਧਾਰਕਾਂ ਲਈ ਅਮਰੀਕੀ ਸਰਕਾਰ ਵੱਲੋਂ 20,000 ਵਾਧੂ ਵੀਜ਼ੇ ਦਿੱਤੇ ਜਾਂਦੇ ਹਨ। ਇਹ ਵੀਜ਼ਾ 3 ਸਾਲ ਲਈ ਮਾਨਤਾ ਰੱਖਦਾ ਹੈ ਅਤੇ ਇਸ ਦਾ ਅਗਲੇ ਤਿੰਨ ਸਾਲਾਂ ਲਈ ਨਵੀਨੀਕਰਨ ਕੀਤਾ ਜਾ ਸਕਦਾ ਹੈ।**


# ਗੁਰਪੁਰਬ ਮੌਕੇ ਸਿੱਖ ਜਥਿਆਂ ਨੂੰ ਪਾਕਿਸਤਾਨ ਜਾਣੋਂ ਰੋਕਣ ਦਾ ਫ਼ੈਸਲਾ

## *ਕੇਂਦਰ ਸਰਕਾਰ 'ਤੇ ਦੋਹਰੇ ਮਾਪਦੰਡ ਅਪਣਾਉਣ ਦਾ ਇਲਜ਼ਾਮ

ਕੇਂਦਰ ਸਰਕਾਰ ਨੇ ਸੁਰੱਖਿਆ ਚਿੰਤਾਵਾਂ ਦਾ ਹਵਾਲਾ ਦਿੰਦੇ ਹੋਏ ਨਵੰਬਰ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਸਿੱਖ ਜਥੇ ਨੂੰ ਪਾਕਿਸਤਾਨ ਜਾਣ ਦੀ ਇਜਾਜ਼ਤ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਨਿਊ ਇੰਡੀਅਨ ਐਕਸਪ੍ਰੈਸ ਦੀ ਰਿਪੋਰਟ ਅਨੁਸਾਰ ਪੰਜਾਬ, ਹਰਿਆਣਾ ਅਤੇ ਦਿੱਲੀ ਦੇ ਮੁੱਖ ਸਕੱਤਰਾਂ ਨੂੰ ਭੇਜੇ ਇੱਕ ਪੱਤਰ ਵਿੱਚ ਨਿਰਦੇਸ਼ ਦਿੱਤਾ ਗਿਆ ਹੈ ਕਿ ਸਿੱਖ ਸੰਸਥਾਵਾਂ ਨੂੰ ਸੂਚਿਤ ਕੀਤਾ ਜਾਵੇ ਅਤੇ ਤੀਰਥ ਯਾਤਰਾ ਦੀਆਂ ਅਰਜ਼ੀਆਂ 'ਤੇ ਕਾਰਵਾਈ ਰੋਕ ਦਿੱਤੀ ਜਾਵੇ। ਪੱਤਰ ਵਿੱਚ ਕਿਹਾ ਗਿਆ ਹੈ, "ਪਾਕਿਸਤਾਨ ਨਾਲ ਮੌਜੂਦਾ ਸੁਰੱਖਿਆ ਸਥਿਤੀ ਨੂੰ ਵੇਖਦੇ ਹੋਏ ਨਵੰਬਰ 2025 ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਮੌਕੇ ਸਿੱਖ ਤੀਰਥ ਯਾਤਰੀਆਂ ਦੇ ਜਥੇ ਨੂੰ ਪਾਕਿਸਤਾਨ ਭੇਜਣਾ ਸੰਭਵ ਨਹੀਂ ਹੋਵੇਗਾ।

ਜ਼ਿਕਰਯੋਗ ਹੈ ਕਿ ਸਰਕਾਰ ਦਾ ਇਹ ਫੈਸਲਾ ਅਪ੍ਰੈਲ ਵਿੱਚ ਪਹਿਲਗਾਮ ਵਿੱਚ ਹੋਏ ਅਤਿਵਾਦੀ ਹਮਲੇ ਤੋਂ ਬਾਅਦ ਆਇਆ ਹੈ, ਜਿਸ ਵਿੱਚ 26 ਲੋਕ ਮਾਰੇ ਗਏ ਸਨ। ਹਮਲੇ ਤੋਂ ਬਾਅਦ ਭਾਰਤ ਨੇ ਆਪਣੇ ਨਾਗਰਿਕਾਂ ਦੇ ਅਟਾਰੀ-ਵਾਘਾ ਸਰਹੱਦ ਰਾਹੀਂ ਪਾਕਿਸਤਾਨ ਜਾਣ 'ਤੇ ਪਾਬੰਦੀ ਲਗਾ ਦਿੱਤੀ ਸੀ। ਇਸ ਦੇ ਜਵਾਬ ਵਿੱਚ ਪਾਕਿਸਤਾਨ ਨੇ ਸਿੱਖ ਤੀਰਥ ਯਾਤਰੀਆਂ ਨੂੰ ਛੱਡ ਕੇ ਭਾਰਤੀਆਂ ਲਈ ਸਾਰਕ ਵੀਜ਼ਾ ਛੋਟ ਯੋਜਨਾ ਅਧੀਨ ਜਾਰੀ ਜ਼ਿਆਦਾਤਰ ਵੀਜ਼ੇ ਮੁਅੱਤਲ ਕਰ ਦਿੱਤੇ।

**ਸਿੱਖ ਤੀਰਥ ਯਾਤਰਾ ਦਾ ਇਤਿਹਾਸਕ ਮਹੱਤਵ:** ਸਿੱਖ ਤੀਰਥ ਯਾਤਰਾ ਦਾ ਪਾਕਿਸਤਾਨ ਵਿੱਚ ਸਥਿਤ ਗੁਰਦੁਆਰਿਆਂ ਨਾਲ ਡੂੰਘਾ ਸਬੰਧ ਹੈ। ਪਾਕਿਸਤਾਨ ਵਿੱਚ ਸ੍ਰੀ ਨਨਕਾਣਾ ਸਾਹਿਬ, ਸ੍ਰੀ ਪੰਜਾ ਸਾਹਿਬ, ਅਤੇ ਸ੍ਰੀ ਕਰਤਾਰਪੁਰ ਸਾਹਿਬ ਵਰਗੇ ਪਵਿੱਤਰ ਅਸਥਾਨ ਸਿੱਖ ਧਰਮ ਦੇ ਇਤਿਹਾਸ ਤੇ ਵਿਰਸੇ ਦਾ ਅਹਿਮ ਹਿੱਸਾ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਸ੍ਰੀ ਨਨਕਾਣਾ ਸਾਹਿਬ ਵਿੱਚ ਹੋਇਆ ਸੀ ਅਤੇ ਸ੍ਰੀ ਕਰਤਾਰਪੁਰ ਸਾਹਿਬ ਉਹ ਥਾਂ ਹੈ, ਜਿੱਥੇ ਉਨ੍ਹਾਂ ਨੇ ਆਪਣੇ ਜੀਵਨ ਦੇ ਅਖੀਰਲੇ ਸਾਲ ਬਤੀਤ ਕੀਤੇ।



ਸਾਲ 2019 ਵਿੱਚ ਭਾਰਤ ਅਤੇ ਪਾਕਿਸਤਾਨ ਵਿਚਕਾਰ ਕਰਤਾਰਪੁਰ ਸਾਹਿਬ ਕਾਰੀਡੋਰ ਸਮਝੌਤੇ ਨੇ ਸਿੱਖ ਤੀਰਥ ਯਾਤਰੀਆਂ ਲਈ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਨੂੰ ਸੌਖਾ ਕੀਤਾ ਸੀ। ਇਸ ਕਾਰੀਡੋਰ ਰਾਹੀਂ ਹਰ ਸਾਲ ਹਜ਼ਾਰਾਂ ਸਿੱਖ ਵੀਜ਼ਾ-ਮੁਕਤ ਯਾਤਰਾ ਕਰ ਕੇ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਦੇ ਹਨ। ਸੰਯੁਕਤ ਰਾਸ਼ਟਰ ਦੀ ਵਿਸ਼ਵ ਸੈਰ-ਸਪਾਟਾ ਸੰਗਠਨ (ਯੂ.ਐਨ.ਡਬਲਯੂ.ਟੀ.ਓ.) ਦੀ 2024 ਦੀ ਰਿਪੋਰਟ ਅਨੁਸਾਰ ਕਰਤਾਰਪੁਰ ਸਾਹਿਬ ਕਾਰੀਡੋਰ ਨੇ ਸਿੱਖ ਤੀਰਥ ਯਾਤਰਾ ਨੂੰ ਵਿਸ਼ਵ ਪੱਧਰ 'ਤੇ ਧਾਰਮਿਕ ਸੈਰ-ਸਪਾਟੇ ਦਾ ਇੱਕ ਮਹੱਤਵਪੂਰਨ ਹਿੱਸਾ ਬਣਾਇਆ ਹੈ, ਜਿਸ ਨਾਲ ਸਥਾਨਕ ਅਰਥਚਾਰੇ ਨੂੰ ਵੀ ਹੁਲਾਰਾ ਮਿਲਿਆ।

ਇਸ ਸਮਝੌਤੇ ਦੇ ਬਾਵਜੂਦ ਇਸ ਵਾਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ 'ਤੇ ਪਾਕਿਸਤਾਨ ਜਾਣ ਵਾਲੇ ਜਥਿਆਂ 'ਤੇ ਪਾਬੰਦੀ ਨੇ ਸਿੱਖ ਭਾਈਚਾਰੇ ਵਿੱਚ ਨਿਰਾਸ਼ਾ ਪੈਦਾ ਕੀਤੀ ਹੈ। ਇਹ ਪਾਬੰਦੀ ਨਾ ਸਿਰਫ਼ ਧਾਰਮਿਕ ਸ਼ਰਧਾ ਨੂੰ ਪ੍ਰਭਾਵਿਤ ਕਰਦੀ ਹੈ, ਸਗੋਂ ਭਾਰਤ-ਪਾਕਿਸਤਾਨ ਸਬੰਧਾਂ 'ਤੇ ਵੀ ਸਵਾਲ ਖੜ੍ਹੇ ਕਰਦੀ ਹੈ।

ਕੇਂਦਰ ਸਰਕਾਰ ਦਾ ਸਿੱਖ ਤੀਰਥ ਯਾਤਰੀਆਂ ਨੂੰ ਪਾਕਿਸਤਾਨ ਜਾਣ ਦੀ ਇਜਾਜ਼ਤ ਨਾ ਦੇਣ ਦਾ ਫੈਸਲਾ ਸੁਰੱਖਿਆ ਚਿੰਤਾਵਾਂ 'ਤੇ ਆਧਾਰਤ ਹੋ ਸਕਦਾ ਹੈ, ਪਰ ਇਸ ਨੇ ਪੰਜਾਬ ਵਿੱਚ ਸਿਆਸੀ ਅਤੇ ਧਾਰਮਿਕ ਭਾਵਨਾਵਾਂ ਨੂੰ ਭੜਕਾਇਆ ਹੈ। ਸਿੱਖ ਭਾਈਚਾਰੇ ਦੀ ਪਵਿੱਤਰ ਅਸਥਾਨਾਂ ਪ੍ਰਤੀ ਸ਼ਰਧਾ ਅਤੇ ਇਤਿਹਾਸਕ ਮਹੱਤਵ ਨੂੰ ਵੇਖਦੇ ਹੋਏ ਇਸ ਫੈਸਲੇ ਨੂੰ ਸੰਤੁਲਿਤ ਕਰਨ ਦੀ ਲੋੜ ਹੈ।

ਪੰਜਾਬ ਦੇ ਸਿਆਸੀ ਆਗੂਆਂ ਅਤੇ ਧਾਰਮਿਕ ਸੰਗਠਨਾਂ ਨੇ ਸਰਕਾਰ ਨੂੰ ਇਸ ਮੁੱਦੇ 'ਤੇ ਮੁੜ ਵਿਚਾਰ ਕਰਨ ਦੀ ਮੰਗ ਕੀਤੀ ਹੈ। ਨਾਲ ਹੀ, ਕਰਤਾਰਪੁਰ ਸਾਹਿਬ ਕਾਰੀਡੋਰ ਵਰਗੀਆਂ ਪਹਿਲਕਦਮੀਆਂ ਨੇ ਸਿੱਖ ਤੀਰਥ ਯਾਤਰਾ ਦੀ ਮਹੱਤਤਾ ਨੂੰ ਵਿਸ਼ਵ ਪੱਧਰ 'ਤੇ ਉਜਾਗਰ ਕੀਤਾ ਹੈ। ਅਜਿਹੇ ਵਿੱਚ ਸਰਕਾਰ ਨੂੰ ਸੁਰੱਖਿਆ ਅਤੇ ਧਾਰਮਿਕ ਭਾਵਨਾਵਾਂ ਵਿਚਕਾਰ ਸੰਤੁਲਨ ਬਣਾਉਣ ਦੀ ਜ਼ਰੂਰਤ ਹੈ, ਤਾਂ ਜੋ ਸਿੱਖ ਭਾਈਚਾਰੇ ਦੀ ਸ਼ਰਧਾ ਦਾ ਸਨਮਾਨ ਹੋ ਸਕੇ ਅਤੇ ਦੁਵੱਲੇ ਸਬੰਧਾਂ ਨੂੰ ਵੀ ਮਜ਼ਬੂਤ ਕੀਤਾ ਜਾ ਸਕੇ।

ਇਸ ਫੈਸਲੇ ਦੀ ਪੰਜਾਬ ਵਿੱਚ ਸਿਆਸੀ ਅਤੇ ਧਾਰਮਿਕ ਸੰਗਠਨਾਂ ਨੇ ਸਖ਼ਤ ਆਲੋਚਨਾ ਕੀਤੀ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਹੈ ਕਿ ਕੇਂਦਰ ਸਰਕਾਰ ਸਿੱਖ ਤੀਰਥ ਯਾਤਰੀਆਂ ਨੂੰ ਇਜਾਜ਼ਤ ਨਾ ਦੇ ਕੇ ਅਤੇ ਭਾਰਤ-ਪਾਕਿਸਤਾਨ ਵਿਚਕਾਰ ਕ੍ਰਿਕਟ ਮੈਚਾਂ ਦੀ ਇਜਾਜ਼ਤ

⇒ ਬਾਕੀ ਸਫਾ 14 ਉੱਤੇ ਪੜ੍ਹੋ

# ਸਿੱਖਿਆ ਦੇ ਭਗਵਾਕਰਨ ਦੀ ਜਲਦਬਾਜ਼ੀ ਕਿਉਂ?

**ਕ੍ਰਿਸ਼ਨ ਪ੍ਰਤਾਪ ਸਿੰਘ**
**(ਸੀਨੀਅਰ ਪੱਤਰਕਾਰ)**

ਨਰਿੰਦਰ ਮੋਦੀ ਸਰਕਾਰ ਦੀ ਸਿੱਖਿਆ ਨੂੰ ਭਗਵਾਕਰਨ ਕਰਨ ਦੀ ਜਲਦਬਾਜ਼ੀ ਹੁਣ ਕਿਸੇ ਤੋਂ ਲੁਕੀ ਨਹੀਂ ਹੈ। ਕਈ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਇਸ ਜਲਦਬਾਜ਼ੀ ਪਿੱਛੇ ਲੋਕ ਸਭਾ ਚੋਣਾਂ ਵਿੱਚ ਭਾਰਤੀ ਜਨਤਾ ਪਾਰਟੀ (ਬੀ.ਜੇ.ਪੀ.) ਦੀ ਨਾਕਾਮੀ ਹੈ, ਜਿੱਥੇ "400 ਪਾਰ" ਦੇ ਨਾਅਰੇ ਦੇ ਬਾਵਜੂਦ ਪਾਰਟੀ ਸਿਰਫ਼ 240 ਸੀਟਾਂ 'ਤੇ ਸਿਮਟ ਗਈ, ਜੋ ਸਾਧਾਰਨ ਬਹੁਮਤ ਤੋਂ ਵੀ ਘੱਟ ਸੀ। ਇਸ ਨਾਕਾਮੀ ਨੇ ਪਾਰਟੀ ਵਿੱਚ ਅਸੁਰੱਖਿਆ ਦੀ ਭਾਵਨਾ ਪੈਦਾ ਕਰ ਦਿੱਤੀ ਹੈ, ਜਿਸ ਨਾਲ ਉਹ ਸੋਚਦੀ ਹੈ ਕਿ ਉਸ ਦਾ ਸਮਾਂ ਹੁਣ ਖਤਮ ਹੋ ਸਕਦਾ ਹੈ ਅਤੇ 'ਹੁਣ ਨਹੀਂ ਤਾਂ ਕਦੇ ਨਹੀਂ' ਵਾਲੀ ਸਥਿਤੀ ਸਾਹਮਣੇ ਹੈ।

ਭਾਜਪਾ ਨੂੰ ਪਤਾ ਹੈ ਕਿ ਉਸ ਦੀ ਸੱਤਾ ਅਤੇ ਇਸ ਜਲਦਬਾਜ਼ੀ ਦੀ ਉਮਰ ਉਸ ਦੀਆਂ ਸਮਰਥਕ ਪਾਰਟੀਆਂ ਜਿਵੇਂ ਕਿ ਤੇਲਗੂ ਦੇਸਮ, ਜਨਤਾ ਦਲ (ਯੂਨਾਈਟਿਡ) ਅਤੇ ਲੋਕ ਜਨ ਸ਼ਕਤੀ ਪਾਰਟੀ ਦੇ ਰਹਿਮੋ-ਕਰਮ 'ਤੇ ਨਿਰਭਰ ਹੈ। ਕੌਣ ਜਾਣਦਾ ਹੈ ਕਿ ਕਦੋਂ ਉਸ ਦੀ ਸੱਤਾ ਦੀ ਇਮਾਰਤ ਦੀਆਂ ਇੱਟਾਂ ਖਿਸਕਣ ਲੱਗ ਜਾਣ ਅਤੇ ਸਾਰੇ ਮਨਸੂਬੇ ਅਧੂਰੇ ਰਹਿ ਜਾਣ।

ਇਸ ਦੇ ਬਾਵਜੂਦ ਸਰਕਾਰ ਨੇ ਪਿਛਲੇ ਕੁਝ ਸਮੇਂ ਵਿੱਚ ਸਿੱਖਿਆ ਦੇ ਭਗਵਾਕਰਨ ਦੀ ਆਪਣੀ 'ਮੁਹਿੰਮ' ਨੂੰ ਰਾਸ਼ਟਰੀ ਸਿੱਖਿਅਕ ਅਨੁਸੰਧਾਨ ਅਤੇ ਪ੍ਰਸ਼ਿਕਸ਼ਣ ਪ੍ਰੀਸ਼ਦ (ਐਨ.ਸੀ.ਈ.ਆਰ.ਟੀ.) ਦੀਆਂ ਵੱਖ-ਵੱਖ ਸ਼੍ਰੇਣੀਆਂ ਦੀਆਂ ਪਾਠ-ਪੁਸਤਕਾਂ ਨੂੰ ਵਿਗਾੜਨ ਤੱਕ ਪਹੁੰਚਾ ਦਿੱਤਾ। ਸਿੱਖਿਅਕਾਂ ਵੱਲੋਂ ਇਸ ਦੇ ਅਨੇਕਾਂ ਨੁਕਸਾਨ ਗਿਣਾਏ ਜਾਣ ਦੇ ਬਾਵਜੂਦ ਸਰਕਾਰ ਨੇ ਪਿੱਛੇ ਹਟਣਾ ਮਨਜ਼ੂਰ ਨਹੀਂ ਕੀਤਾ, ਜਿਸ ਨਾਲ ਇਹ ਪੱਕਾ ਹੋ ਗਿਆ ਕਿ ਇਹ ਪਾਠ-ਪੁਸਤਕਾਂ ਪੜ੍ਹਨ ਵਾਲੇ ਵਿਦਿਆਰਥੀ ਅੱਧੇ-ਅਧੂਰੇ ਅਤੇ ਦੂਸ਼ਿਤ ਸੱਚਾਈਆਂ ਤੇ ਤੱਥਾਂ ਦਾ ਸਭ ਤੋਂ ਆਸਾਨ ਸ਼ਿਕਾਰ ਬਣ ਜਾਣਗੇ। ਸਰਕਾਰ ਨੇ ਇਹ ਸੋਚਣਾ ਵੀ ਜ਼ਰੂਰੀ ਨਹੀਂ ਸਮਝਿਆ ਕਿ ਦੇਸ਼ ਦੇ ਭਵਿੱਖ ਨੂੰ ਇਸ ਦੀ ਕਿੰਨੀ ਵੱਡੀ ਕੀਮਤ ਅਦਾ ਕਰਨੀ ਪੈ ਸਕਦੀ ਹੈ!



## ਭਵਿੱਖ ਲਈ ਖਤਰਾ

ਸਿੱਖਿਆ ਦਾ ਭਗਵਾਕਰਨ ਇੱਕ ਅਜਿਹੀ ਪੀੜ੍ਹੀ ਪੈਦਾ ਕਰ ਸਕਦਾ ਹੈ, ਜੋ ਵਿਗਿਆਨਕ ਸੋਚ ਅਤੇ ਤਰਕ ਤੋਂ ਦੂਰ ਹੋਵੇ। ਇਤਿਹਾਸ ਅਤੇ ਵਿਗਿਆਨ ਦੇ ਵਿਗਾੜ ਨਾਲ ਨਾ ਸਿਰਫ਼ ਵਿਦਿਆਰਥੀਆਂ ਨੂੰ ਗਲਤ ਜਾਣਕਾਰੀ ਮਿਲਦੀ ਹੈ, ਸਗੋਂ ਦੇਸ਼ ਦੀ ਬੌਧਿਕ ਸਮਰੱਥਾ ਵੀ ਕਮਜ਼ੋਰ ਹੁੰਦੀ ਹੈ। ਇਸ ਦੇ ਲੰਬੇ ਸਮੇਂ ਦੇ ਨਤੀਜੇ ਗੰਭੀਰ ਹੋ ਸਕਦੇ ਹਨ, ਕਿਉਂਕਿ ਇੱਕ ਅਜਿਹਾ ਸਮਾਜ ਜੋ ਵਿਵੇਕ ਅਤੇ ਤਰਕ ਤੋਂ ਵਾਂਝਾ ਹੈ, ਵੰਡ ਅਤੇ ਹੇਰਾਫੇਰੀ ਦਾ ਸ਼ਿਕਾਰ ਹੋ ਸਕਦਾ ਹੈ।

ਦਰਅਸਲ; ਸਿੱਖਿਆ ਦੇ ਭਗਵਾਕਰਨ ਦੀ ਜਲਦਬਾਜ਼ੀ ਬੀ.ਜੇ.ਪੀ. ਦੀ ਅਸੁਰੱਖਿਆ ਅਤੇ ਗੱਠਜੋੜ ਦੇ ਸਾਥੀਆਂ 'ਤੇ ਨਿਰਭਰਤਾ ਅਤੇ ਆਰ.ਐਸ.ਐਸ. ਦੀ ਦਹਾਕਿਆਂ ਪੁਰਾਣੀ ਇੱਛਾ ਨੂੰ ਦਰਸਾਉਂਦੀ ਹੈ। ਜਨਸੰਘ ਦੇ ਸ਼ੁਰੂਆਤੀ ਯਤਨਾਂ ਤੋਂ ਲੈ ਕੇ ਮੋਦੀ ਸਰਕਾਰ ਦੀਆਂ ਹਮਲਾਵਰ ਕਾਰਵਾਈਆਂ ਤੱਕ, ਇਹ ਏਜੰਡਾ ਸਿੱਖਿਅਕਾਂ ਅਤੇ ਵਿਦਵਾਨਾਂ ਦੇ ਵਿਰੋਧ ਦੇ ਬਾਵਜੂਦ ਜਾਰੀ ਹੈ। ਦੇਸ਼ ਦੇ ਨੌਜਵਾਨਾਂ ਅਤੇ ਬੌਧਿਕ ਅਖੰਡਤਾ ਦਾ ਭਵਿੱਖ ਦਾਅ 'ਤੇ ਹੈ। ਸਿਰਫ਼ ਤਰਕ-ਆਧਾਰਤ ਸਿੱਖਿਆ ਅਤੇ ਖੁੱਲ੍ਹੇ ਸੰਵਾਦ ਨੂੰ ਉਤਸ਼ਾਹਿਤ ਕਰ ਕੇ ਹੀ ਭਾਰਤ ਆਪਣੇ ਜਮਹੂਰੀ ਅਤੇ ਬਹੁ-ਸਭਿਆਚਾਰਕ ਸੁਭਾਅ ਨੂੰ ਸੁਰੱਖਿਅਤ ਰੱਖ ਸਕਦਾ ਹੈ।

### ਆਰ.ਐਸ.ਐਸ. ਦੀ ਲੰਮੇ ਸਮੇਂ ਦੀ ਯੋਜਨਾ

ਸਿੱਖਿਆ ਦਾ ਭਗਵਾਕਰਨ ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐਸ.ਐਸ.) ਦੀਆਂ ਸਭ ਤੋਂ ਮਹੱਤਵਪੂਰਨ ਅਤੇ ਪੁਰਾਣੀਆਂ ਯੋਜਨਾਵਾਂ ਵਿੱਚੋਂ ਇੱਕ ਹੈ। ਆਰ.ਐਸ.ਐਸ., ਜੋ ਕਿ ਭਾਜਪਾ ਅਤੇ ਮੋਦੀ ਸਰਕਾਰ ਦਾ ਵਿਚਾਰਧਾਰਕ ਮੂਲ ਹੈ, ਇਹ ਚੰਗੀ ਤਰ੍ਹਾਂ ਜਾਣਦਾ ਹੈ ਕਿ ਇਸ ਬਹੁ-ਧਰਮੀ, ਬਹੁ-ਭਾਸ਼ਾਈ ਅਤੇ ਬਹੁ-ਸਭਿਆਚਾਰਕ ਦੇਸ਼ ਨੂੰ ਮਨੂਵਾਦੀ ਸਮਾਜਿਕ ਵਿਵਸਥਾ 'ਤੇ ਆਧਾਰਤ ਹਿੰਦੂ ਰਾਸ਼ਟਰ ਦੇ ਸਾਂਚੇ ਵਿੱਚ ਢਾਲਣ ਦਾ ਟੀਚਾ ਉਦੋਂ ਤੱਕ ਪੂਰਾ ਨਹੀਂ ਹੋ ਸਕਦਾ, ਜਦੋਂ ਤੱਕ ਦੇਸ਼ ਦੇ ਲੋਕਾਂ, ਖਾਸਕਰ ਨੌਜਵਾਨਾਂ ਦੇ ਦਿਲੋ-ਦਿਮਾਗ ਅਤੇ ਸੋਚ-ਸਰੋਕਾਰਾਂ 'ਤੇ ਪ੍ਰਭਾਵਸ਼ਾਲੀ ਕੰਟਰੋਲ ਸਥਾਪਤ ਨਹੀਂ ਕੀਤਾ ਜਾਂਦਾ।

ਇਸ ਲਈ ਆਰ.ਐਸ.ਐਸ. ਮੰਨਦਾ ਹੈ ਕਿ ਇਸ ਸਭ ਨੂੰ ਕਾਬੂ ਕਰਨ ਦਾ ਸਭ ਤੋਂ ਸੌਖਾ ਤਰੀਕਾ ਸਿੱਖਿਆ ਨੂੰ ਉਸ ਅਨੁਸਾਰ ਢਾਲਣਾ ਅਤੇ ਇਸ ਦੇ ਮਾਧਿਅਮ ਨਾਲ ਮਨੂਵਾਦੀ ਵਿਚਾਰਧਾਰਾ ਨੂੰ ਪ੍ਰਸਾਰਿਤ ਕਰਨਾ ਹੈ। ਇਸੇ ਕਾਰਨ ਜਦੋਂ ਇਸ ਨੇ ਸਿੱਖਿਆ ਦੇ ਭਗਵਾਕਰਨ ਦੀ ਯੋਜਨਾ ਨੂੰ ਆਪਣੇ ਹੱਥ ਵਿੱਚ ਲਿਆ, ਤਾਂ ਨਾ ਤਾਂ ਇਸ ਨੂੰ ਕਦੇ ਛੱਡਿਆ ਅਤੇ ਨਾ ਹੀ ਇਸ ਤੋਂ ਮੂੰਹ ਮੋੜਿਆ। ਹਾਲਾਂਕਿ 2014 ਵਿੱਚ ਕੇਂਦਰ ਵਿੱਚ ਬੀ.ਜੇ.ਪੀ. ਦੀ ਪੂਰਨ ਬਹੁਮਤ ਵਾਲੀ ਸਰਕਾਰ ਬਣਨ ਤੋਂ ਬਾਅਦ ਇਸ ਯੋਜਨਾ ਨੂੰ ਅੱਗੇ ਵਧਾਉਣ ਦਾ ਜੋ ਸੁਨਹਿਰੀ ਮੌਕਾ ਮਿਲਿਆ, ਉਹ ਪਹਿਲਾਂ ਕਦੇ ਨਹੀਂ ਸੀ ਮਿਲਿਆ।

### ਇਤਿਹਾਸਕ ਪਿਛੋਕੜ: ਜਨਸੰਘ ਦਾ ਦੌਰ

1967 ਦੀਆਂ ਆਮ ਚੋਣਾਂ ਤੋਂ ਬਾਅਦ ਜਦੋਂ ਸਮਾਜਵਾਦੀ ਨੇਤਾ ਡਾ. ਰਾਮ ਮਨੋਹਰ ਲੋਹੀਆ ਦੇ ਗੈਰ-ਕਾਂਗਰਸਵਾਦ ਦੀ ਸਫਲਤਾ ਨਜ਼ਰ ਆਈ ਅਤੇ ਉੱਤਰੀ ਭਾਰਤ ਦੇ ਕਈ ਸੂਬਿਆਂ ਵਿੱਚ ਸਾਂਝੀਆਂ ਸਰਕਾਰਾਂ ਬਣੀਆਂ, ਤਾਂ ਇਹ ਮੁੱਦਾ ਸਪੱਸ਼ਟ ਰੂਪ ਵਿੱਚ ਸਾਹਮਣੇ ਆਇਆ। ਇਨ੍ਹਾਂ ਸਰਕਾਰਾਂ ਵਿੱਚ ਆਰ.ਐਸ.ਐਸ. ਦੁਆਰਾ ਸਥਾਪਤ ਅਤੇ ਨਿਰਦੇਸ਼ਿਤ ਭਾਰਤੀ ਜਨਸੰਘ ਵੀ ਸ਼ਾਮਲ ਸੀ। ਜਨਸੰਘ ਨੇ ਸਿੱਖਿਆ ਮੰਤਰੀ ਦੀ ਨਿਯੁਕਤੀ 'ਤੇ ਇੰਨਾ ਜ਼ੋਰ ਦਿੱਤਾ ਕਿ ਇਹ ਉਸ ਦੀ ਸਰਕਾਰ ਵਿੱਚ ਸ਼ਾਮਲ ਹੋਣ ਦੀ ਸ਼ਰਤ ਵਰਗਾ ਜਾਪਦਾ ਸੀ।

ਦੇਸ਼ ਦੇ ਸਭ ਤੋਂ ਵੱਡੇ ਸੂਬੇ ਉੱਤਰ ਪ੍ਰਦੇਸ਼ ਵਿੱਚ ਚੌਧਰੀ ਚਰਨ ਸਿੰਘ ਨੇ ਕਾਂਗਰਸ ਤੋਂ ਅਸਤੀਫ਼ਾ ਦੇ ਕੇ ਸਾਂਝੀ ਸਰਕਾਰ ਬਣਾਈ, ਜਿਸ ਵਿੱਚ ਜਨਸੰਘ ਸਭ ਤੋਂ ਵੱਡਾ ਭਾਈਵਾਲ ਸੀ। ਜਨਸੰਘ ਨੇ ਸਥਾਨਕ ਪ੍ਰਸ਼ਾਸਨ ਅਤੇ ਸਹਿਕਾਰਤਾ ਦੇ ਨਾਲ-ਨਾਲ ਸਿੱਖਿਆ ਵਿਭਾਗ ਵੀ ਹਾਸਲ ਕਰ ਲਿਆ। ਇਸ ਦਾ ਮਕਸਦ ਸਿੱਖਿਆ ਦੇ ਭਗਵਾਕਰਨ ਦੀ ਯੋਜਨਾ ਨੂੰ ਤੇਜ਼ੀ ਨਾਲ ਅੱਗੇ ਵਧਾਉਣਾ ਸੀ। ਜਦੋਂ ਚੌਧਰੀ ਚਰਨ ਸਿੰਘ ਨੇ ਇਹ ਵਿਭਾਗ ਵਾਪਸ ਲੈ ਕੇ ਜਨਸੰਘ ਨੂੰ ਜਨਤਕ ਕੰਮ ਅਤੇ ਪਸ਼ੂ ਪਾਲਣ ਵਿਭਾਗ ਦਿੱਤੇ, ਤਾਂ ਜਨਸੰਘ ਨੇ ਆਪਣੀ ਨਾਰਾਜ਼ਗੀ ਜ਼ਾਹਰ ਕੀਤੀ। ਬਦਕਿਸਮਤੀ ਨਾਲ ਇਹ ਸਰਕਾਰ ਜ਼ਿਆਦਾ ਸਮੇਂ ਤੱਕ ਨਹੀਂ ਚੱਲੀ, ਜਿਸ ਕਾਰਨ ਜਨਸੰਘ ਦੀ ਯੋਜਨਾ ਅਧੂਰੀ ਰਹਿ ਗਈ।

ਬਿਹਾਰ, ਮੱਧ ਪ੍ਰਦੇਸ਼ ਅਤੇ ਰਾਜਸਥਾਨ ਵਰਗੇ ਸੂਬਿਆਂ ਵਿੱਚ ਜਨਸੰਘ ਦੇ ਸਿੱਖਿਆ ਮੰਤਰੀਆਂ ਨੇ ਇਸ ਯੋਜਨਾ ਦੀ ਦਿਸ਼ਾ ਵਿੱਚ ਕੁਝ ਕਦਮ ਵਧਾਏ, ਪਰ ਉਸ ਸਮੇਂ ਦੀਆਂ ਸਥਿਤੀਆਂ ਕਾਰਨ ਉਹ ਜ਼ਿਆਦਾ ਸਫਲ ਨਹੀਂ ਹੋ ਸਕੇ।

### 1977 ਅਤੇ ਜਨਤਾ ਪਾਰਟੀ ਦਾ ਦੌਰ

1977 ਦੀਆਂ ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ ਅਤੇ ਜਨਤਾ ਪਾਰਟੀ ਦੀਆਂ ਸਰਕਾਰਾਂ ਬਣੀਆਂ। ਜਨਸੰਘ, ਜੋ ਹੁਣ ਜਨਤਾ ਪਾਰਟੀ ਵਿੱਚ ਸ਼ਾਮਲ ਹੋ ਚੁੱਕੀ ਸੀ, ਨੇ ਨਾ ਤਾਂ ਇਸ ਯੋਜਨਾ ਨੂੰ ਭੁੱਲਿਆ ਅਤੇ ਨਾ ਹੀ ਸਿੱਖਿਆ ਵਿਭਾਗ ਹਾਸਲ ਕਰਨ ਦੀ ਆਪਣੀ ਮੰਗ ਛੱਡੀ। ਇਸ ਦੌਰ ਵਿੱਚ ਜਨਸੰਘ ਦੇ ਮੰਤਰੀਆਂ ਨੇ ਆਰ.ਐਸ.ਐਸ. ਦੇ ਏਜੰਡੇ ਨੂੰ ਸਮਰਪਿਤ ਰਹਿ ਕੇ ਕੰਮ ਕੀਤਾ। ਪਰ ਮੋਰਾਰਜੀ ਦੇਸਾਈ ਦੀ ਅਗਵਾਈ ਵਾਲੀ ਜਨਤਾ ਪਾਰਟੀ ਸਰਕਾਰ ਦੇ ਆਖਰੀ ਸਾਹ ਸੰਘ ਅਤੇ ਜਨਤਾ ਪਾਰਟੀ ਦੀ ਦੋਹਰੀ ਮੈਂਬਰਸ਼ਿਪ ਦੇ ਮੁੱਦੇ 'ਤੇ ਹੀ ਰੁਕ ਗਏ।

ਇਸ ਤੋਂ ਬਾਅਦ ਜਨਤਾ ਪਾਰਟੀ ਦੇ ਕਈ ਟੁਕੜੇ ਹੋਏ ਅਤੇ ਜਨਸੰਘ ਭਾਰਤੀ ਜਨਤਾ ਪਾਰਟੀ ਦੇ ਰੂਪ ਵਿੱਚ ਸਾਹਮਣੇ ਆਇਆ। 1990 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਬੀ.ਜੇ.ਪੀ. ਨੇ ਮੱਧ ਪ੍ਰਦੇਸ਼, ਹਿਮਾਚਲ ਪ੍ਰਦੇਸ਼ ਅਤੇ ਰਾਜਸਥਾਨ ਵਿੱਚ ਪਹਿਲੀ ਵਾਰ ਆਪਣੇ ਦਮ 'ਤੇ ਸਰਕਾਰਾਂ ਬਣਾਈਆਂ। ਭੈਰੋਂ ਸਿੰਘ ਸ਼ੇਖਾਵਤ, ਸ਼ਾਂਤਾ ਕੁਮਾਰ ਅਤੇ ਸੁੰਦਰ ਲਾਲ ਪਟਵਾ ਦੀ ਅਗਵਾਈ ਵਿੱਚ ਬੀ.ਜੇ.ਪੀ. ਨੇ ਸਿੱਖਿਆ ਦੇ ਭਗਵਾਕਰਨ ਦੀ ਯੋਜਨਾ ਨੂੰ ਅਮਲ ਵਿੱਚ ਲਿਆਉਣ ਦੀ ਦਿਸ਼ਾ ਵਿੱਚ ਕਦਮ ਵਧਾਏ।

ਮੱਧ ਪ੍ਰਦੇਸ਼ ਵਿੱਚ ਆਰ.ਐਸ.ਐਸ. ਨਾਲ ਜੁੜੀ 'ਵਿਦਿਆ ਭਾਰਤੀ' 1600 ਸਕੂਲ ਚਲਾਉਂਦੀ ਸੀ ਅਤੇ ਪਟਵਾ ਸਰਕਾਰ ਨੇ ਇਸ ਨੂੰ ਅੱਠਵੀਂ ਜਮਾਤ ਤੱਕ ਆਪਣਾ ਪਾਠਕ੍ਰਮ ਤੇ ਪ੍ਰੀਖਿਆਵਾਂ ਨਿਰਧਾਰਤ ਕਰਨ ਦਾ ਅਧਿਕਾਰ ਦੇ ਦਿੱਤਾ। ਇਸ ਤੋਂ ਬਿਨਾ ਚੌਥੀ ਜਮਾਤ ਦੀ ਪਾਠ-ਪੁਸਤਕ 'ਚੋਂ ਇੰਦਰਾ ਗਾਂਧੀ ਦੀ 'ਵਾਨਰ ਸੈਨਾ' ਸਬੰਧੀ ਪਾਠ ਹਟਾਇਆ ਗਿਆ ਅਤੇ ਮਹਾਤਮਾ ਗਾਂਧੀ ਦੇ ਕਾਤਲ ਨਾਥੂਰਾਮ ਗੋਡਸੇ ਦੀ ਮਹਿਮਾ ਕਰਨ ਦੀ ਸ਼ੁਰੂਆਤ ਕੀਤੀ ਗਈ।

ਰਾਜਸਥਾਨ ਵਿੱਚ 'ਸੰਸਕਾਰ ਸੌਰਭ' ਨਾਮਕ ਪੁਸਤਕ ਦੇ ਤੀਜੇ ਹਿੱਸੇ ਵਿੱਚ 'ਪ੍ਰਾਣ ਜਾਏ ਪਰ ਵਚਨ ਨਾ ਜਾਏ' ਸਿਰਲੇਖ ਹੇਠ ਅਯੁੱਧਿਆ ਵਿੱਚ ਕਾਰਸੇਵਾ ਦੌਰਾਨ ਮਾਰੇ ਗਏ ਕੋਠਾਰੀ ਭਰਾਵਾਂ ਦੀ ਕਥਿਤ ਬਲੀਦਾਨੀ ਕਹਾਣੀ ਪੜ੍ਹਾਈ ਜਾਣ ਲੱਗੀ। ਇਸੇ ਤਰ੍ਹਾਂ ਛੇਵੀਂ ਜਮਾਤ ਦੀ 'ਸੰਸਕਾਰ ਸੌਰਭ' ਵਿੱਚ 'ਦੋ ਨਵੰਬਰ ਦੇ ਹੁਤਾਤਮਾ' ਸਿਰਲੇਖ ਹੇਠ ਉੱਤਰ ਪ੍ਰਦੇਸ਼ ਦੇ ਤਤਕਾਲੀ ਮੁੱਖ ਮੰਤਰੀ ਮੁਲਾਇਮ ਸਿੰਘ ਯਾਦਵ ਨੂੰ 'ਜ਼ਾਲਮ ਕਸਾਈ' ਕਿਹਾ ਗਿਆ। ਇਸ ਪੁਸਤਕ ਦੇ ਇੱਕ ਹੋਰ ਪਾਠ ਵਿੱਚ ਫ਼ਿਰਕੂ ਦੰਗਿਆਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਦਾ ਕਾਰਨ ਮੁਸਲਮਾਨਾਂ ਦੁਆਰਾ ਗਊ-ਹੱਤਿਆ ਨੂੰ ਦੱਸਿਆ ਗਿਆ।

### ਮੋਦੀ ਦਾ ਦੌਰ: ਕੇਂਦਰੀਕ੍ਰਿਤ ਭਗਵਾਕਰਨ

2014 ਵਿੱਚ ਨਰਿੰਦਰ ਮੋਦੀ ਦੀ ਅਗਵਾਈ ਹੇਠ ਬੀ.ਜੇ.ਪੀ. ਦੀ ਜਿੱਤ ਨੇ ਇਸ ਏਜੰਡੇ ਨੂੰ ਕੇਂਦਰੀਕ੍ਰਿਤ ਕਰਨ ਦਾ ਸੁਨਹਿਰੀ ਮੌਕਾ ਦਿੱਤਾ। ਸਰਕਾਰ ਨੇ ਸਭ ਤੋਂ ਪਹਿਲਾਂ ਯੂਨੀਵਰਸਿਟੀਆਂ ਨੂੰ ਨਿਸ਼ਾਨਾ ਬਣਾਇਆ ਅਤੇ ਖੁੱਲ੍ਹੇ ਵਿਚਾਰਾਂ ਦੇ ਆਦਾਨ-ਪ੍ਰਦਾਨ ਦੇ ਮਾਹੌਲ ਨੂੰ ਖਤਮ ਕਰ ਦਿੱਤਾ। ਜਵਾਹਰਲਾਲ ਨਹਿਰੂ ਯੂਨੀਵਰਸਿਟੀ (ਜੇ.ਐਨ.ਯੂ.) 'ਤੇ ਅਨੇਕਾਂ ਹਮਲੇ ਕੀਤੇ ਗਏ ਤਾਂ ਜੋ ਇਸ ਨੂੰ 'ਕੰਟਰੋਲ' ਕੀਤਾ ਜਾ ਸਕੇ। ਬੀ.ਜੇ.ਪੀ. ਸ਼ਾਸਿਤ ਸੂਬਿਆਂ ਦੀਆਂ ਯੂਨੀਵਰਸਿਟੀਆਂ ਵਿੱਚ ਆਰ.ਐਸ.ਐਸ. ਦੀ ਵਿਚਾਰਧਾਰਾ ਦੇ ਸਮਰਥਕ ਵਾਈਸ ਚਾਂਸਲਰ ਨਿਯੁਕਤ ਕੀਤੇ ਗਏ, ਜਿਨ੍ਹਾਂ ਨੇ ਆਰ.ਐਸ.ਐਸ-ਵਿਰੋਧੀ ਜਾਂ ਅਸੁਵਿਧਾਜਨਕ ਵਿਚਾਰਾਂ ਵਾਲੇ ਸੈਮੀਨਾਰਾਂ ਨੂੰ ਰੋਕ ਦਿੱਤਾ।

ਵੱਖ-ਵੱਖ ਧਰਮਾਂ ਵਿਚਕਾਰ ਸੰਵਾਦ ਦੀ ਲੋੜ 'ਤੇ ਜ਼ੋਰ ਦੇਣ ਵਾਲੇ ਪ੍ਰੋਫੈਸਰਾਂ 'ਤੇ ਬੇਬੁਨਿਆਦ ਐਫ.ਆਈ.ਆਰ. ਦਰਜ ਕਰ ਕੇ ਉਨ੍ਹਾਂ ਨੂੰ ਪ੍ਰੇਸ਼ਾਨ ਕਰਨ ਦਾ ਸਿਲਸਿਲਾ ਵੀ ਸ਼ੁਰੂ ਹੋਇਆ। ਖੱਬੇ-ਪੱਖੀ ਅਤੇ ਦਲਿਤ ਵਿਚਾਰਧਾਰਾ ਦੇ ਵਿਦਿਆਰਥੀਆਂ ਅਤੇ ਬੁੱਧੀਜੀਵੀਆਂ ਨੂੰ ਨਵੇਂ ਹਮਲਿਆਂ ਅਤੇ ਸਾਜ਼ਿਸ਼ਾਂ ਨਾਲ ਜਵਾਬ ਦਿੱਤਾ ਗਿਆ, ਜੋ ਇਸ ਗੱਲ ਦਾ ਸਬੂਤ ਸੀ ਕਿ ਸੱਤਾ ਸੰਸਥਾਨ ਕੋਲ ਤਰਕ, ਵਿਵੇਕ ਅਤੇ ਗਿਆਨ ਨਾਲ ਉਨ੍ਹਾਂ ਦੀ ਕਾਟ ਕਰਨ ਦੀ ਸਮਰੱਥਾ ਨਹੀਂ ਸੀ।

**ਗੱਲ ਕਰਨੀ ਬਣਦੀ ਐ...**

# ਭਾਸ਼ਾ/ਬੋਲੀ, ਬਾਜ਼ਾਰ, ਸਰਕਾਰ, ਹਿੰਸਾ ਅਤੇ ਲੋਕ

**ਸੁਸ਼ੀਲ ਦੁਸਾਂਝ**

ਬਦਲਦੇ ਵਕਤ ਦੇ ਨਾਲ ਹੀ ਹੋਰਨਾਂ ਚੀਜ਼ਾਂ ਵਾਂਗ ਅੱਜ ਹਿੰਸਾ ਨੇ ਵੀ ਆਪਣੇ ਆਪ ਨੂੰ ਵਿਸਥਾਰਤ ਕਰ ਲਿਆ ਹੈ। ਹਿੰਸਾ ਸਿਰਫ਼ ਜਿਸਮਾਨੀ ਅਤੇ ਉਹ ਹੀ ਨਹੀਂ ਰਹੀ, ਜੋ ਸਾਨੂੰ ਸਾਹਮਣੇ ਦਿਖਾਈ ਦਿੰਦੀ ਹੈ, ਸਗੋਂ ਕਈ ਮਾਮਲਿਆਂ ਵਿੱਚ ਹਿੰਸਾ ਵੱਲ ਬੰਦਾ ਖੁਦ ਖਿਚਿਆ ਜਾਂਦਾ ਹੈ।

ਇਹ ਬਾਜ਼ਾਰ ਦੀ ਹਿੰਸਾ ਹੈ।

ਬਾਜ਼ਾਰੂ ਹਿੰਸਾ ਬੰਦੇ ਨੂੰ ਆਪਣੇ ਵੱਲ ਆਕਰਸ਼ਿਤ ਕਰਦੀ ਹੈ, ਬੰਦਾ ਚੀਜ਼ਾਂ-ਵਸਤਾਂ ਦੇ ਸੰਮੋਹਨ ਵਿੱਚ ਖਾਲੀ ਜੇਬ ਹੁੰਦਿਆਂ ਹੋਇਆਂ ਵੀ ਬਾਜ਼ਾਰ ਵੱਲ ਦੌੜਦਾ ਹੈ ਤੇ ਬਾਜ਼ਾਰ ਦੀ ਹਿੰਸਾ ਨਾਲ ਪੂਰੀ ਤਰ੍ਹਾਂ ਵਿੰਨ੍ਹਿਆ ਹੋਇਆ ਅੰਦਰੋਂ ਪਲ-ਪਲ ਖੁਰਦਾ-ਮਰਦਾ ਚਲਿਆ ਜਾਂਦਾ ਹੈ। ਬਾਜ਼ਾਰ ਦੀ ਇਹ ਹਿੰਸਾ ਸੰਸਾਰਕ ਹੈ। ਇਸੇ ਸੰਸਾਰਕ ਹਿੰਸਾ ਦਾ ਪੁਤਲੀ ਨਾਚ ਭਾਸ਼ਾਵਾਂ ਅਤੇ ਬੋਲੀਆਂ ਦੇ ਮਾਮਲੇ ਵਿੱਚ ਵੀ ਦੇਖਿਆ ਜਾ ਸਕਦਾ ਹੈ, ਪਰ ਇਹਨੂੰ ਦੇਖਣ ਅਤੇ ਸਮਝਣ ਲਈ ਬੇਹੱਦ ਤਿੱਖੀ ਨਜ਼ਰ ਅਤੇ ਸਮਝ ਦੀ ਜ਼ਰੂਰਤ ਹੈ।

ਦਰਅਸਲ, ਸੰਸਾਰੀਕਰਨ ਦੀ ਅਗਵਾਈ ਕਰਨ ਵਾਲੀਆਂ ਸ਼ਕਤੀਆਂ ਨੂੰ ਇਹ ਭਲੀਭਾਂਤ ਹੈ ਪਤਾ ਹੈ ਕਿ ਜੇਕਰ ਦੁਨੀਆ ਨੂੰ ਇੱਕ ਜ਼ਰਖੇਜ਼ ਮੰਡੀ ਬਣਾ ਕੇ ਲੁੱਟਣਾ ਹੈ ਤਾਂ ਸੰਸਾਰ ਭਰ ਦੀਆਂ ਲੋਕ ਬੋਲੀਆਂ ਅਤੇ ਭਾਸ਼ਾਵਾਂ ਦਾ ਫਸਤਾ ਵੱਢਣਾ ਪਵੇਗਾ ਅਤੇ ਅੰਗਰੇਜ਼ੀ ਨੂੰ ਪੂਰੀ ਤਰ੍ਹਾਂ ਮੰਡੀ ਦੀ ਭਾਸ਼ਾ ਵਜੋਂ ਸਥਾਪਤ ਕਰਦਿਆਂ ਵੱਖ ਵੱਖ ਮੁਲਕਾਂ ਦੀਆਂ ਭਾਸ਼ਾਵਾਂ ਉਪਰ ਠੋਸਣਾ ਪਵੇਗਾ। ਇਹੀ ਕਾਰਨ ਹੈ ਕਿ ਹਰ ਦੋ ਹਫਤੇ 'ਚ ਸੰਸਾਰ ਵਿੱਚੋਂ ਇੱਕ ਭਾਸ਼ਾ ਖਤਮ ਹੋ ਰਹੀ ਹੈ।

ਸਾਫ ਹੈ, ਜੇ ਭਾਸ਼ਾ ਨਹੀਂ ਰਹੇਗੀ ਤਾਂ ਉਸ ਭਾਸ਼ਾ ਨੂੰ ਲਿਖਣ ਤੇ ਬੋਲੀ ਨੂੰ ਬੋਲਣ ਵਾਲਿਆਂ ਦੀ ਪਛਾਣ ਵੀ ਖਤਮ ਹੋ ਜਾਵੇਗੀ। ਇਹ ਗਲੋਬਲ ਬਾਜ਼ਾਰੂ ਤਾਕਤਾਂ ਦਾ ਪਹਿਲਾ ਨਿਸ਼ਾਨਾ ਹੈ ਕਿ ਬੰਦੇ ਨੂੰ ਬੇਪਛਾਣ ਕਰ ਕੇ ਉਹਨੂੰ ਮਾਨਸਿਕ ਗੁਲਾਮ ਬਣਾਇਆ ਜਾਵੇ ਤੇ ਫੇਰ ਉਹਦੇ 'ਤੇ ਮਨ ਚਾਹੀ ਹਕੂਮਤ ਕੀਤੀ ਜਾਵੇ। ਇਸ ਤੋਂ ਵੱਡੀ ਕੋਈ ਹਿੰਸਾ ਹੋ ਹੀ ਨਹੀਂ ਸਕਦੀ। ਇਸੇ ਸਾਜ਼ਿਸ਼ ਕਾਰਨ ਹੀ ਅੱਜ ਸੰਸਾਰ ਭਰ ਦੀਆਂ ਕੋਈ 2880 ਭਾਸ਼ਾਵਾਂ ਉਪਰ ਖਤਰੇ ਦੀ ਤਲਵਾਰ ਲਟਕ ਰਹੀ ਹੈ; ਜਿਹਦੇ ਵਿੱਚੋਂ 196 ਭਾਸ਼ਾਵਾਂ ਭਾਰਤ ਦੀਆਂ ਵੀ ਹਨ। ਭਾਵੇਂ ਇਨ੍ਹਾਂ ਭਾਰਤੀ ਭਾਸ਼ਾਵਾਂ ਵਿੱਚ ਪੰਜਾਬੀ ਨਹੀਂ ਹੈ, ਪਰ ਭਾਸ਼ਾਈ ਹਿੰਸਾ ਦਾ ਵਰਤਾਰਾ ਏਨਾ ਮਹੀਨ ਹੈ ਕਿ ਚੁਣੌਤੀਆਂ ਦਾ ਪਹਾੜ ਪੰਜਾਬੀ ਭਾਸ਼ਾ ਲਈ ਵੀ ਖੜਾ ਹੈ। ਇਸ ਕਰ ਕੇ ਆਪਣੀ ਭਾਸ਼ਾ-ਬੋਲੀ ਲਈ ਸੁਹਿਰਦ ਵਿਦਵਾਨਾਂ ਅਤੇ ਭਾਸ਼ਾ-ਸਭਿਆਚਾਰ ਦੇ ਨਾਂ 'ਤੇ ਕੰਮ ਕਰ ਰਹੀਆਂ ਜਥੇਬੰਦੀਆਂ ਨੂੰ ਅੱਜ ਬੇਹੱਦ ਚੌਕਸੀ ਦੇ ਨਾਲ ਇਨ੍ਹਾਂ ਸਥਿਤੀਆਂ ਨੂੰ ਵਿਚਾਰਦਿਆਂ ਆਪਣੀਆਂ ਤਰਜੀਹਾਂ ਤੈਅ ਕਰਨੀਆਂ ਚਾਹੀਦੀਆਂ ਹਨ।

ਕੋਈ ਵੀ ਭਾਸ਼ਾ ਆਪਣੇ ਆਪ ਵਿੱਚ ਹੀਣੀ ਨਹੀਂ ਹੁੰਦੀ। ਹਰ ਭਾਸ਼ਾ ਦੀ ਸਮਰੱਥਾ ਉਸ ਦੇ ਧੀਆਂ-ਪੁੱਤਾਂ ਨੇ ਹੀ ਸਥਾਪਤ ਕਰਨੀ ਹੁੰਦੀ ਹੈ। ਪੰਜਾਬੀ ਭਾਸ਼ਾ ਦੀ ਸਮਰੱਥਾ ਕੁਝ ਵਰ੍ਹੇ ਪਹਿਲਾਂ ਵਰਿੰਦਰ ਸ਼ਰਮਾ ਨਾਂ ਦੇ ਨੌਜਵਾਨ ਨੇ ਆਈ.ਏ.ਐਸ. ਦੀ ਪ੍ਰੀਖਿਆ ਵਿੱਚ ਮੁਲਕ ਭਰ ਵਿੱਚੋਂ ਚੌਥਾ ਸਥਾਨ ਹਾਸਲ ਕਰਕੇ ਪ੍ਰਮਾਣਤ ਕਰ ਹੀ ਦਿੱਤੀ ਹੈ; ਪਰ ਮਸਲਾ ਏਨਾ ਸਰਲ ਵੀ ਨਹੀਂ ਹੈ, ਕਿਉਂਕਿ ਰੁਕਾਵਟਾਂ ਬਹੁਤ ਜ਼ਿਆਦਾ ਹਨ।

ਪੰਜਾਬ ਵਿੱਚ ਭਾਵੇਂ ਪੰਜਾਬੀ ਰਾਜ ਭਾਸ਼ਾ (ਤਰਮੀਮੀ) ਐਕਟ 2008 ਸਾਡੇ ਸਾਹਮਣੇ ਹੈ, ਪਰ ਇਹਦੇ ਵਿੱਚ ਸਜ਼ਾ ਦੀ ਧਾਰਾ ਨੂੰ ਸਹੀ ਰੂਪ ਵਿੱਚ ਸ਼ਾਮਲ ਹੀ ਨਹੀਂ ਕੀਤਾ ਗਿਆ। ਫੇਰ ਜਿਹੜੀ ਸੂਬਾਈ ਅਧਿਕਾਰਤ ਕਮੇਟੀ ਅਤੇ ਜ਼ਿਲਾ ਅਧਿਕਾਰਤ ਕਮੇਟੀਆਂ ਬਣਾਈਆਂ ਗਈਆਂ ਸਨ; ਉਹ ਕਿਤੇ ਕੰਮ ਹੀ ਨਹੀਂ ਕਰ ਰਹੀਆਂ। ਇਸ ਤੋਂ ਵੀ ਅੱਗੇ ਪੰਜਾਬੀ ਨੂੰ ਹਰ ਪੱਧਰ 'ਤੇ ਲਾਗੂ ਕਰਨ ਵਿੱਚ ਅਫਸਰਸ਼ਾਹੀ ਅੜਿਕੇ-ਦਰ-ਅੜਿਕੇ ਡਾਹ ਰਹੀ ਹੈ।

ਵੱਡਾ ਮਸਲਾ ਅਸਲ ਵਿੱਚ ਲੋਕਾਂ ਦੀ ਭਾਸ਼ਾ ਅਤੇ ਸੱਤਾ ਦੀ ਭਾਸ਼ਾ ਦਾ ਇੱਕ ਨਾ ਹੋਣਾ ਹੈ। ਸੱਤਾ ਹਰ ਪੱਧਰ 'ਤੇ ਅੰਗਰੇਜ਼ੀ ਨੂੰ ਹੀ ਆਪਣੀ ਭਾਸ਼ਾ ਬਣਾ ਕੇ ਚੱਲ ਰਹੀ ਹੈ, ਪਰ ਲੋਕਾਂ ਦੀ ਭਾਸ਼ਾ ਪੰਜਾਬੀ ਹੈ। ਭਾਸ਼ਾ ਦਾ ਸਮਾਜਕ ਸਥਿਤੀਆਂ ਨਾਲ ਗਹਿਰਾ ਰਿਸ਼ਤਾ ਹੁੰਦਾ ਹੈ ਅਤੇ ਹਰ ਜਮਹੂਰੀਅਤ ਦੀ ਬੁਨਿਆਦ ਲੋਕ ਭਾਸ਼ਾ ਹੀ ਹੋਇਆ ਕਰਦੀ ਹੈ। ਜੇਕਰ ਕਿਸੇ ਵੀ ਸਮਾਜ ਵਿੱਚ ਲੋਕਾਂ ਅਤੇ ਸੱਤਾ ਦੀ ਭਾਸ਼ਾ ਵਿੱਚ ਭੇਦ ਹੈ ਤਾਂ ਉਥੇ ਸਹੀ ਅਰਥਾਂ ਵਿੱਚ ਜਮਹੂਰੀਅਤ ਹੋ ਹੀ ਨਹੀਂ ਸਕਦੀ। ਕੀ ਇਹ ਹਾਸੋਹੀਣੀ ਗੱਲ ਨਹੀਂ ਕਿ ਜਿਹੜੀਆਂ ਸਰਕਾਰਾਂ ਆਪਣੇ ਲੋਕਾਂ ਦੀ ਭਾਸ਼ਾ ਵਿੱਚ ਬੱਚਿਆਂ ਨੂੰ ਸਿੱਖਿਆ ਦੇਣ ਦੇ ਕਾਬਲ ਨਹੀਂ, ਉਹ ਅੰਗਰੇਜ਼ੀ ਪੜ੍ਹਨ ਪੜ੍ਹਾਉਣ ਦੀਆਂ ਗੱਲਾਂ ਕਰਦੀਆਂ ਹਨ!

ਸਾਡਾ ਅੰਗਰੇਜ਼ੀ ਜਾਂ ਕਿਸੇ ਵੀ ਹੋਰ ਭਾਸ਼ਾ ਨਾਲ ਕੋਈ ਵੈਰ ਵਿਰੋਧ ਨਹੀਂ ਹੈ। ਹਰ ਭਾਸ਼ਾ ਦਾ ਆਪਣਾ ਮੁਕਾਮ ਹੁੰਦਾ ਹੈ, ਪਰ ਮਾਂ ਭਾਸ਼ਾ ਦੀ ਕਬਰ ਉਪਰ ਅੰਗਰੇਜ਼ੀ ਦਾ ਮਹਿਮਾਗਾਨ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਯੋਗ ਨਹੀਂ ਹੈ।

ਪੰਜਾਬੀ ਨੂੰ ਜਿੰਨੀ ਦੇਰ ਅਮਲੀ ਰੂਪ ਵਿੱਚ ਸਕੂਲਾਂ, ਕਾਲਜਾਂ, ਅਦਾਲਤਾਂ, ਰੁਜ਼ਗਾਰ ਅਤੇ ਗਿਆਨ-ਵਿਗਿਆਨ ਦੀ ਭਾਸ਼ਾ ਬਣਾਉਣ ਵੱਲ ਨਹੀਂ ਵਧਿਆ ਜਾਂਦਾ, ਓਨੀ ਦੇਰ ਖਤਰੇ ਹੀ ਖਤਰੇ ਹਨ। ਸਭ ਤੋਂ ਵੱਡੀ ਗੱਲ ਸਰਕਾਰੀ ਨੀਯਤ ਦੀ ਹੈ। ਹੁਕਮਰਾਨ ਲੋਕਾਂ ਦੀ ਭਾਸ਼ਾ ਨੂੰ ਆਪਣੀ ਭਾਸ਼ਾ ਬਣਾਉਣ। ਇਹਦੇ ਲਈ ਆਪਣੀ ਮਾਂ ਬੋਲੀ ਪ੍ਰਤੀ ਸੁਹਿਰਦਤਾ ਅਤੇ ਰਾਜਸੀ ਇੱਛਾ ਸ਼ਕਤੀ ਦੀ ਸਖ਼ਤ ਲੋੜ ਹੈ।

ਅਖੀਰ ਵਿੱਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਹੁਰਾਂ ਦੀ ਨਜ਼ਰ ਪੰਜਾਬੀ ਸ਼ਾਇਰਾ ਸੁਖਵਿੰਦਰ ਅੰਮ੍ਰਿਤ ਦਾ ਇਹ ਸ਼ਿਅਰ:

ਕਦੇ ਬੁਝਦੀ ਜਾਂਦੀ ਉਮੀਦ ਹਾਂ,
ਕਦੇ ਜਗਮਗਾਉਂਦਾ ਯਕੀਨ ਹਾਂ।
ਤੂੰ ਗੁਲਾਬ ਸੀ ਜਿੱਥੇ ਬੀਜਣੇ,
ਮੈਂ ਉਹੀ ਉਦਾਸ ਜ਼ਮੀਨ ਹਾਂ।

# ਸਿਨਸਿਨੈਟੀ ਖੇਡ ਮੇਲੇ 'ਚ ਚੱਲਿਆ ਕਬੱਡੀ ਤੇ ਗੌਣ ਦਾ ਦੌਰ

***ਕਬੱਡੀ ਦਾ ਪਹਿਲਾ ਇਨਾਮ ਨਿਊ ਯਾਰਕ ਮੈਟਰੋ ਸਪੋਰਟਸ ਕਲੱਬ ਨੇ ਜਿੱਤਿਆ**

***ਮੁਹੰਮਦ ਸਦੀਕ ਸਮੇਤ ਹੋਰਨਾਂ ਗਾਇਕਾਂ ਨੇ ਲਾਈ ਗੀਤ-ਸੰਗੀਤ ਦੀ ਛਹਿਬਰ**

***ਸਪਾਂਸਰਾਂ ਸਮੇਤ ਖਾਸ ਸ਼ਖਸੀਅਤਾਂ ਦਾ ਸਨਮਾਨ**









**ਜਸਵੰਤ ਸਿੰਘ ਖੜਗ**
**ਪੰਜਾਬੀ ਪਰਵਾਜ਼ ਬਿਊਰੋ**

**ਸਿਨਸਿਨੈਟੀ, ਓਹਾਇਓ:** ਸ਼ੇਰ-ਏ-ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਸਿਨਸਿਨੈਟੀ ਵੱਲੋਂ ਲੰਘੇ ਦਿਨੀਂ ਕਰਵਾਇਆ ਗਿਆ ਖੇਡ ਤੇ ਸੱਭਿਆਚਾਰਕ ਮੇਲਾ ਰੌਣਕਾਂ ਭਰਪੂਰ ਅਤੇ ਯਾਦਗਾਰੀ ਹੋ ਨਿਬੜਿਆ। ਇਸ ਮੌਕੇ ਜਿੱਥੇ ਕਬੱਡੀ ਦੇ ਫਸਵੇਂ ਮੈਚ ਹੋਏ, ਉਥੇ ਬੱਚਿਆਂ ਦੀਆਂ ਨਿੱਕ-ਸੁੱਕ ਖੇਡਾਂ ਤੋਂ ਇਲਾਵਾ ਰਾਤ ਤੱਕ ਗੀਤ-ਸੰਗੀਤ ਦਾ ਦੌਰ ਵੀ ਚੱਲਿਆ। ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਆਫ਼ ਅਮਰੀਕਾ ਦੀਆਂ 4 ਟੀਮਾਂ ਦੇ ਕਰਵਾਏ 5 ਮੈਚਾਂ ਵਿੱਚ ਧਾਵੀਆਂ ਨੇ ਕੁੱਲ 304 ਕਬੱਡੀਆਂ ਪਾ ਕੇ 227 ਅੰਕ ਪ੍ਰਾਪਤ ਕੀਤੇ ਅਤੇ ਜਾਫੀਆਂ ਨੇ ਕੁੱਲ 77 ਜੱਫੇ ਲਾਏ। ਸਾਰੇ ਹੀ ਮੈਚ ਵਧੀਆ ਹੋਏ ਅਤੇ ਸਾਰੀਆਂ ਟੀਮਾਂ ਵਿੱਚ ਕਬੱਡੀ ਦੇ ਉਭਰਦੇ ਤੇ ਸਟਾਰ ਖਿਡਾਰੀ ਖੇਡੇ। ਕਬੱਡੀ ਦਾ ਪਹਿਲਾ ਇਨਾਮ ਅਤੇ ਜੇਤੂ ਟਰਾਫੀ ਨਿਊ ਯਾਰਕ ਮੈਟਰੋ ਸਪੋਰਟਸ ਕਬੱਡੀ ਕਲੱਬ ਦੀ ਝੋਲੀ ਪਏ। ਸੰਦੀਪ ਨੰਗਲ ਅੰਬੀਆਂ ਕਬੱਡੀ ਕਲੱਬ ਬੇਏਰੀਆ ਦੀ ਟੀਮ ਉਪ ਜੇਤੂ




ਰਹੀ। ਵਧੀਆ ਖੇਡ ਪ੍ਰਦਰਸ਼ਨ ਕਰਕੇ ਦੁੱਲਾ ਬੱਗਾ ਪਿੰਡ ਨੂੰ ਵਧੀਆ ਧਾਵੀ ਅਤੇ ਗੋਪੀ ਮਾਣਕੀ ਤੇ ਇੰਦਰਜੀਤ ਕਲਸੀਆਂ ਨੂੰ ਸਾਂਝੇ ਤੌਰ 'ਤੇ ਵਧੀਆ ਜਾਫੀ ਐਲਾਨਿਆ ਗਿਆ। ਦੁੱਲਾ ਬੱਗਾ ਪਿੰਡ ਨੇ 12 ਕਬੱਡੀਆਂ ਪਾ ਕੇ 11 ਅੰਕ ਪ੍ਰਾਪਤ ਕੀਤੇ ਸਨ।

ਇਸ ਖੇਡ ਮੇਲੇ ਵਿੱਚ ਇੱਕ ਦਿਲਚਸਪ ਨਜ਼ਾਰਾ ਇਹ ਵੀ ਸੀ ਕਿ ਜਿੰਨੇ ਵੀ ਮੁੱਖ ਤੇ ਵਿਸ਼ੇਸ਼ ਮਹਿਮਾਨ ਆਉਂਦੇ ਸਨ, ਉਨ੍ਹਾਂ ਨੂੰ ਤਾਂਗੇ ਵਿੱਚ ਬੈਠਾ ਕੇ ਗਰਾਊਂਡ ਮੈਦਾਨ ਵਿੱਚ ਲਿਆਂਦਾ ਗਿਆ ਤੇ ਪ੍ਰਬੰਧਕ ਮਾਣ-ਤਾਣ ਦਿੰਦੇ ਰਹੇ। ਇਹ ਕਬੱਡੀ ਮੇਲਾ ਪੰਜਾਬ ਦੇ ਕਿਸੇ ਖੇਡ ਮੇਲੇ ਦਾ ਭੁਲੇਖਾ ਪਾ ਰਿਹਾ ਸੀ। ਚਾਰੇ ਪਾਸੇ ਲੱਗੇ ਟੈਂਟਾਂ ਵਿੱਚ ਅਲੱਗ ਅਲੱਗ ਸਮਾਨ ਤੋਂ ਇਲਾਵਾ ਖਾਣ-ਪੀਣ ਦਾ ਪ੍ਰਬੰਧ ਤਾਂ ਇਉਂ ਸੀ, ਜਿਵੇਂ ਪੰਜਾਬ ਦੇ ਕਿਸੇ ਪੈਲੇਸ ਵਿੱਚ ਵਿਆਹ ਦੀ ਵੱਡੀ ਪਾਰਟੀ ਚੱਲਦੀ ਹੋਵੇ। ਸਵੇਰ ਤੋਂ ਪ੍ਰਬੰਧਕਾਂ, ਖਿਡਾਰੀਆਂ ਅਤੇ ਮਹਿਮਾਨਾਂ ਦੀ ਚਹਿਲ-ਕਦਮੀ ਤੋਂ ਲੈ ਕੇ ਸ਼ਾਮ ਤੱਕ ਮੇਲਾ ਪੂਰੇ ਜੋਬਨ 'ਤੇ ਰਿਹਾ। ਮੇਲੇ ਵਿੱਚ ਸ਼ਮੂਲੀਅਤ ਕਰਨ ਲਈ ਓਹਾਇਓ ਸਟੇਟ ਤੋਂ ਇਲਾਵਾ ਇੰਡੀਆਨਾ, ਮਿਸ਼ੀਗਨ, ਵਿਸਕਾਨਸਿਨ, ਇਲੀਨਾਏ, ਕੈਲੀਫੋਰਨੀਆ, ਨਿਊ ਯਾਰਕ ਸਮੇਤ ਹੋਰਨਾਂ ਸਟੇਟਾਂ ਦੇ ਵੱਖ ਵੱਖ ਸ਼ਹਿਰਾਂ ਅਤੇ ਕੈਨੇਡਾ ਤੋਂ ਵੀ ਪਤਵੰਤੇ ਸੱਜਣ ਪਹੁੰਚੇ ਹੋਏ ਸਨ। ਭਾਈਚਾਰੇ ਵੱਲੋਂ ਮਿਲੇ ਭਰਵੇਂ ਹੁੰਗਾਰੇ ਤੋਂ ਪ੍ਰਬੰਧਕ ਵੀ ਖੁਸ਼ ਸਨ ਅਤੇ ਉਨ੍ਹਾਂ ਨੇ ਮੇਲੇ ਦੇ ਮਹਿਮਾਨਾਂ, ਸਪਾਂਸਰਾਂ ਅਤੇ ਸਹਿਯੋਗੀਆਂ ਦਾ ਵਿਸ਼ੇਸ਼ ਧੰਨਵਾਦ ਕਰਨ ਦੇ ਨਾਲ ਨਾਲ ਉਨ੍ਹਾਂ ਦਾ ਮਾਣ-ਸਨਮਾਨ ਵੀ ਕੀਤਾ।













ਸ਼ੇਰ-ਏ-ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਸਿਨਸਿਨੈਟੀ ਦੇ ਮੁੱਖ ਪ੍ਰਬੰਧਕਾਂ ਅਤੇ ਖੇਡ ਮੇਲੇ ਦੇ ਮੁੱਖ ਮਹਿਮਾਨਾਂ ਵੱਲੋਂ ਅਰਦਾਸ ਕਰਨ ਉਪਰੰਤ ਕਬੱਡੀ ਦਾ ਪਹਿਲਾ ਮੈਚ ਨਿਊ ਯਾਰਕ ਮੈਟਰੋ ਕਬੱਡੀ ਕਲੱਬ ਅਤੇ ਬਾਬਾ ਸੰਗ ਜੀ ਕਬੱਡੀ ਕਲੱਬ ਮਿਡਵੈਸਟ ਦੀਆਂ ਟੀਮਾਂ ਵਿਚਕਾਰ ਹੋਇਆ। ਇਹ ਮੈਚ ਸਾਢੇ ਸੱਤ ਅੰਕਾਂ ਦੇ ਫਰਕ ਨਾਲ ਨਿਊ ਯਾਰਕ ਮੈਟਰੋ ਕਬੱਡੀ ਕਲੱਬ ਦੀ ਟੀਮ ਨੇ ਜਿੱਤ ਲਿਆ। ਦੂਜੇ ਮੈਚ ਵਿੱਚ ਸੰਦੀਪ ਨੰਗਲ ਅੰਬੀਆਂ ਕਬੱਡੀ ਕਲੱਬ ਬੇਏਰੀਆ ਦੀ ਟੀਮ ਨੇ ਨਾਰਥ ਅਮੈਰਿਕਾ ਚੜ੍ਹਦਾ ਪੰਜਾਬ ਕਬੱਡੀ ਕਲੱਬ ਦੀ ਟੀਮ ਨੂੰ ਸਾਢੇ ਬਾਰ੍ਹਾਂ ਅੰਕਾਂ ਦੇ ਫਰਕ ਨਾਲ ਹਰਾਇਆ।

ਪਹਿਲਾ ਸੈਮੀਫਾਈਨਲ ਮੈਚ ਨਿਊ ਯਾਰਕ ਮੈਟਰੋ ਕਬੱਡੀ ਕਲੱਬ ਅਤੇ ਨਾਰਥ ਅਮੈਰਿਕਾ ਚੜ੍ਹਦਾ ਪੰਜਾਬ ਕਬੱਡੀ ਕਲੱਬ ਦੀਆਂ ਟੀਮਾਂ ਵਿਚਾਲੇ ਹੋਇਆ। ਨਾਰਥ ਅਮੈਰਿਕਾ ਚੜ੍ਹਦਾ ਪੰਜਾਬ ਵੱਲੋਂ ਜਿੱਥੇ ਗਗਨ ਨਾਗਰਾ ਨੇ ਛੇ ਕਬੱਡੀਆਂ ਲਗਾਤਾਰ ਪਾਈਆਂ, ਉਥੇ ਜੱਗਾ ਰੰਧਾਵਾ ਮਸੰਦਾਂ ਨੇ ਛੇ ਵਿੱਚੋਂ ਤਿੰਨ ਅੰਕ, ਸੇਠੀ ਹਰਖੋਵਾਲ ਨੇ ਛੇ ਵਿੱਚੋਂ ਚਾਰ ਅੰਕ, ਹੈਪੀ ਸੈਂਪਲੀ ਸਾਹਿਬ ਨੇ ਛੇ ਵਿੱਚੋਂ ਪੰਜ ਅੰਕ ਪ੍ਰਾਪਤ ਕੀਤੇ। ਨਿਊ ਯਾਰਕ ਮੈਟਰੋ ਕਬੱਡੀ ਕਲੱਬ ਦੇ ਜਾਫੀ ਖੁਸ਼ੀ ਦੁੱਗਾ ਨੇ ਤਿੰਨ ਜੱਫੇ, ਇੰਦਰਜੀਤ ਕਲਸੀਆਂ ਨੇ ਦੋ ਜੱਫੇ, ਗੋਪੀ ਮਾਣਕੀ ਅਤੇ ਯਾਦ ਕੋਟਲੀ ਨੇ ਇੱਕ ਇੱਕ ਜੱਫਾ ਲਾਇਆ। ਦੂਜੇ ਪਾਸੇ ਨਿਊ ਯਾਰਕ ਮੈਟਰੋ ਕਬੱਡੀ ਕਲੱਬ ਵੱਲੋਂ ਚਿੱਤਪਾਲ ਚਿੱਟੀ, ਰਾਜੂ ਕੋਟਲਾ ਭੜੀ, ਬੰਨੀ ਸਮਾਣਾ, ਮਨੀ ਬੱਦੋਵਾਲ, ਬਿੱਲਾ ਸੰਗਤਪੁਰਾ ਨੇ ਜਿੱਥੇ ਬੇ-ਰੋਕ ਕਬੱਡੀਆਂ ਪਾਈਆਂ, ਉਥੇ ਮੰਨਾ ਬੱਲੋਂ ਨੇ ਸੱਤ ਕਬੱਡੀਆਂ ਪਾਈਆਂ। ਉਸ ਨੂੰ ਅਮਨਵੀਰ ਥਿੰਗਲੀ ਨੇ ਦੋ ਜੱਫੇ ਅਤੇ ਮਨੀ ਦੱਲੋਂ ਨੰਗਲ ਨੇ ਇੱਕ ਜੱਫਾ ਲਾਇਆ, ਜੋ ਮੈਚ ਜਿੱਤਣ ਲਈ ਕਾਫੀ ਨਹੀਂ ਸੀ। ਇਸ ਲਈ ਇਹ ਮੈਚ ਨਿਊ ਯਾਰਕ ਮੈਟਰੋ ਕਬੱਡੀ ਕਲੱਬ ਨੇ ਸਾਢੇ ਨੌਂ ਅੰਕਾਂ ਦੇ ਫਰਕ ਨਾਲ ਜਿੱਤ ਕੇ ਫਾਈਨਲ ਵਿੱਚ ਪ੍ਰਵੇਸ਼ ਕੀਤਾ।

ਦੂਜਾ ਸੈਮੀਫਾਈਨਲ ਮੈਚ ਬਾਬਾ ਸੰਗਜੀ ਕਬੱਡੀ ਕਲੱਬ ਮਿਡਵੈਸਟ ਅਤੇ ਸੰਦੀਪ ਨੰਗਲ ਅੰਬੀਆਂ ਕਬੱਡੀ ਕਲੱਬ ਬੇਏਰੀਆ ਦੀਆਂ ਟੀਮਾਂ ਵਿਚਕਾਰ ਹੋਇਆ। ਬੇਏਰੀਆ ਦੀ ਟੀਮ ਵੱਲੋਂ ਦੁੱਲਾ ਬੱਗਾ ਪਿੰਡ, ਹੈਰੋ ਚਾਵੇਜ਼, ਦੱਲੀ ਸ਼ਮਸਪੁਰ ਨੇ ਜਿੱਥੇ ਬਿਨਾ ਰੁਕਿਆਂ ਕਬੱਡੀਆਂ ਪਾਈਆਂ, ਉਤੇ ਭੂਰੀ ਬੱਲੋਂ ਨੰਗਲ ਨੇ ਸੱਤ ਕਬੱਡੀਆਂ ਪਾ ਕੇ ਪੰਜ ਅੰਕ, ਦੀਪਕ ਕਾਸ਼ੀਪੁਰ ਨੇ ਛੇ ਕਬੱਡੀਆਂ ਪਾ ਕੇ ਦੋ ਅੰਕ ਪ੍ਰਾਪਤ ਕੀਤੇ। ਰਵੀ ਸਿੱਧਵਾਂ ਦੋਨਾਂ ਨੇ ਤਿੰਨ ਜੱਫੇ, ਫੈਬਨ ਬੈਂਸ ਨੇ ਦੋ ਜੱਫੇ ਅਤੇ ਬਾਦਲ ਕਾਹਰੀ ਸਾਹਰੀ ਨੇ ਇੱਕ ਜੱਫਾ ਲਾਇਆ। ਮਿਡਵੈਸਟ ਵੱਲੋਂ ਕਰਮਵੀਰ ਰਾਏ ਨੇ ਸੱਤ ਕਬੱਡੀਆਂ ਪਾ ਕੇ ਪੰਜ ਅੰਕ, ਦੀਪਾ ਲਿੱਤਰਾਂ ਨੇ ਛੇ ਕਬੱਡੀਆਂ ਪਾ ਕੇ ਚਾਰ ਅੰਕ, ਡਾ. ਗੁਰਵਿੰਦਰ ਗਗੜਾ ਨੇ ਪੰਜ ਕਬੱਡੀਆਂ ਪਾ ਕੇ ਇੱਕ ਅੰਕ, ਡਿੱਪੀ ਬੁਰਜ ਹਰੀ ਨੇ ਤਿੰਨ ਕਬੱਡੀਆਂ ਪਾ ਕੇ ਦੋ ਅੰਕ ਅਤੇ ਅਮਨ ਨਰੈਣਗੜ੍ਹ ਨੇ

⇒ ਬਾਕੀ ਸਫਾ 12 ਉਤੇ ਪੜ੍ਹੋ







# ਸਿਨਸਿਨੈਟੀ ਖੇਡ ਮੇਲੇ ਦੀਆਂ ਕੁਝ ਯਾਦਗਾਰੀ ਤਸਵੀਰਾਂ


















# ਪੰਜਾਬੀਆਂ ਦੀ ਮਿਹਨਤ ਤੇ ਸੇਵਾ ਭਾਵਨਾ ਦਾ ਮੁਰੀਦ ਹੈ ਈਥੋਪੀਆ

**ਬੋਲਦੇ ਪੰਨੇ**

ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ
ਫੋਨ:+91-9781646008




***ਪੰਜਾਬੀ ਜਿੱਥੇ ਵੀ ਗਏ, ਉੱਥੇ ਹੀ ਸਾਂਝ ਸਥਾਪਤ ਕੀਤੀ ਅਤੇ ਉਨ੍ਹਾਂ ਨੇ ਦੇਸ਼-ਵਿਦੇਸ਼ ਵਿੱਚ ਮੱਲਾਂ ਮਾਰ ਕੇ ਪੰਜਾਬੀਅਤ ਦਾ ਲੋਹਾ ਸੰਸਾਰ ਭਰ 'ਚ ਮੰਨਵਾਇਆ ਹੈ। ਇਸੇ ਤਰ੍ਹਾਂ ਈਥੋਪੀਆ ਵੀ ਪੰਜਾਬੀਆਂ ਦੀ ਮਿਹਨਤ ਅਤੇ ਸੇਵਾ ਭਾਵਨਾ ਦਾ ਮੁਰੀਦ ਹੈ। ਪੰਜਾਬੀਆਂ ਦਾ ਈਥੋਪੀਆ ਵੱਲ ਨੂੰ ਜਾਣ ਦਾ ਰੁਝਾਨ ਅਜੇ ਮੱਠਾ ਨਹੀਂ ਪਿਆ ਹੈ। ਘੁੰਮਣ-ਫ਼ਿਰਨ ਤੋਂ ਇਲਾਵਾ ਖੇਤਬਾੜੀ ਅਤੇ ਵਪਾਰ ਆਦਿ ਲਈ ਪੰਜਾਬੀ ਅਜੇ ਵੀ ਈਥੋਪੀਆ ਸਣੇ ਅਫ਼ਰੀਕਾ ਦੇ ਹੋਰ ਮੁਲਕਾਂ ਵੱਲ ਨੂੰ ਪਰਵਾਸ ਕਰ ਰਹੇ ਹਨ। ਇੱਥੇ ਕਾਰਪੋਰੇਸ਼ਨਾਂ ਨੇ ਆਪਣੇ ਖੇਤਾਂ ਤੇ ਫ਼ਸਲਾਂ ਦੇ ਪ੍ਰਬੰਧਨ ਅਤੇ ਪੈਦਾਵਾਰ ਲਈ ਪੰਜਾਬੀ ਕਿਸਾਨਾਂ ਨਾਲ ਭਾਈਵਾਲੀ ਪਾਈ ਹੋਈ ਹੈ। ਪੇਸ਼ ਹੈ, ਈਥੋਪੀਆ ਨਾਲ ਸਾਂਝ ਦਾ ਸੰਖੇਪ ਵੇਰਵਾ...***

ਪੂਰਬੀ ਅਫ਼ਰੀਕਾ ਵਿਖੇ ਸਥਿਤ ਈਥੋਪੀਆ ਇੱਕ ਅਜਿਹਾ ਮੁਲਕ ਹੈ, ਜਿਸਦੇ ਚਾਰੇ ਪਾਸੇ ਜ਼ਮੀਨੀ ਇਲਾਕਾ ਹੈ ਭਾਵ ਕਿਸੇ ਤਰ੍ਹਾਂ ਦਾ ਵੀ ਸਮੁੰਦਰ ਇਸ ਦੀਆਂ ਸਰਹੱਦਾਂ ਨੂੰ ਨਹੀਂ ਛੂੰਹਦਾ ਹੈ। ਇਸ ਮੁਲਕ ਦੀਆਂ ਸਰਹੱਦਾਂ ਨੂੰ ਛੂੰਹਦੇ ਪ੍ਰਮੁੱਖ ਦੇਸ਼ਾਂ ਵਿੱਚ ਸੋਮਾਲੀਆ, ਸੂਡਾਨ ਅਤੇ ਕੀਨੀਆ ਆਦਿ ਦੇ ਨਾਂ ਸ਼ਾਮਿਲ ਹਨ। ਕੁੱਲ 11,04,300 ਵਰਗ ਕਿਲੋਮੀਟਰ ਦੇ ਖੇਤਰਫ਼ਲ ਵਾਲੇ ਇਸ ਮੁਲਕ ਦੀ ਆਬਾਦੀ ਸਾਲ 2024 ਵਿੱਚ 13 ਕਰੋੜ ਦੇ ਕਰੀਬ ਸੀ ਤੇ ਜਨਸੰਖਿਆ ਘਣਤਾ ਲਗਪਗ 93 ਵਿਅਕਤੀ ਪ੍ਰਤੀ ਵਰਗ ਕਿਲੋਮੀਟਰ ਸੀ। ਜਨਸੰਖਿਆ ਦੇ ਪੱਖ ਤੋਂ ਇਹ ਦੇਸ਼ ਅਫ਼ਰੀਕੀ ਖਿੱਤੇ ਦਾ ਦੂਜਾ ਸਭ ਤੋਂ ਵੱਡਾ ਦੇਸ਼ ਹੈ, ਜਦੋਂ ਕਿ ਨਾਈਜੀਰੀਆ ਆਬਾਦੀ ਪੱਖੋਂ ਸਮੁੱਚੇ ਅਫ਼ਰੀਕਾ ਵਿੱਚ ਪਹਿਲੇ ਸਥਾਨ 'ਤੇ ਹੈ। ਲਗਪਗ ਤਿੰਨ ਹਜ਼ਾਰ ਸਾਲ ਪੁਰਾਣਾ ਇਤਿਹਾਸ ਰੱਖਣ ਵਾਲੇ ਦੇਸ਼ ਈਥੋਪੀਆ ਦੀ ਰਾਜਧਾਨੀ ਦਾ ਨਾਂ ਅਦੀਸਾ ਅਬਾਬਾ ਹੈ ਤੇ ਇਹ ਰਾਜਧਾਨੀ ਹੀ ਇੱਥੋਂ ਦਾ ਸਭ ਤੋਂ ਵੱਡਾ ਸ਼ਹਿਰ ਵੀ ਹੈ। ਇਸ ਮੁਲਕ ਅੰਦਰ 22 ਫ਼ਰਵਰੀ 1987 ਨੂੰ ਲੋਕਰਾਜ ਦੀ ਸਥਾਪਨਾ ਹੋਈ ਸੀ ਤੇ ਇੱਥੇ 67 ਫ਼ੀਸਦੀ ਲੋਕ ਈਸਾਈ ਧਰਮ ਦੇ ਅਤੇ 31 ਫ਼ੀਸਦੀ ਲੋਕ ਮੁਸਲਿਮ ਧਰਮ ਦੇ ਪੈਰੋਕਾਰ ਹਨ।

ਈਥੋਪੀਆ ਨਾਲ ਭਾਰਤੀਆਂ ਦਾ ਨਾਤਾ ਉਂਜ ਤਾਂ ਕਈ ਸੌ ਸਾਲ ਤੋਂ ਹੈ, ਪਰ ਇਨ੍ਹਾਂ ਮੁਲਕਾਂ ਦਰਮਿਆਨ ਸਬੰਧਾਂ ਦੀ ਨਵੀਂ ਇਬਾਰਤ ਸੰਨ 1948 ਵਿੱਚ ਲਿਖੀ ਗਈ ਸੀ। ਇਨ੍ਹਾਂ ਦੋਹਾਂ ਮੁਲਕਾਂ ਅੰਦਰ ਇੱਕ ਦੂਜੇ ਦੇਸ਼ ਦੀਆਂ ਅੰਬੈਸੀਆਂ ਮੌਜੂਦ ਹਨ ਤੇ ਇੱਕ ਪਾਸੇ ਜਿੱਥੇ ਭਾਰਤ ਨੇ ਈਥੋਪੀਆ ਦੇ ਵਿਕਾਸ ਹਿਤ ਕਈ ਕਦਮ ਚੁੱਕੇ ਹਨ, ਉਥੇ ਹੀ ਈਥੋਪੀਆ ਨੇ ਵੀ ਸੰਯੁਕਤ ਰਾਸ਼ਟਰ ਸੰਘ ਦੀ ਸੁਰੱਖਿਆ ਪ੍ਰੀਸ਼ਦ ਵਿੱਚ ਭਾਰਤ ਨੂੰ ਮੈਂਬਰਸ਼ਿਪ ਦਿੱਤੇ ਜਾਣ ਦਾ ਸਮਰਥਨ ਵੀ ਕੀਤਾ ਹੈ। ਵਾਤਾਵਰਣਿਕ ਤਬਦੀਲੀਆਂ, ਸਰਹੱਦ ਪਾਰ ਤੋਂ ਫ਼ੈਲਾਏ ਜਾਂਦੇ ਅਤਿਵਾਦ ਅਤੇ ਸੰਯੁਕਤ ਰਾਸ਼ਟਰ ਸੰਘ ਵਿੱਚ ਸੁਧਾਰਾਂ ਦੀ ਲੋੜ ਆਦਿ ਜਿਹੇ ਮਹੱਤਵਪੂਰਨ ਮੁੱਦਿਆਂ 'ਤੇ ਈਥੋਪੀਆ ਨੇ ਸਦਾ ਹੀ ਭਾਰਤ ਦੇ ਸਟੈਂਡ ਦਾ ਸਮਰਥਨ ਕੀਤਾ ਹੈ। ਇਤਿਹਾਸਕ ਹਵਾਲੇ ਦੱਸਦੇ ਹਨ ਕਿ ਭਾਰਤ ਵਿੱਚ ਜਦੋਂ ਕੁਸ਼ਾਣ ਵੰਸ਼ ਦਾ ਰਾਜ ਸੀ ਤਾਂ ਉਸ ਵੇਲੇ ਈਥੋਪੀਆ ਨਾਲ ਭਾਰਤ ਦੇ ਵਪਾਰਕ ਸਬੰਧ ਮੌਜੂਦ ਸਨ, ਕਿਉਂਕਿ ਉਤਰੀ ਈਥੋਪੀਆ ਵਿਖੇ ਖੁਦਾਈ ਦੌਰਾਨ ਕੁਸ਼ਾਣ ਵੰਸ਼ ਦੇ ਸਿੱਕੇ ਪ੍ਰਾਪਤ ਹੋਏ ਸਨ। ਛੇਵੀਂ ਸਦੀ ਵਿੱਚ ਭਾਰਤ ਨਾਲ ਈਥੋਪੀਆ ਦਾ ਰੇਸ਼ਮ, ਸੋਨਾ, ਹਾਥੀ ਦੰਦ ਅਤੇ ਮਸਾਲਿਆਂ ਆਦਿ ਸਬੰਧੀ ਵਪਾਰ ਚੱਲਦਾ ਹੁੰਦਾ ਸੀ। ਇਸ ਲਈ ਇੱਥੇ ਕਈ ਭਾਰਤੀ ਵਪਾਰੀ ਅਤੇ ਕਲਾਕਾਰ ਆ ਵੱਸ ਗਏ ਸਨ। ਇਹ ਵੀ ਪਤਾ ਲੱਗਾ ਹੈ ਕਿ ਗੁਜਰਾਤ ਦੇ 'ਸਿੱਧੀ ਸਮਾਜ' ਦਾ ਮੂਲ ਈਥੋਪੀਆ ਵਿਖੇ ਹੀ ਪਾਇਆ ਗਿਆ ਹੈ ਤੇ ਇਸ ਗੱਲ ਦੇ ਪ੍ਰਮਾਣ ਮੌਜੂਦ ਹਨ ਕਿ ਈਥੋਪੀਆ ਵਿਖੇ ਜਨਮੇ ਮਲਿਕ ਅੰਬਰ ਨਾਮਕ ਸ਼ਾਸ਼ਕ ਨੇ 17ਵੀਂ ਸਦੀ ਵਿੱਚ ਭਾਰਤ ਦੇ ਇੱਕ ਦੱਖਣੀ ਰਾਜ ਵਿੱਚ ਮੌਜੂਦ 'ਅਹਿਮਦ ਨਗਰ ਸਲਤਲਤ' ਉਤੇ ਰਾਜ ਕੀਤਾ ਸੀ।

ਮੁੱਢ-ਕਦੀਮ ਤੋਂ ਹੀ ਕਿਸਾਨੀ ਨਾਲ ਜੁੜੇ ਮਿਹਨਤੀ ਅਤੇ ਸਿਰੜੀ ਪੰਜਾਬੀਆਂ ਨੇ ਈਥੋਪੀਆ ਵਿਖੇ ਵੀ ਮਾਅਰਕੇਦਾਰ ਖੇਤੀਬਾੜੀ ਪ੍ਰਾਪਤੀਆਂ ਕੀਤੀਆਂ ਹਨ।

***ਲਗਪਗ ਤਿੰਨ ਹਜ਼ਾਰ ਸਾਲ ਪੁਰਾਣਾ ਇਤਿਹਾਸ ਰੱਖਣ ਵਾਲੇ ਦੇਸ਼ ਈਥੋਪੀਆ ਦੀ ਰਾਜਧਾਨੀ ਦਾ ਨਾਂ ਅਦੀਸਾ ਅਬਾਬਾ ਹੈ ਤੇ ਇਹ ਰਾਜਧਾਨੀ ਹੀ ਇੱਥੋਂ ਦਾ ਸਭ ਤੋਂ ਵੱਡਾ ਸ਼ਹਿਰ ਵੀ ਹੈ। ਇਸ ਮੁਲਕ ਅੰਦਰ 22 ਫ਼ਰਵਰੀ 1987 ਨੂੰ ਲੋਕਰਾਜ ਦੀ ਸਥਾਪਨਾ ਹੋਈ ਸੀ ਤੇ ਇੱਥੇ 67 ਫ਼ੀਸਦੀ ਲੋਕ ਈਸਾਈ ਧਰਮ ਦੇ ਅਤੇ 31 ਫ਼ੀਸਦੀ ਲੋਕ ਮੁਸਲਿਮ ਧਰਮ ਦੇ ਪੈਰੋਕਾਰ ਹਨ।***



ਪੰਜਾਬੀਆਂ ਦੇ ਇੱਥੇ ਆਉਣ ਦੇ ਮਹੱਤਵਪੂਰਨ ਕਾਰਨ- ਇੱਥੇ ਸਸਤੀ ਤੇ ਉਪਜਾਊ ਭੂਮੀ ਦਾ ਹੋਣਾ ਅਤੇ ਈਥੋਪੀਆ ਸਰਕਾਰ ਦੀਆਂ ਬਹੁਤ ਹੀ ਮਦਦਗਾਰ ਨੀਤੀਆਂ ਹਨ। ਕੁਝ ਪੰਜਾਬੀ ਮਿਹਨਤਕਸ਼ਾਂ ਨੇ ਤਾਂ ਇੱਥੋਂ ਦੀ ਜ਼ਰਖ਼ੇਜ਼ ਜ਼ਮੀਨ ਲੀਜ਼ 'ਤੇ ਲੈ ਕੇ ਸਬਜ਼ੀਆਂ ਅਤੇ ਤੇਲ ਬੀਜਾਂ ਦੇ ਉਤਪਾਦਨ ਦਾ ਉਦਮ ਵੀ ਕੀਤਾ ਹੈ। ਸਰਕਾਰੀ ਮਦਦ ਦੀ ਜੇ ਗੱਲ ਕੀਤੀ ਜਾਵੇ ਤਾਂ ਦੱਸਣਾ ਬਣਦਾ ਹੈ ਕਿ ਸਰਕਾਰ ਹਰੇਕ ਪੰਜਾਬੀ ਕਿਸਾਨ ਨੂੰ 25 ਸਾਲ ਲਈ ਭੂਮੀ ਲੀਜ਼ 'ਤੇ ਪ੍ਰਦਾਨ ਕਰਦੀ ਹੈ, ਜਿਸ ਵਿੱਚੋਂ ਪਹਿਲੇ ਸੱਤ ਸਾਲ ਤੱਕ ਸਬੰਧਿਤ ਕਿਸਾਨ ਨੇ ਸਰਕਾਰ ਨੂੰ ਕਿਸੇ ਵੀ ਤਰ੍ਹਾਂ ਦਾ ਟੈਕਸ ਅਦਾ ਨਹੀਂ ਕਰਨਾ ਹੁੰਦਾ ਹੈ। ਇਸ ਤੋਂ ਇਲਾਵਾ ਉਪਜ ਦੀ ਢੋਆ-ਢੁਆਈ ਤੇ ਰੱਖ-ਰਖਾਅ ਲਈ ਲੋੜੀਂਦੀਆਂ ਢਾਂਚਾਗਤ ਸਹੂਲਤਾਂ ਪ੍ਰਦਾਨ ਕਰਨ ਦੇ ਯਤਨ ਵੀ ਸਥਾਨਕ ਸਰਕਾਰ ਵੱਲੋਂ ਵਧੀਆ ਢੰਗ ਨਾਲ ਕੀਤੇ ਜਾਂਦੇ ਹਨ। ਇਸੇ ਤਰ੍ਹਾਂ ਕਈ ਵਿਸ਼ਵ ਪੱਧਰੀ ਵੱਡੀਆਂ ਕਾਰਪੋਰੇਸ਼ਨਾਂ ਵੀ ਹਨ, ਜਿਨ੍ਹਾਂ ਨੇ ਈਥੋਪੀਆ ਵਿਖੇ ਸੈਂਕੜੇ ਜਾਂ ਹਜ਼ਾਰਾਂ ਏਕੜ ਜ਼ਮੀਨ ਲੈ ਕੇ ਉਸ ਜ਼ਮੀਨ 'ਤੇ ਮੋਟੇ ਅਨਾਜ ਅਤੇ ਦਾਲਾਂ ਦੀ ਪੈਦਾਵਾਰ ਕਰਨ ਦਾ ਕੰਮ ਸ਼ੁਰੂ ਕੀਤਾ ਹੈ, ਇਸ ਮਿਹਨਤ ਮੰਗਦੇ ਕੰਮ ਲਈ ਉਨ੍ਹਾਂ ਨੂੰ ਪੰਜਾਬੀਆਂ ਤੋਂ ਬਿਹਤਰ ਬਦਲ ਹੋਰ ਭਲਾ ਕਿਹੜਾ ਲੱਭ ਸਕਦਾ ਸੀ? ਇਸ ਲਈ ਸਬੰਧਿਤ ਕਾਰਪੋਰੇਸ਼ਨਾਂ ਨੇ ਆਪਣੇ ਖੇਤਾਂ ਅਤੇ ਫ਼ਸਲਾਂ ਦੇ ਪ੍ਰਬੰਧਨ ਅਤੇ ਪੈਦਾਵਾਰ ਲਈ ਪੰਜਾਬੀ ਕਿਸਾਨਾਂ ਨਾਲ ਭਾਈਵਾਲੀ ਪਾਈ ਹੋਈ ਹੈ।

ਜਲਾਲਾਬਾਦ ਤੋਂ ਆਏ ਕਿਸਾਨ ਉਪੇਂਦਰ ਕਾਮਰਾ ਨੇ ਉਤਰ-ਪੱਛਮੀ ਈਥੋਪੀਆ ਵਿਖੇ ਪੰਦਰਾਂ ਸੌ ਏਕੜ ਜ਼ਮੀਨ ਲੀਜ਼ 'ਤੇ ਲੈ ਕੇ ਸਬਜ਼ੀਆਂ ਅਤੇ ਹੋਰ ਵਪਾਰਕ ਫ਼ਸਲਾਂ ਦੀ ਕਾਸ਼ਤ ਸ਼ੁਰੂ ਕੀਤੀ ਸੀ। ਉਸਦਾ ਕਹਿਣਾ ਸੀ, "ਇੱਥੋਂ ਦੀ ਖਾਦ ਰਹਿਤ ਉਪਜਾਊ ਕਾਲੀ ਮਿੱਟੀ ਮਿਸ਼ਰਤ ਖੇਤੀ ਲਈ ਬੇਹੱਦ ਢੁਕਵੀਂ ਹੈ ਤੇ ਕੌਮਾਂਤਰੀ ਹਵਾਈ ਅੱਡਾ ਨੇੜੇ ਹੋਣ ਕਰਕੇ ਉਪਜ ਨੂੰ ਸਹੀ ਟਿਕਾਣੇ 'ਤੇ ਸਮੇਂ ਸਿਰ ਪਹੁੰਚਾ ਪਾਉਣਾ ਵੀ ਸੌਖਾ ਹੈ।" ਤੇਲ ਬੀਜਾਂ ਦਾ ਉਤਪਾਦਨ ਕਰਕੇ ਅਤੇ ਉਨ੍ਹਾਂ ਵਿੱਚੋਂ ਤੇਲ ਕੱਢ ਕੇ ਵੇਚਣ ਪਿੱਛੋਂ ਚੰਗੀ ਆਮਦਨ ਹਾਸਿਲ ਕਰਨ ਵਾਲੇ ਸ੍ਰੀ ਕਾਮਰਾ ਨੇ ਉਂਜ ਕੁਝ ਕਾਰਨਾਂ ਕਰਕੇ ਬਾਅਦ ਵਿੱਚ ਆਪਣਾ ਕਾਰੋਬਾਰ ਥੋੜ੍ਹਾ ਘੱਟ ਕਰ ਦਿੱਤਾ ਸੀ, ਪਰ ਉਹ ਇਹ ਸਵੀਕਾਰ ਜ਼ਰੂਰ ਕਰਦੇ ਸਨ ਕਿ ਮਿਹਨਤਕਸ਼ ਪੰਜਾਬੀਆਂ ਲਈ ਫ਼ਾਇਦੇਮੰਦ ਖੇਤੀ ਕਰਨ ਹਿਤ ਈਥੋਪੀਆ ਇੱਕ ਢੁਕਵਾਂ ਮੁਲਕ ਹੈ।

ਕੁਝ ਇੱਕ ਪੰਜਾਬੀ ਅਤੇ ਅਫ਼ਰੀਕੀ ਲੋਕਾਂ ਦਾ ਇਹ ਅਨੁਮਾਨ ਜਾਂ ਅੰਦਾਜ਼ਾ ਹੈ ਕਿ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਦਾ ਈਥੋਪੀਆ ਨਾਲ ਕੁਝ ਨਾ ਕੁਝ ਸਬੰਧ ਜ਼ਰੂਰ ਬਣਿਆ ਸੀ। ਇੱਥੇ 'ਹਬਸ਼ ਵਿਲਾਇਤ' ਭਾਵ ਅਫ਼ਰੀਕਾ ਦੇ ਇਲਾਕੇ ਈਥੋਪੀਆ ਦੇ ਪ੍ਰਾਚੀਨ ਨਾਂ ਦੇ ਪ੍ਰਸੰਗ ਵਿੱਚ ਗੁਰੂ ਸਾਹਿਬ ਦਾ ਜ਼ਿਕਰ ਆਉਂਦਾ ਹੈ। ਵਿਆਕਰਣਕਾਰਾਂ ਨੇ 'ਹਬਸ਼' ਦਾ ਅਰਥ ਈਥੋਪੀਆ ਦੇ ਰਹਿਣ ਵਾਲੇ ਕਾਲੇ ਰੰਗ ਦੇ ਲੋਕ ਅਤੇ ਉਰਦੂ-ਫ਼ਾਰਸੀ ਭਾਸ਼ਾ ਦੇ ਲਫ਼ਜ਼ 'ਵਿਲਾਇਤ' ਦਾ ਅਰਥ 'ਸੂਬਾ' ਜਾਂ ਇਲਾਕਾ' ਦੱਸਿਆ ਹੈ। ਦੋਵੇਂ ਸ਼ਬਦ ਜੋੜ ਕੇ ਜੋ ਅਰਥ ਬਣਦਾ ਹੈ, ਉਹ ਹੈ ਹਬਸ਼ੀ ਲੋਕਾਂ ਦਾ ਮੁਲਕ ਭਾਵ ਈਥੋਪੀਆ। ਪੰਜਾਬੀਆਂ ਨੇ ਤੇ ਖ਼ਾਸ ਕਰਕੇ ਸਿੱਖ ਵੀਰਾਂ ਨੇ ਈਥੋਪੀਆ ਦੀ ਧਰਤੀ 'ਤੇ ਸੇਵਾ ਅਤੇ ਸਿਮਰਨ ਦੀਆਂ ਸਿੱਖੀ ਮਾਨਤਾਵਾਂ ਨੂੰ ਬੜੇ ਹੀ ਪ੍ਰੇਮ ਨਾਲ ਪ੍ਰਦਰਸ਼ਿਤ ਕੀਤਾ ਹੈ। ਇਸ ਕੌਮ ਨੇ ਇੱਥੇ ਵੱਖ-ਵੱਖ ਮੌਕਿਆਂ ਉਤੇ ਅਤੇ ਇਸ ਮੁਲਕ ਦੇ ਵੱਖ-ਵੱਖ ਹਿੱਸਿਆਂ ਵਿੱਚ ਗੁਰੂ ਕੇ ਲੰਗਰ ਵਰਤਾਏ ਹਨ ਤੇ ਈਥੋਪੀਆ ਵਾਸੀਆਂ ਨੂੰ ਲੰਗਰ ਦੀ ਦਾਤ ਬਾਰੇ ਜਾਣੂ ਕਰਵਾਇਆ ਹੈ। ਇਸ ਤੋਂ ਇਲਾਵਾ ਵੀ ਪੰਜਾਬੀਆਂ ਨੇ ਈਥੋਪੀਆ ਦੀ ਰਾਜਧਾਨੀ ਅਦੀਸਾ ਅਬਾਬਾ ਵਿਖੇ ਵਿਸਾਖੀ ਦਾ ਤਿਉਹਾਰ ਮਨਾ ਕੇ ਈਥੋਪੀਆ ਵਾਸੀਆਂ ਨੂੰ ਪੰਜਾਬ ਦੇ ਰੰਗਲੇ ਸੱਭਿਆਚਾਰ ਬਾਰੇ ਵੀ ਜਾਣੂ ਕਰਵਾਇਆ ਹੈ।

ਸੋਸ਼ਲ ਮੀਡੀਆ ਚੈਨਲਾਂ 'ਤੇ 'ਸਿੱਖ ਟਰੈਵਰਲਰਜ਼ ਇਨ ਈਥੋਪੀਆ' ਨਾਮਕ ਸਾਲ 2025 ਦੇ ਵੀਡੀਓ ਉਪਲਬਧ ਹਨ, ਜੋ ਇਹ ਦੱਸਦੇ ਹਨ ਕਿ ਸਿੱਖਾਂ ਜਾਂ ਪੰਜਾਬੀਆਂ ਦਾ ਈਥੋਪੀਆ ਵੱਲ ਨੂੰ ਜਾਣ ਦਾ ਰੁਝਾਨ ਅਜੇ ਮੱਠਾ ਨਹੀਂ ਪਿਆ ਹੈ। ਘੁੰਮਣ-ਫ਼ਿਰਨ ਤੋਂ ਇਲਾਵਾ ਖੇਤਬਾੜੀ ਅਤੇ ਵਪਾਰ ਆਦਿ ਲਈ ਪੰਜਾਬੀ ਅਜੇ ਵੀ ਈਥੋਪੀਆ ਸਣੇ ਅਫ਼ਰੀਕਾ ਦੇ ਹੋਰ ਮੁਲਕਾਂ ਵੱਲ ਨੂੰ ਪਰਵਾਸ ਕਰ ਰਹੇ ਹਨ।

# ਸਿਨਸਿਨੈਟੀ ਦੇ ਖੇਡ ਮੇਲੇ ਵਿੱਚ ਚੱਲਿਆ ਕੌਡੀ ਤੇ ਗੌਣ ਦਾ ਦੌਰ

***...ਸਫਾ 10 ਦੀ ਬਾਕੀ ⇒***

ਇੱਕ ਪਿੱਛੋਂ ਇੱਕ ਪੰਜ ਕਬੱਡੀਆਂ ਪਾਈਆਂ। ਬੇਏਰੀਆ ਟੀਮ ਦੇ ਜਾਫੀ ਸ਼ੀਲੂ ਬਾਹੂ ਅਕਬਰਪੁਰ ਨੇ ਚਾਰ ਜੱਫੇ, ਹੈਪੀ ਸਿੱਧੜਾ, ਜੋਧਾ ਸੁਰਖਪੁਰ ਨੇ ਦੋ-ਦੋ ਜੱਫੇ ਅਤੇ ਰਵੀ ਸਾਹੋਕੇ ਨੇ ਇੱਕ ਜੱਫਾ ਲਾਇਆ। ਇਹ ਮੈਚ ਸਾਢੇ ਚਾਰ ਅੰਕਾਂ ਦੇ ਫਰਕ ਨਾਲ ਬੇਏਰੀਆ ਦੀ ਟੀਮ ਨੇ ਜਿੱਤ ਲਿਆ।

ਫਾਈਨਲ ਮੈਚ ਤੋਂ ਪਹਿਲਾਂ ਰੱਸਾਕਸ਼ੀ ਦੀਆਂ ਦੋ ਟੀਮਾਂ ਦੇ ਮੁਕਾਬਲੇ ਕਰਵਾਏ ਗਏ, ਜੋ ਦਰਸ਼ਕਾਂ ਦੀ ਖਿੱਚ ਦਾ ਕੇਂਦਰ ਬਣੇ। ਇਸ ਤੋਂ ਇਲਾਵਾ ਬੱਚਿਆਂ ਦੀਆਂ ਖੇਡਾਂ ਵੀ ਕਰਵਾਈਆਂ ਗਈਆਂ ਅਤੇ ਉਨ੍ਹਾਂ ਨੂੰ ਇਨਾਮ ਦੇ ਕੇ ਉਨ੍ਹਾਂ ਦੀ ਹੌਸਲਾ ਅਫਜ਼ਾਈ ਕੀਤੀ ਗਈ। ਕਬੱਡੀ ਦਾ ਫਾਈਨਲ ਮੈਚ ਨਿਊ ਯਾਰਕ ਮੈਟਰੋ ਕਬੱਡੀ ਕਲੱਬ ਅਤੇ ਸੰਦੀਪ ਨੰਗਲ ਅੰਬੀਆਂ ਕਬੱਡੀ ਕਲੱਬ ਬੇਏਰੀਆ ਦੀਆਂ ਟੀਮਾਂ ਵਿਚਾਲੇ ਹੋਇਆ। ਨਿਊ ਯਾਰਕ ਮੈਟਰੋ ਕਬੱਡੀ ਕਲੱਬ ਵੱਲੋਂ ਰਾਜੂ ਕੋਟਾਲਾ ਭੜੀ ਨੇ ਗਿਆਰਾਂ ਕਬੱਡੀਆਂ ਪਾ ਕੇ ਦਸ ਅੰਕ, ਚਿੱਤਪਾਲ ਚਿੱਟੀ ਨੇ ਗਿਆਰਾਂ ਕਬੱਡੀਆਂ ਪਾ ਕੇ ਅੱਠ ਅੰਕ, ਮੰਨਾ ਬੱਲੋਂ ਨੇ ਨੌਂ ਕਬੱਡੀਆਂ ਪਾ ਕੇ ਪੰਜ ਅੰਕ ਅਤੇ ਬੰਨੀ ਸਮਾਣਾ ਨੇ ਸੱਤ ਕਬੱਡੀਆਂ ਪਾ ਕੇ ਪੰਜ ਅੰਕ ਪ੍ਰਾਪਤ ਕੀਤੇ। ਬੇਏਰੀਆ ਟੀਮ ਦੇ ਇਸ ਸਮੇਂ ਦੇ ਸਟਾਰ ਜਾਫੀ ਸ਼ੀਲੂ ਬਾਹੂ ਅਕਬਰਪੁਰ ਨੇ ਮੰਨਾ ਬੱਲੋਂ ਅਤੇ ਬੰਨੀ ਸਮਾਣਾ ਨੂੰ ਦੋ-ਦੋ ਜੱਫੇ ਅਤੇ ਚਿੱਤਪਾਲ ਚਿੱਟੀ ਨੂੰ ਇੱਕ ਜੱਫਾ ਲਾ ਕੇ ਕੁੱਲ ਪੰਜ ਜੱਫੇ ਲਾਏ। ਹੈਪੀ ਸਿੱਧੜਾਂ ਨੇ ਮੰਨਾ ਬੱਲੋਂ ਨੂੰ ਦੋ ਜੱਫੇ, ਚਿੱਤਪਾਲ ਚਿੱਟੀ ਅਤੇ ਰਾਜੂ ਕੋਟਲਾ ਭੜੀ ਨੂੰ ਇੱਕ ਜੱਫਾ ਲਾ ਕੇ ਕੁੱਲ ਚਾਰ ਜੱਫੇ ਲਾਏ। ਜੋਧਾ ਸੁਰਖਪੁਰ ਨੇ ਇੱਕ ਜੱਫਾ ਚਿੱਤਪਾਲ ਚਿੱਟੀ ਨੂੰ ਲਾਇਆ।

ਦੂਜੇ ਪਾਸੇ ਬੇਏਰੀਆ ਟੀਮ ਦੇ ਧਾਵੀ ਦੁੱਲਾ ਬੱਗਾ ਪਿੰਡ ਨੇ ਬਾਰ੍ਹਾਂ ਕਬੱਡੀਆਂ ਪਾ ਕੇ ਗਿਆਰਾਂ ਅੰਕ, ਭੂਰੀ ਬੱਲੋਂ ਨੰਗਲ ਨੇ ਨੌਂ ਕਬੱਡੀਆਂ ਪਾ ਕੇ ਚਾਰ ਅੰਕ, ਦੀਪਕ ਕਾਸ਼ੀਪੁਰ ਨੇ ਗਿਆਰਾਂ ਕਬੱਡੀਆਂ ਪਾ ਕੇ ਛੇ ਅੰਕ, ਹੈਰੋ ਚਾਵੇਜ਼ ਨੇ ਚਾਰ ਕਬੱਡੀਆਂ ਪਾ ਕੇ ਇੱਕ ਅੰਕ ਪ੍ਰਾਪਤ ਕੀਤਾ। ਦੱਲੀ ਸ਼ਮਸਪੁਰ ਨੇ ਦੋ ਕਬੱਡੀਆਂ ਪਾਈਆਂ, ਪਰ ਅੰਕ ਪ੍ਰਾਪਤ ਨਹੀਂ ਕਰ ਸਕਿਆ। ਨਿਊ ਯਾਰਕ ਮੈਟਰੋ ਕਬੱਡੀ ਕਲੱਬ ਦੇ ਜਾਫੀ ਗੋਪੀ ਮਾਣਕੀ ਨੇ ਹੈਰੋ ਚਾਵੇਜ਼ ਨੂੰ ਰੋਕ ਕੇ ਬੱਲੇ ਬੱਲੇ ਕਰਵਾਈ। ਇੰਦਰਜੀਤ ਕਲਸੀਆਂ ਨੇ ਭੂਰੀ ਬੱਲੋਂ ਨੰਗਲ ਨੂੰ ਤਿੰਨ ਅਤੇ ਦੀਪਕ ਕਾਸ਼ੀਪੁਰ ਨੂੰ ਦੋ ਜੱਫੇ ਲਾ ਕੇ ਕੁੱਲ ਪੰਜ ਜੱਫੇ ਲਾਏ। ਯਾਦ ਕੋਟਲੀ ਨੇ ਇੱਕ ਵਾਰ ਹੈਰੋ ਚਾਵੇਜ਼ ਅਤੇ ਦੁੱਲਾ ਬੱਗਾ ਪਿੰਡ ਨੂੰ ਇੱਕ ਵਾਰ ਰੋਕ ਕੇ ਮੇਲਾ ਲੁੱਟਿਆ।

ਬੇਏਰੀਆ ਟੀਮ ਦੇ ਜਾਫੀਆਂ ਨੇ ਜਿੱਥੇ ਦਸ ਜੱਫੇ ਲਾਏ, ਉਥੇ ਨਿਊ ਯਾਰਕ ਮੈਟਰੋ ਕਬੱਡੀ ਕਲੱਬ ਦੀ ਟੀਮ ਨੇ ਕੁੱਲ ਸੋਲ੍ਹਾਂ ਜੱਫੇ ਲਾ ਕੇ ਸਿਨਸਿਨੈਟੀ ਦਾ ਕਬੱਡੀ ਕੱਪ ਸਾਢੇ ਗਿਆਰਾਂ ਅੰਕਾਂ ਦੇ ਫਰਕ ਨਾਲ ਜਿੱਤ ਕੇ ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਆਫ ਯੂ.ਐਸ.ਏ. ਦੀ ਅਗਵਾਈ ਹੇਠ ਲਗਾਤਾਰ ਦੂਜੀ ਵਾਰ ਚੈਂਪੀਅਨ ਬਣਨ ਦਾ ਮਾਣ ਪ੍ਰਾਪਤ ਕੀਤਾ। ਚੈਂਪੀਅਨ ਰਹੇ ਨਿਊ ਯਾਰਕ ਮੈਟਰੋ ਕਲੱਬ ਨੂੰ ਪਹਿਲਾ ਇਨਾਮ ਸਵਰਗੀ ਜਸਦੇਵ ਸਿੰਘ ਗੋਲ਼ਾ ਝਾੜ ਸਾਹਿਬ ਦੀ ਯਾਦ ਵਿੱਚ ਉਨ੍ਹਾਂ ਦੇ ਬੇਟੇ ਜਗਰਾਜ ਗਿੱਲ, ਦਵਿੰਦਰ ਕਾਹਲੋਂ, ਹਰਬੰਤ ਕਾਹਲੋਂ ਅਤੇ ਸੋਨੂੰ ਸਰਹਿੰਦ (ਕਲੀਵਲੈਂਡ) ਵੱਲੋਂ ਦਿੱਤਾ ਗਿਆ। ਦੂਜੇ ਥਾਂ ਰਹੀ ਬੇਏਰੀਆ ਦੀ ਟੀਮ ਅਤੇ ਵਧੀਆ ਧਾਵੀ ਤੇ ਜਾਫੀਆਂ ਨੂੰ ਕਲੱਬ ਵੱਲੋਂ ਨਕਦ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ। ਕਬੱਡੀ ਕੱਪ ਦੀ ਕੁਮੈਂਟਰੀ ਮੱਖਣ ਅਲੀ, ਸੁਰਜੀਤ ਕਕਰਾਲੀ ਅਤੇ ਕਾਲਾ ਰਸ਼ੀਨ ਨੇ ਕਰਕੇ ਦਰਸ਼ਕਾਂ ਦਾ ਮਨੋਰੰਜਨ ਕੀਤਾ। ਪੰਜਾਬ ਤੋਂ ਆਏ ਕੋਚ ਦਵਿੰਦਰ ਚਮਕੌਰ ਸਾਹਿਬ ਦੇ ਨਾਲ ਟੋਰਾਂਟੋ ਤੋਂ ਆਏ ਕਬੱਡੀ ਦੇ ਪ੍ਰਸਿੱਧ ਰੈਫਰੀ ਪੱਪੀ ਭਦੌੜ, ਨੀਟਾ ਸਰਾਏ, ਬਿੰਨਾ ਮਲਕ ਨੇ ਰੈਫਰੀ ਦੀ ਡਿਊਟੀ ਨਿਭਾਈ।

ਇਸ ਮੇਲੇ ਵਿੱਚ ਦਰਸ਼ਕਾਂ ਲਈ ਇੱਕ ਸੌ ਡਾਲਰ ਵਿੱਚ ਲੱਕੀ ਕੂਪਨ ਰਾਹੀਂ ਹਾਰਲੇ ਮੋਟਰਸਾਈਕਲ ਅਤੇ ਆਈਪੈਡ ਇਨਾਮ ਵਿੱਚ ਕੱਢੇ ਗਏ। ਸ਼ੇਰ-ਏ-ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਸਿਨਸਿਨੈਟੀ ਵੱਲੋਂ ਜਿੱਥੇ ਲੱਖਾਂ ਡਾਲਰ ਖਰਚ ਕੇ ਕਬੱਡੀ ਦੇ ਮੈਚ ਅਤੇ ਰੰਗਾਰੰਗ ਪ੍ਰੋਗਰਾਮ ਕਰਵਾਇਆ ਗਿਆ, ਉਥੇ ਹਾਲ ਹੀ ਵਿੱਚ ਪੰਜਾਬ ਦੇ ਹੜ੍ਹਾਂ ਕਾਰਨ ਹੋਈ ਤਬਾਹੀ ਦੇ ਮੱਦੇਨਜ਼ਰ ਹੜ੍ਹ ਪੀੜਤਾਂ ਦੀ ਮਦਦ ਲਈ ਇੱਕੀ ਲੱਖ ਰੁਪਏ ਭੇਜਣ ਦਾ ਵਾਅਦਾ ਵੀ ਕੀਤਾ ਗਿਆ।

ਮੈਚਾਂ ਦੀ ਸਮਾਪਤੀ ਤੋਂ ਬਾਅਦ ਪ੍ਰਸਿੱਧ ਗਾਇਕ ਮੁਹੰਮਦ ਸਦੀਕ ਦੇ ਨਾਲ ਬੀਬਾ ਸੁਖਜੀਤ ਕੌਰ ਅਤੇ ਅੰਮ੍ਰਿਤਾ ਵਿਰਕ, ਅਮਨ ਰੋਜ਼ੀ, ਦੀਪ ਬਾਜਵਾ, ਸਿੱਪੀ ਗਿੱਲ, ਗੀਤਾ ਜੈਲਦਾਰ, ਰੈਵ ਇੰਦਰ ਆਦਿ ਨੇ ਆਪਣੇ ਪ੍ਰਸਿੱਧ ਗੀਤ ਗਾ ਕੇ ਦਰਸ਼ਕਾਂ ਦਾ ਮਨੋਰੰਜਨ ਕੀਤਾ। ਖਾਸ ਕਰ ਮੁਹੰਮਦ ਸਦੀਕ ਦੀ ਤੂੰਬੀ ਦੇ ਤੁਣਕਿਆਂ ਅਤੇ ਉਸ ਦੇ ਪੁਰਾਣੇ ਮਾਖਿਓਂ ਜਿਹੇ ਗੀਤਾਂ ਦਾ ਸਵਾਦ ਪੁਰਾਣੀ ਤੇ ਨਵੀਂ ਪੀੜ੍ਹੀ ਦੇ ਲੋਕਾਂ ਨੇ ਖੂਬ ਚੱਖਿਆ; ਜਦਕਿ ਇੱਥੋਂ ਦੀ ਜੰਮੀ-ਪਲੀ ਨੌਜਵਾਨੀ ਨੇ ਅੱਜ ਦੇ ਦੌਰ ਦੇ ਗਾਇਕਾਂ ਦੀ ਗਾਇਕੀ ਦਾ ਅਨੰਦ ਮਾਣਿਆ।

ਸ਼ੇਰ-ਏ-ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਸਿਨਸਿਨੈਟੀ ਦੇ ਮੁੱਖ ਪ੍ਰਬੰਧਕਾਂ ਚਰਨਜੀਤ ਸਿੰਘ ਬਰਾੜ, ਅਮਰੀਕ ਸਿੰਘ ਟਿਵਾਣਾ, ਸੁਰਜੀਤ ਸਿੰਘ ਮਾਵੀ, ਹਰਿੰਦਰ ਕੰਗ, ਜਸਵੰਤ ਜੱਸੀ, ਗੁਰਮਿੰਦਰ ਸੰਧੂ, ਪਲਵਿੰਦਰ ਢਿੱਲੋਂ, ਅਮਰਜੀਤ ਅਗਰਵਾਲ, ਗੁਰਪ੍ਰੀਤ ਗਿੱਲ, ਪ੍ਰੀਤਮਪਾਲ ਸਿੰਘ, ਹੈਪੀ ਮਤੋਤ, ਨਰਿੰਦਰਪਾਲ ਤਾਤਲਾ, ਹੈਪੀ ਮੁੰਡੀ, ਰਾਜ ਸੰਧੂ, ਵਨੀਤ ਗੁਪਤਾ, ਪਰਮਜੀਤ ਸਿੰਘ ਗਰਚਾ, ਗੁਰਨੇਕ ਸਿੰਘ, ਸੁਰਿੰਦਰ ਚੀਮਾ, ਸਿਮਰਨਜੀਤ ਮੱਲ੍ਹੀ, ਮਨਜੀਤ ਮੁੰਡੀ, ਹਰਵਿੰਦਰ ਵਾਲੀਆ ਅਤੇ ਹੋਰ ਮੇਲੇ ਦੀ ਕਾਮਯਾਬੀ ਲਈ ਪਿਛਲੇ ਕਈ ਹਫਤਿਆਂ ਤੋਂ ਮਿਹਨਤ ਕਰਦੇ ਰਹੇ। ਮੇਲੇ ਨੂੰ ਵਿਸ਼ੇਸ਼ ਤੌਰ 'ਤੇ ਸੱਲ੍ਹਾਂ ਪਰਿਵਾਰ- ਜਥੇਦਾਰ ਤਾਰਾ ਸਿੰਘ ਸੱਲ੍ਹਾਂ, ਬਲਦੇਵ ਸਿੰਘ ਸੱਲ੍ਹਾਂ, ਗੁਰਮੀਤ ਸਿੰਘ ਸੱਲ੍ਹਾਂ, ਸਰਬਜੀਤ ਸਿੰਘ ਸੱਲ੍ਹਾਂ; ਤੱਖਰ ਬ੍ਰਦਰਜ਼- ਰਛਪਾਲ ਸਿੰਘ ਤੇ ਰਣਜੀਤ ਸਿੰਘ; ਵਿਸਕਾਨਸਿਨ ਤੋਂ ਢੀਂਡਸਾ ਪਰਿਵਾਰ- ਲਖਬੀਰ ਸਿੰਘ ਢੀਂਡਸਾ ਤੇ ਅਮਰਜੀਤ ਸਿੰਘ ਢੀਂਡਸਾ ਅਤੇ ਮੈਡੀਸਨ ਗਰੁੱਪ ਦੇ ਗੁਰਿੰਦਰਜੀਤ ਸਿੰਘ ਗਰੇਵਾਲ, ਦੀਦਾਰ ਸਿੰਘ ਧਨੋਆ, ਸੁਰਿੰਦਰ ਸਿੰਘ ਪਾਂਗਲੀ ਤੇ ਸਾਥੀ; ਖੱਟੜਾ ਬ੍ਰਦਰਜ਼- ਯਾਦਵਿੰਦਰ ਸਿੰਘ (ਰਿੰਪੀ), ਬੱਬੂ ਐਪਲਟਨ ਤੇ ਧਰਮਿੰਦਰ ਸਿੰਘ ਅਤੇ ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਆਫ ਯੂ.ਐਸ.ਏ. ਦੇ ਸਰਪ੍ਰਸਤ ਸਤਵੰਤ ਸੰਘੇੜਾ, ਇੰਚਾਰਜ ਆਫ ਅਡਵਾਇਜ਼ਰੀ ਬੋਰਡ ਜੌਹਨ ਸਿੰਘ ਗਿੱਲ, ਪ੍ਰਧਾਨ ਤੀਰਥ ਗਾਖਲ, ਚੇਅਰਮੈਨ ਦਾਲਾ ਸਿੰਘ ਭੱਟੀ, ਸੈਕਟਰੀ ਬਲਜੀਤ ਸੰਧੂ, ਕੈਸ਼ੀਅਰ ਗੁਰਮੁੱਖ ਸਿੰਘ ਸੰਧੂ, ਮੀਤ ਪ੍ਰਧਾਨ ਬਲਜੀਤ ਸਿੰਘ ਬਾਸੀ, ਹੈਰੀ ਭੰਗੂ, ਗੁਰਦੀਪ ਚੌਹਾਨ, ਮੀਤ ਚੇਅਰਮੈਨ ਤਾਰੀ ਡੱਬ, ਰਾਜ ਕੁਮਾਰ, ਮੀਤ ਸਕੱਤਰ ਕੁਲਵੰਤ ਸਿੰਘ ਸੁੰਨੜ ਨੇ ਵਿਸ਼ੇਸ਼ ਸਹਿਯੋਗ ਦਿੱਤਾ। ਇਸ ਤੋਂ ਇਲਾਵਾ ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਦੇ ਅੰਮ੍ਰਿਤਪਾਲ ਸਿੰਘ ਨਿੱਝਰ, ਮੀਤ ਕੈਸ਼ੀਅਰ ਕੁਲਦੀਪ ਢੰਡਵਾਲ, ਕੋਮਲ ਅਟਵਾਲ, ਟੂਰਨਾਮੈਂਟ ਇੰਚਾਰਜ ਵਿੱਕੀ ਸੰਮੀਪੁਰ, ਕੁਲਵੰਤ ਸਿੰਘ ਧਾਮੀ, ਰੂਬੀ ਹਰਖੋਵਾਲ, ਮੀਡੀਆ ਇੰਚਾਰਜ ਜੱਗਾ ਫਿਆਲੀ, ਗੈਰੀ ਸੰਧੂ ਦੀ ਅਗਵਾਈ ਹੇਠ ਚਾਰ ਕਬੱਡੀ ਕਲੱਬਾਂ ਦੇ ਮੈਚ ਕਰਵਾਏ ਗਏ।

# ਵਿਗਿਆਨੀਆਂ ਦਾ ਵੱਡਾ ਦਾਅਵਾ: ਹਿੱਲ ਰਹੀ ਹੈ ਧਰਤੀ ਦੀ ਨੀਂਹ

## *ਦੋ ਹਿੱਸਿਆਂ ਵਿੱਚ ਟੁੱਟ ਰਹੀ ਹੈ ਭਾਰਤ ਦੀ ਜ਼ਮੀਨ

ਪੰਜਾਬੀ ਪਰਵਾਜ਼ ਬਿਊਰੋ



ਹਿਮਾਲਿਆ ਪਰਬਤ ਅਤੇ ਤਿੱਬਤੀ ਪਠਾਰ, ਇਹ ਦੋ ਵੱਡੀਆਂ ਤੇ ਵਿਲੱਖਣ ਭੂ-ਵਿਗਿਆਨਕ ਸੰਰਚਨਾਵਾਂ ਹਮੇਸ਼ਾ ਵਿਗਿਆਨੀਆਂ ਲਈ ਰਹੱਸ ਰਹੀਆਂ ਹਨ। ਹਾਲ ਹੀ ਵਿੱਚ ਅਮਰੀਕਨ ਜੀਓਫਿਜ਼ੀਕਲ ਯੂਨੀਅਨ (ਏ.ਜੀ.ਯੂ.) ਦੀ ਇੱਕ ਨਵੀਂ ਖੋਜ ਸਾਹਮਣੇ ਆਈ ਹੈ। ਇਸ ਖੋਜ ਅਨੁਸਾਰ ਭਾਰਤੀ ਟੈਕਟੋਨਿਕ ਪਲੇਟ ਸਿੱਧੀ ਨਹੀਂ, ਸਗੋਂ ਹੌਰੀਜ਼ੌਂਟਲ ਤੌਰ 'ਤੇ ਦੋ ਹਿੱਸਿਆਂ ਵਿੱਚ ਟੁੱਟ ਰਹੀ ਹੈ। ਆਮ ਤੌਰ 'ਤੇ ਧਰਤੀ ਦੀਆਂ ਪਲੇਟਾਂ ਵਿੱਚ ਅਜਿਹਾ ਵਰਤਾਰਾ ਨਹੀਂ ਦੇਖਿਆ ਜਾਂਦਾ। ਇਹ ਨਵਾਂ ਵਿਚਾਰ ਧਰਤੀ ਦੀਆਂ ਪਲੇਟਾਂ ਦੀ ਹਰਕਤ ਨੂੰ ਸਮਝਣ ਦੇ ਤਰੀਕੇ ਨੂੰ ਪੂਰੀ ਤਰ੍ਹਾਂ ਬਦਲ ਸਕਦਾ ਹੈ। ਖਾਸ ਤੌਰ 'ਤੇ ਉੱਤਰੀ ਤਿੱਬਤ ਅਤੇ ਹੀਲੀਅਮ ਦੇ ਤੱਤਾਂ ਦੀ ਜਾਂਚ ਤੋਂ ਮਿਲੇ ਸਬੂਤ ਦੱਸਦੇ ਹਨ ਕਿ ਪਲੇਟਾਂ ਦੇ ਟਕਰਾਉਣ ਅਤੇ ਪਹਾੜ ਬਣਨ ਦੀ ਕਹਾਣੀ ਸ਼ਾਇਦ ਸਹੀ ਨਹੀਂ ਹੈ।

ਇਸ ਸਬੰਧੀ ਸਭ ਤੋਂ ਪੁਰਾਣੀ ਥਿਊਰੀ ਦੱਸਦੀ ਹੈ ਕਿ ਭਾਰਤੀ ਪਲੇਟ ਹਰ ਸਾਲ 1-2 ਮਿਲੀਮੀਟਰ ਦੀ ਬਹੁਤ ਹੀ ਹੌਲੀ ਗਤੀ ਨਾਲ ਯੂਰੇਸ਼ੀਅਨ ਪਲੇਟ ਵੱਲ ਖਿਸਕ ਰਹੀ ਹੈ, ਜਿਸ ਕਾਰਨ ਹਿਮਾਲਿਆ ਅਤੇ ਤਿੱਬਤੀ ਪਠਾਰ ਦਾ ਨਿਰਮਾਣ ਹੋਇਆ। ਪਰ ਨਵੀਂ ਥਿਊਰੀ ਦਾ ਕਹਿਣਾ ਹੈ ਕਿ ਭਾਰਤੀ ਪਲੇਟ ਸਿਰਫ ਯੂਰੇਸ਼ੀਅਨ ਪਲੇਟ ਨਾਲ ਟਕਰਾਅ ਨਹੀਂ ਰਹੀ, ਸਗੋਂ ਇਹ ਟੁੱਟ ਵੀ ਰਹੀ ਹੈ। ਇਸ ਦਾ ਮਤਲਬ ਹੈ ਕਿ ਭਾਰਤੀ ਪਲੇਟ ਦਾ ਉਪਰਲਾ ਹਿੱਸਾ ਛਿੱਲ ਕੇ ਵੱਖ ਹੋ ਰਿਹਾ ਹੈ ਅਤੇ ਇਸ ਦਾ ਭਾਰੀ ਹੇਠਲਾ ਹਿੱਸਾ ਧਰਤੀ ਦੇ ਮੈਂਟਲ (Mantle) ਵਿੱਚ ਡੁੱਬ ਰਿਹਾ ਹੈ। ਇਸ ਪ੍ਰਕਿਰਿਆ ਨੂੰ 'ਡੀਲੈਮੀਨੇਸ਼ਨ' (Delamination) ਕਿਹਾ ਜਾਂਦਾ ਹੈ।

ਇਸ ਥਿਊਰੀ ਨੂੰ ਸਾਬਤ ਕਰਨ ਲਈ ਸਭ ਤੋਂ ਮਹੱਤਵਪੂਰਨ ਸਬੂਤਾਂ ਵਿੱਚੋਂ ਇੱਕ ਹੈ ਤਿੱਬਤ ਦੇ ਝਰਨਿਆਂ ਵਿੱਚ ਮਿਲੀ ਹੀਲੀਅਮ ਗੈਸ। ਹੀਲੀਅਮ-3 ਆਮ ਤੌਰ 'ਤੇ ਧਰਤੀ ਦੀ ਹੇਠਲੀ ਪਰਤ, ਯਾਨੀ ਮੈਂਟਲ ਵਿੱਚ ਪਾਈ ਜਾਂਦੀ ਹੈ। ਜੇਕਰ ਮੈਂਟਲ ਧਰਤੀ ਦੀ ਉਪਰਲੀ ਸਤ੍ਹਾ ਦੇ ਨੇੜੇ ਹੁੰਦਾ ਹੈ, ਤਾਂ ਇਹ ਗੈਸ ਧਰਤੀ ਦੀ ਪਰਤ (ਕ੍ਰਸਟ) ਤੋਂ ਬਾਹਰ ਨਿਕਲ ਸਕਦੀ ਹੈ। ਵਿਗਿਆਨੀਆਂ ਨੇ ਤਿੱਬਤ ਦੇ ਲਗਭਗ 200 ਝਰਨਿਆਂ ਵਿੱਚ ਹੀਲੀਅਮ-3 ਅਤੇ ਹੀਲੀਅਮ-4 ਦੀ ਮਾਤਰਾ ਨੂੰ ਮਾਪਿਆ ਤੇ ਪਤਾ ਲੱਗਾ ਕਿ ਉੱਤਰੀ ਤਿੱਬਤ ਵਿੱਚ ਹੀਲੀਅਮ-3 ਦੀ ਮਾਤਰਾ ਵਧੇਰੇ ਸੀ। ਇਸ ਦਾ ਮਤਲਬ ਹੈ ਕਿ ਇੱਥੇ ਮੈਂਟਲ ਸਤ੍ਹਾ ਦੇ ਕਾਫੀ ਨੇੜੇ ਹੈ। ਦੂਜੇ ਪਾਸੇ, ਦੱਖਣੀ ਤਿੱਬਤ ਵਿੱਚ ਹੀਲੀਅਮ-4 ਦੀ ਮਾਤਰਾ ਜ਼ਿਆਦਾ ਸੀ, ਜੋ ਇਹ ਦਰਸਾਉਂਦੀ ਹੈ ਕਿ ਭਾਰਤੀ ਪਲੇਟ ਦੀ ਉਪਰਲੀ ਪਰਤ ਵੱਖ ਹੋ ਰਹੀ ਹੈ।

ਇਹ ਖੋਜ ਸਾਨੂੰ ਇਹ ਸਮਝਣ ਵਿੱਚ ਮਦਦ ਕਰ ਸਕਦੀ ਹੈ ਕਿ ਟੈਕਟੋਨਿਕ ਪਲੇਟਾਂ ਕਿਵੇਂ ਟੁੱਟ ਸਕਦੀਆਂ ਹਨ। ਸਟੈਨਫੋਰਡ ਯੂਨੀਵਰਸਿਟੀ ਦੇ ਸਾਇਮਨ ਕਲੈਂਪਰਰ ਅਤੇ ਉਸ ਦੀ ਟੀਮ ਅਨੁਸਾਰ ਕੁਝ ਥਾਵਾਂ 'ਤੇ ਹੀਲੀਅਮ-3 ਦੀ ਵੱਧ ਮਾਤਰਾ ਇਹ ਦਰਸਾਉਂਦੀ ਹੈ ਕਿ ਭਾਰਤੀ ਪਲੇਟ ਦਾ ਹੇਠਲਾ ਭਾਰੀ ਹਿੱਸਾ ਧਰਤੀ ਦੇ ਮੈਂਟਲ ਵਿੱਚ ਡੁੱਬ ਰਿਹਾ ਹੈ, ਜਦਕਿ ਇਸ ਦਾ ਉਪਰਲਾ ਹਿੱਸਾ ਉੱਪਰ ਤੈਰ ਰਿਹਾ ਹੈ। ਇਸ ਪ੍ਰਕਿਰਿਆ ਕਾਰਨ ਤਿੱਬਤੀ ਪਠਾਰ ਦਾ ਨਿਰਮਾਣ ਹੋ ਰਿਹਾ ਹੈ।

ਭੂਚਾਲਾਂ ਤੋਂ ਵੀ ਇਸ ਗੱਲ ਦੇ ਸਬੂਤ ਮਿਲਦੇ ਹਨ। ਇਸ ਖੇਤਰ ਵਿੱਚ ਆਏ ਭੂਚਾਲ ਦਰਸਾਉਂਦੇ ਹਨ ਕਿ ਮੈਂਟਲ ਧਰਤੀ ਦੀ ਪਰਤ (ਕ੍ਰਸਟ) ਵਿੱਚ ਘੁਸਪੈਠ ਕਰ ਰਿਹਾ ਹੈ। ਭੂਚਾਲਾਂ ਦਾ ਪੈਟਰਨ ਦੱਸਦਾ ਹੈ ਕਿ ਮੈਂਟਲ ਦਾ ਪਦਾਰਥ ਪਠਾਰ ਦੇ ਪੂਰਬੀ ਹਿੱਸੇ ਨੂੰ ਉੱਪਰ ਵੱਲ ਧੱਕ ਰਿਹਾ ਹੈ, ਜੋ ਇਸ ਟੁੱਟਣ ਵਾਲੀ ਥਿਊਰੀ ਨੂੰ ਹੋਰ ਵੀ ਮਜਬੂਤੀ ਪ੍ਰਦਾਨ ਕਰਦਾ ਹੈ। ਇਹ ਪ੍ਰਕਿਰਿਆ ਮੈਂਟਲ ਦੇ ਦਬਾਅ ਕਾਰਨ ਵੀ ਹੋ ਸਕਦੀ ਹੈ, ਜਿਸ ਨਾਲ ਭਾਰਤੀ ਪਲੇਟ ਦਾ ਹੇਠਲਾ ਹਿੱਸਾ ਉਪਰਲੇ ਹਿੱਸਿਆਂ ਦੀ ਤੁਲਨਾ ਵਿੱਚ ਜ਼ਿਆਦਾ ਤੇਜ਼ੀ ਨਾਲ ਡੁੱਬ ਰਿਹਾ ਹੈ ਅਤੇ ਟੁੱਟਣ ਦੀ ਪ੍ਰਕਿਰਿਆ ਹੋਰ ਵੀ ਤੇਜ਼ ਹੋ ਰਹੀ ਹੈ।

### ਵਿਗਿਆਨੀ ਕੀ ਜਾਂਚ ਕਰ ਰਹੇ ਹਨ?

ਇਸ ਪੂਰੀ ਪ੍ਰਕਿਰਿਆ ਨੂੰ ਸਮਝਣ ਲਈ ਵਿਗਿਆਨੀ ਕੰਪਿਊਟਰ ਮਾਡਲਾਂ ਦੀ ਵਰਤੋਂ ਕਰ ਰਹੇ ਹਨ। ਇਹ ਮਾਡਲ ਦਰਸਾਉਂਦੇ ਹਨ ਕਿ ਭਾਰਤੀ ਪਲੇਟ ਇੱਕ ਅਜਿਹੀ ਪ੍ਰਕਿਰਿਆ ਵਿੱਚੋਂ ਗੁਜ਼ਰ ਰਹੀ ਹੈ, ਜੋ ਠੀਕ ਉਸੇ ਤਰ੍ਹਾਂ ਦੀ ਹੈ ਜਿਵੇਂ ਸਮੁੰਦਰੀ ਪਲੇਟਾਂ, ਜ਼ਮੀਨੀ ਪਲੇਟਾਂ ਦੇ ਹੇਠਾਂ ਡੁੱਬ ਜਾਂਦੀਆਂ ਹਨ। ਹਾਲਾਂਕਿ ਇਹ ਘਟਨਾ ਬਹੁਤ ਵੱਡੇ ਪੈਮਾਨੇ 'ਤੇ ਵਾਪਰ ਰਹੀ ਹੈ। ਪਲੇਟਾਂ ਦੇ ਇਸ ਤਰ੍ਹਾਂ ਵੱਖ ਹੋ ਕੇ ਹੇਠਾਂ ਡੁੱਬਣ ਦੀ ਘਟਨਾ ਤਿੱਬਤ ਅਤੇ ਹਿਮਾਲਿਆ ਵਿੱਚ ਪਾਈਆਂ ਜਾਣ ਵਾਲੀਆਂ ਭੂ-ਵਿਗਿਆਨਕ ਵਿਸ਼ੇਸ਼ਤਾਵਾਂ ਨੂੰ ਆਸਾਨੀ ਨਾਲ ਸਮਝਾਉਂਦੀ ਹੈ।


### ਇਸ ਦੇ ਪ੍ਰਭਾਵ ਅਤੇ ਮਹੱਤਵ

ਇਹ ਖੋਜ ਨਾ ਸਿਰਫ਼ ਭਾਰਤੀ ਅਤੇ ਯੂਰੇਸ਼ੀਅਨ ਪਲੇਟਾਂ ਦੀ ਗਤੀਵਿਧੀਆਂ ਨੂੰ ਸਮਝਣ ਵਿੱਚ ਮਦਦ ਕਰਦੀ ਹੈ, ਸਗੋਂ ਇਹ ਵੀ ਦਰਸਾਉਂਦੀ ਹੈ ਕਿ ਧਰਤੀ ਦੀਆਂ ਪਲੇਟਾਂ ਦੀ ਗਤੀਸ਼ੀਲਤਾ ਦੀਆਂ ਪੁਰਾਣੀਆਂ ਧਾਰਨਾਵਾਂ ਨੂੰ ਬਦਲਣ ਦੀ ਲੋੜ ਹੈ। ਇਹ ਸਮਝਣਾ ਕਿ ਭਾਰਤੀ ਪਲੇਟ ਦਾ ਹੇਠਲਾ ਹਿੱਸਾ ਮੈਂਟਲ ਵਿੱਚ ਕਿਵੇਂ ਡੁੱਬ ਰਿਹਾ ਹੈ ਅਤੇ ਉਪਰਲਾ ਹਿੱਸਾ ਉੱਪਰ ਤੈਰ ਰਿਹਾ ਹੈ, ਭੂ-ਵਿਗਿਆਨ ਦੇ ਖੇਤਰ ਵਿੱਚ ਇੱਕ ਵੱਡੀ ਤਰੱਕੀ ਹੈ। ਇਸ ਤੋਂ ਇਲਾਵਾ ਇਹ ਖੋਜ ਭਵਿੱਖ ਵਿੱਚ ਭੂਚਾਲਾਂ ਦੀ ਭਵਿੱਖਬਾਣੀ ਅਤੇ ਉਨ੍ਹਾਂ ਦੇ ਪ੍ਰਭਾਵਾਂ ਨੂੰ ਸਮਝਣ ਵਿੱਚ ਵੀ ਮਦਦ ਕਰ ਸਕਦੀ ਹੈ।

ਵਿਗਿਆਨੀ ਹੁਣ ਇਸ ਖੋਜ ਨੂੰ ਹੋਰ ਅੱਗੇ ਵਧਾਉਣ ਲਈ ਵੱਖ-ਵੱਖ ਤਰੀਕਿਆਂ ਨਾਲ ਜਾਂਚ ਕਰ ਰਹੇ ਹਨ। ਉਹ ਮੈਂਟਲ ਅਤੇ ਕ੍ਰਸਟ ਦੀ ਗਤੀਸ਼ੀਲਤਾ ਨੂੰ ਸਮਝਣ ਲਈ ਹੋਰ ਵਿਸਤ੍ਰਿਤ ਕੰਪਿਊਟਰ ਸਿਮੂਲੇਸ਼ਨਾਂ ਅਤੇ ਭੂ-ਵਿਗਿਆਨਕ ਸਰਵੇਖਣਾਂ 'ਤੇ ਕੰਮ ਕਰ ਰਹੇ ਹਨ। ਇਸ ਦੇ ਨਾਲ ਹੀ ਹੀਲੀਅਮ ਗੈਸ ਦੀ ਮੌਜੂਦਗੀ ਅਤੇ ਭੂਚਾਲਾਂ ਦੇ ਪੈਟਰਨ ਦਾ ਹੋਰ ਡੂੰਘਾਈ ਨਾਲ ਅਧਿਐਨ ਕਰ ਕੇ ਵਿਗਿਆਨੀ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਇਹ ਪ੍ਰਕਿਰਿਆ ਕਿਵੇਂ ਅਤੇ ਕਿਉਂ ਵਾਪਰ ਰਹੀ ਹੈ।

# ਮੰਗਲ ਉਤੇ ਜੀਵਨ ਦੀਆਂ ਸੰਭਾਵਨਾਵਾਂ ਸੁਪਨਾ ਨਹੀਂ

ਪੰਜਾਬੀ ਪਰਵਾਜ਼ ਬਿਊਰੋ




ਆਧੁਨਿਕ ਵਿਗਿਆਨ ਦੇ ਇਤਿਹਾਸ ਵਿੱਚ ਇੱਕ ਨਵਾਂ ਅਧਿਆਏ ਲਿਖਿਆ ਗਿਆ ਹੈ। ਨਾਸਾ ਦਾ ਪਰਸੀਵੀਅਰੈਂਸ ਰੋਵਰ, ਜੋ 2021 ਵਿੱਚ ਜੇਜ਼ੀਰੋ ਗੁਫ਼ਾ ਵਿੱਚ ਉੱਤਰਿਆ ਸੀ, ਨੇ ਹੁਣ ਮੰਗਲ ਗ੍ਰਹਿ 'ਤੇ ਪੁਰਾਣੇ ਜੀਵਨ ਦੇ ਸੰਭਾਵੀ ਸੰਕੇਤ ਲੱਭੇ ਹਨ। ਇਹ ਖੋਜ ਬ੍ਰਹਿਮੰਡ ਵਿੱਚ ਜੀਵਨ ਦੀ ਖੋਜ 'ਤੇ ਨਵੀਂ ਰੌਸ਼ਨੀ ਪਾਉਂਦੀ ਹੈ।

**ਪਰਸੀਵੀਅਰੈਂਸ ਰੋਵਰ ਅਤੇ ਇਸ ਦੀ ਖੋਜ ਦਾ ਇਤਿਹਾਸ:** ਨਾਸਾ ਦਾ ਪਰਸੀਵੀਅਰੈਂਸ ਰੋਵਰ ਮੰਗਲ ਖੋਜ ਪ੍ਰੋਗਰਾਮ ਦਾ ਇੱਕ ਮਹੱਤਵਪੂਰਨ ਹਿੱਸਾ ਹੈ। ਫ਼ਰਵਰੀ 2021 ਵਿੱਚ ਜੇਜ਼ੀਰੋ ਗੁਫ਼ਾ ਵਿੱਚ ਉੱਤਰਨ ਵਾਲੇ ਇਸ ਰੋਵਰ ਨੂੰ ਖ਼ਾਸ ਤੌਰ 'ਤੇ ਪੁਰਾਣੇ ਜੀਵਨ ਦੇ ਸੰਕੇਤ ਲੱਭਣ ਲਈ ਤਿਆਰ ਕੀਤਾ ਗਿਆ ਸੀ। ਜੇਜ਼ੀਰੋ ਗੁਫ਼ਾ, ਜੋ ਲਗਭਗ 45 ਕਿਲੋਮੀਟਰ ਵਿਆਸ ਵਾਲੀ ਹੈ, ਇੱਕ ਪੁਰਾਣੀ ਝੀਲ ਅਤੇ ਨਦੀ ਦੇ ਡੈਲਟਾ ਵਾਲਾ ਖੇਤਰ ਹੈ। ਵਿਗਿਆਨੀਆਂ ਨੇ ਇਸ ਨੂੰ ਚੁਣਿਆ, ਕਿਉਂਕਿ ਇੱਥੇ ਅਰਬਾਂ ਸਾਲ ਪਹਿਲਾਂ ਪਾਣੀ ਮੌਜੂਦ ਸੀ, ਜੋ ਜੀਵਨ ਲਈ ਜ਼ਰੂਰੀ ਹੈ। ਰੋਵਰ ਨੇ ਹੁਣ ਤੱਕ 27 ਚੱਟਾਨਾਂ ਦੇ ਨਮੂਨੇ ਇਕੱਠੇ ਕੀਤੇ ਹਨ, ਜਿਨ੍ਹਾਂ ਵਿੱਚੋਂ ਇੱਕ ਦਾ ਨਾਮ 'ਸੈਫ਼ਾਇਰ ਕੈਨੀਅਨ' ਹੈ, ਜੋ ਬ੍ਰਾਈਟ ਐਂਜਲ ਫਾਰਮੇਸ਼ਨ ਤੋਂ ਲਿਆ ਗਿਆ।

ਇਸ ਖੋਜ ਨੂੰ ਸਮਰਪਿਤ ਰਿਪੋਰਟ 'ਨੇਚਰ ਜਰਨਲ' ਵਿੱਚ ਸਤੰਬਰ 2025 ਵਿੱਚ ਪ੍ਰਕਾਸ਼ਿਤ ਹੋਈ ਹੈ। ਰੋਵਰ ਨੇ ਜੁਲਾਈ 2024 ਵਿੱਚ ਚੇਯਾਵਾ ਫਾਲਸ ਨਾਮਕ ਚੱਟਾਨ ਵਿੱਚ ਅਜੀਬ ਚਿੰਨ੍ਹ ਲੱਭੇ, ਜਿਨ੍ਹਾਂ ਨੂੰ 'ਲੈਪਰਡ ਸਪਾਟਸ' (ਚੀਤੇ ਵਰਗੇ ਧੱਬੇ) ਅਤੇ ਛੋਟੇ ਗੋਲ ਦਾਣੇ ਕਿਹਾ ਜਾਂਦਾ ਹੈ। ਇਹ ਚਿੰਨ੍ਹ ਬਾਇਓਸਿਗਨੇਚਰ ਵਜੋਂ ਦੇਖੇ ਜਾ ਰਹੇ ਹਨ, ਜੋ ਜੀਵਨ ਦੀ ਸੰਭਾਵਨਾ ਦੱਸਦੇ ਹਨ। ਵਿਗਿਆਨੀ ਜੋਐਲ ਹੂਰੋਵਿਟਜ਼ ਨੇ ਕਿਹਾ ਹੈ ਕਿ ਇਹ ਖੋਜ ਮੰਗਲ 'ਤੇ ਪੁਰਾਣੇ ਜੀਵਨ ਨੂੰ ਸਮਝਣ ਵਿੱਚ ਸਭ ਤੋਂ ਨੇੜੇ ਪਹੁੰਚਣ ਵਾਲੀ ਹੈ।

**ਬ੍ਰਾਈਟ ਐਂਜਲ ਫਾਰਮੇਸ਼ਨ – ਪਾਣੀ ਅਤੇ ਜੀਵਨ ਦਾ ਪੁਰਾਣਾ ਘਰ:** ਬ੍ਰਾਈਟ ਐਂਜਲ ਫਾਰਮੇਸ਼ਨ ਜੇਜ਼ੀਰੋ ਗੁਫ਼ਾ ਦੇ ਨੇੜੇ ਵਾਲੀ ਨੇਰੇਟਵਾ ਵੈਲੀ ਵਿੱਚ ਸਥਿਤ ਹੈ। ਇਹ ਇੱਕ ਪੁਰਾਣੀ ਨਦੀ ਵੈਲੀ ਹੈ, ਜੋ ਲਗਭਗ 400 ਮੀਟਰ ਚੌੜੀ ਸੀ ਅਤੇ ਪਾਣੀ ਨਾਲ ਭਰੀ ਹੋਈ ਸੀ। ਅਰਬਾਂ ਸਾਲ ਪਹਿਲਾਂ ਇੱਥੇ ਵਹਿ ਰਹੇ ਪਾਣੀ ਨੇ ਬਾਰੀਕ ਚੱਟਾਨਾਂ ਅਤੇ ਮਾਡਸਟੋਨ ਬਣਾਏ, ਜੋ ਅੱਜ ਵੀ ਬ੍ਰਾਈਟ ਐਂਜਲ ਨੂੰ ਚਮਕਦਾਰ ਬਣਾਉਂਦੇ ਹਨ। ਇਹ ਖੇਤਰ ਗ੍ਰੈਂਡ ਕੈਨੀਅਨ ਦੇ ਨਾਮ ਨਾਲ ਜੁੜਿਆ ਹੈ, ਕਿਉਂਕਿ ਇੱਥੋਂ ਦੀਆਂ ਚੱਟਾਨਾਂ ਹਲਕੇ ਰੰਗ ਵਾਲੀਆਂ ਹਨ।

ਰੋਵਰ ਨੇ ਇੱਥੇ ਲੋਹੇ ਦਾ ਆਕਸਾਈਡ (ਰਸਟ ਵਰਗਾ), ਫਾਸਫ਼ੋਰਸ, ਸਲਫ਼ਰ ਅਤੇ ਸਭ ਤੋਂ ਮਹੱਤਵਪੂਰਨ ਜੈਵਿਕ ਕਾਰਬਨ ਲੱਭਿਆ। ਜੈਵਿਕ ਕਾਰਬਨ ਜੀਵਨ ਦਾ ਮੁੱਢਲਾ ਤੱਤ ਹੈ, ਜੋ ਧਰਤੀ 'ਤੇ ਵੀ ਸੂਖਮ ਜੀਵਾਂ ਵਿੱਚ ਮਿਲਦਾ ਹੈ। ਇਸ ਤੋਂ ਇਲਾਵਾ ਵਿਵੀਆਨਾਈਟ ਅਤੇ ਗ੍ਰੇਗਾਈਟ ਵਰਗੇ ਖਣਿਜ ਮਿਲੇ, ਜੋ ਘੱਟ ਤਾਪਮਾਨ ਵਾਲੇ ਪਾਣੀ ਵਾਲੇ ਵਾਤਾਵਰਣ ਵਿੱਚ ਬਣਦੇ ਹਨ। ਇਹ ਖਣਿਜ ਲੈਪਰਡ ਸਪਾਟਸ ਵਰਗੇ ਧੱਬਿਆਂ ਵਿੱਚ ਵੰਡੇ ਹੋਏ ਹਨ। ਇਹ ਚਿੰਨ੍ਹ ਅਜਿਹੇ ਹਨ, ਜੋ ਧਰਤੀ 'ਤੇ ਜੀਵਨ ਨਾਲ ਜੁੜੇ ਹਨ, ਪਰ ਮੰਗਲ 'ਤੇ ਇਹ ਪਹਿਲੀ ਵਾਰ ਵਧੇਰੇ ਪੈਮਾਨੇ 'ਤੇ ਮਿਲੇ ਹਨ।

ਇਸ ਖੇਤਰ ਵਿੱਚ ਪਾਣੀ ਦੀ ਮੌਜੂਦਗੀ ਨੇ ਇਸ ਨੂੰ ਜੀਵਨ ਲਈ ਯੋਗ ਬਣਾਇਆ ਹੋਵੇਗਾ। ਅਰਬਾਂ ਸਾਲ ਪਹਿਲਾਂ ਮੰਗਲ 'ਤੇ ਪਾਣੀ ਵਹਿ ਰਿਹਾ ਸੀ, ਜੋ ਝੀਲਾਂ ਅਤੇ ਨਦੀਆਂ ਬਣਾਉਂਦਾ ਸੀ। ਇਹ ਵਾਤਾਵਰਣ ਘੱਟ ਤਾਪਮਾਨ ਵਾਲਾ ਅਤੇ ਪਾਣੀ ਨਾਲ ਭਰਪੂਰ ਸੀ, ਜਿੱਥੇ ਸੂਖਮ ਜੀਵ ਰਹਿ ਸਕਦੇ ਸਨ। ਵਿਗਿਆਨੀ ਕਹਿੰਦੇ ਹਨ ਕਿ ਇਹ ਚੱਟਾਨਾਂ ਅੱਜ ਵੀ ਪੁਰਾਣੇ ਵਾਤਾਵਰਣ ਨੂੰ ਬਿਆਨ ਕਰਦੀਆਂ ਹਨ।

**ਬਾਇਓਸਿਗਨੇਚਰ ਕੀ ਹਨ ਅਤੇ ਇਨ੍ਹਾਂ ਦੀ ਮਹੱਤਤਾ:** ਬਾਇਓਸਿਗਨੇਚਰ ਉਹ ਭੌਤਿਕ, ਰਸਾਇਣਕ ਜਾਂ ਬਣਤਰੀ ਸੰਕੇਤ ਹਨ ਜੋ ਜੀਵਨ ਦੀ ਮੌਜੂਦਗੀ ਦੱਸਦੇ ਹਨ। ਮੰਗਲ 'ਤੇ ਲੱਭੇ ਗਏ ਬਾਇਓਸਿਗਨੇਚਰ ਵਿੱਚ ਜੈਵਿਕ ਕਾਰਬਨ ਅਤੇ ਵਿਸ਼ੇਸ਼ ਖਣਿਜ ਸ਼ਾਮਲ ਹਨ, ਜੋ ਧਰਤੀ 'ਤੇ ਸੂਖਮ ਜੀਵਾਂ ਨਾਲ ਜੁੜੇ ਹਨ। ਮਿਸਾਲ ਵਜੋਂ, ਵਿਵੀਆਨਾਈਟ ਖਣਿਜ ਲੋਹੇ ਅਤੇ ਫਾਸਫ਼ੋਰਸ ਨਾਲ ਬਣਦਾ ਹੈ ਅਤੇ ਘੱਟ ਤਾਪਮਾਨ ਵਿੱਚ ਪੈਦਾ ਹੁੰਦਾ ਹੈ।

ਇਹ ਸੰਕੇਤ ਮਹੱਤਵਪੂਰਨ ਹਨ, ਕਿਉਂਕਿ ਉਹ ਮੰਗਲ ਨੂੰ ਇੱਕ ਯੋਗ ਗ੍ਰਹਿ ਵਜੋਂ ਪੇਸ਼ ਕਰਦੇ ਹਨ। ਨਾਸਾ ਦੇ ਵਿਗਿਆਨੀ ਕਹਿੰਦੇ ਹਨ ਕਿ ਇਹ ਖੋਜ ਜੀਵਨ ਦਾ ਅੰਤਿਮ ਸਬੂਤ ਨਹੀਂ, ਪਰ ਇਹ ਇੱਕ ਵੱਡੀ ਖੋਜ ਹੋ ਸਕਦੀ ਹੈ। ਇਹ ਸਾਨੂੰ ਪੁੱਛਦੀ ਹੈ ਕਿ ਕੀ ਮੰਗਲ 'ਤੇ ਕਦੇ ਬੈਕਟੀਰੀਆ ਵਰਗੇ ਜੀਵ ਮੌਜੂਦ ਸਨ? ਇਹ ਬ੍ਰਹਿਮੰਡ ਵਿੱਚ ਜੀਵਨ ਦੀ ਖੋਜ ਨੂੰ ਹੋਰ ਤੇਜ਼ ਕਰੇਗੀ।

**ਜੀਵਨ ਜਾਂ ਭੂਵਿਗਿਆਨਕ ਪ੍ਰਕਿਰਿਆਵਾਂ?:** ਇਸ ਖੋਜ ਦੀਆਂ ਦੋ ਮੁੱਖ ਸੰਭਾਵਨਾਵਾਂ ਹਨ। ਪਹਿਲੀ, ਇਹ ਸਾਰੇ ਸੰਕੇਤ ਭੂਵਿਗਿਆਨਕ ਪ੍ਰਕਿਰਿਆਵਾਂ ਨਾਲ ਬਣੇ ਹੋਣ। ਮਿਸਾਲ ਵਜੋਂ, ਸਲਫ਼ਰ ਆਧਾਰਿਤ ਚਿੰਨ੍ਹ ਉੱਚ ਤਾਪਮਾਨ ਵਿੱਚ ਬਣਦੇ ਹਨ, ਪਰ ਇੱਥੇ ਉੱਚ ਤਾਪਮਾਨ ਦੇ ਸਬੂਤ ਨਹੀਂ ਮਿਲੇ। ਇਹ ਭੂਵਿਗਿਆਨਕ ਥਿਊਰੀ ਨੂੰ ਚੁਣੌਤੀ ਦਿੰਦੇ ਹਨ। ਦੂਜੀ ਸੰਭਾਵਨਾ ਇਹ ਹੈ ਕਿ ਇਹ ਸੂਖਮ ਜੀਵਾਂ ਦਾ ਕੰਮ ਹੈ। ਧਰਤੀ 'ਤੇ ਅਜਿਹੇ ਜੀਵ ਲੋਹੇ ਅਤੇ ਸਲਫ਼ਰ ਤੋਂ ਊਰਜਾ ਲੈਂਦੇ ਸਨ, ਤੇ ਮੰਗਲ 'ਤੇ ਵੀ ਇਹ ਸੰਭਵ ਹੈ।

ਵਿਗਿਆਨੀ ਇਨ੍ਹਾਂ ਨੂੰ ਵੱਖ ਕਰਨ ਲਈ ਧਰਤੀ 'ਤੇ ਨਮੂਨੇ ਲਿਆਉਣਾ ਚਾਹੁੰਦੇ ਹਨ। ਸੈਂਪਲ ਰਿਟਰਨ ਮਿਸ਼ਨ ਇਸ ਲਈ ਜ਼ਰੂਰੀ ਹੈ, ਜਿੱਥੇ ਉੱਨਤ ਲੈਬਾਂ ਵਿੱਚ ਕਾਰਬਨ ਆਇਸੋਟੋਪ ਅਤੇ ਜੀਵਾਸ਼ਮਾਂ ਦੀ ਜਾਂਚ ਕੀਤੀ ਜਾਵੇਗੀ। ਇਹ ਮਿਸ਼ਨ 2030 ਦੇ ਦਹਾਕੇ ਵਿੱਚ ਹੋ ਸਕਦਾ ਹੈ, ਜੋ ਮੰਗਲ ਨੂੰ ਸਾਡੇ ਹੋਰ ਨੇੜੇ ਕਰੇਗਾ।

**ਧਰਤੀ ਅਤੇ ਮੰਗਲ ਵਿੱਚ ਸਮਾਨਤਾਵਾਂ:** ਅਰਬਾਂ ਸਾਲ ਪਹਿਲਾਂ ਧਰਤੀ ਅਤੇ ਮੰਗਲ ਵਿੱਚ ਬਹੁਤ ਸਮਾਨਤਾਵਾਂ ਸਨ। ਦੋਵਾਂ 'ਤੇ ਪਾਣੀ, ਰਸਾਇਣਕ ਪ੍ਰਕਿਰਿਆਵਾਂ ਅਤੇ ਸੰਭਵ ਜੀਵਨ ਸੀ। ਧਰਤੀ 'ਤੇ ਪਲੇਟ ਟੈਕਟੋਨਿਕਸ ਨੇ ਪੁਰਾਣੀਆਂ ਚੱਟਾਨਾਂ ਨੂੰ ਬਦਲ ਦਿੱਤਾ, ਪਰ ਮੰਗਲ 'ਤੇ ਉਹ ਅਜੇ ਵੀ ਸੁਰੱਖਿਅਤ ਹਨ। ਇਹ ਸਮਾਨਤਾ ਸਾਨੂੰ ਦੱਸਦੀ ਹੈ ਕਿ ਜੀਵਨ ਦੀ ਸ਼ੁਰੂਆਤ ਕਿਵੇਂ ਹੋਈ ਹੋਵੇਗੀ! ਮੰਗਲ 'ਤੇ ਲੱਭੇ ਜੈਵਿਕ ਕਾਰਬਨ ਅਤੇ ਖਣਿਜ ਧਰਤੀ ਦੇ ਪੁਰਾਣੇ ਜੀਵਾਂ ਨਾਲ ਮੇਲ ਖਾਂਦੇ ਹਨ, ਜੋ ਇੱਕ ਸਾਂਝੇ ਬ੍ਰਹਿਮੰਡੀ ਇਤਿਹਾਸ ਵੱਲ ਇਸ਼ਾਰਾ ਕਰਦੇ ਹਨ।

ਇਹ ਖੋਜ ਸਾਨੂੰ ਸਮਝਾਉਂਦੀ ਹੈ ਕਿ ਜੀਵਨ ਕਿਵੇਂ ਫੈਲਿਆ ਹੋਵੇਗਾ। ਕੀ ਧਰਤੀ 'ਤੇ ਮੰਗਲ ਤੋਂ ਜੀਵਨ ਆਇਆ? ਜਾਂ ਦੋਵਾਂ 'ਚ ਇੱਕੋ ਤਰ੍ਹਾਂ ਦੀ ਸ਼ੁਰੂਆਤ ਹੋਈ? ਇਹ ਪ੍ਰਸ਼ਨ ਵਿਗਿਆਨ ਨੂੰ ਨਵੇਂ ਰਾਹ 'ਤੇ ਲੈ ਜਾਂਦੇ ਹਨ।


**ਭਵਿੱਖੀ ਨਤੀਜੇ ਅਤੇ ਮਾਨਵ ਜੀਵਨ ਲਈ ਮਹੱਤਤਾ:** ਇਹ ਖੋਜ ਨਾ ਸਿਰਫ਼ ਵਿਗਿਆਨਕ ਹੈ, ਸਗੋਂ ਮਾਨਵਤਾ ਲਈ ਵੀ ਲਾਹੇਵੰਦ ਹੈ। ਜੇਕਰ ਇਹ ਪੁਸ਼ਟੀ ਹੋ ਗਈ ਤਾਂ ਇਹ ਇਤਿਹਾਸ ਦੀ ਸਭ ਤੋਂ ਵੱਡੀ ਖੋਜ ਹੋਵੇਗੀ। ਇਹ ਸਾਨੂੰ ਬ੍ਰਹਿਮੰਡ ਵਿੱਚ ਜੀਵਨ ਦੀ ਉਪਲਬਧਤਾ ਬਾਰੇ ਦੱਸੇਗੀ ਅਤੇ ਭਵਿੱਖੀ ਮੰਗਲ ਮਿਸ਼ਨਾਂ ਨੂੰ ਪ੍ਰੇਰਿਤ ਕਰੇਗੀ।

ਇਸ ਤੋਂ ਇਲਾਵਾ ਇਹ ਖੋਜ ਸਾਨੂੰ ਧਰਤੀ 'ਤੇ ਜੀਵਨ ਦੀ ਸੰਭਾਲ ਬਾਰੇ ਵੀ ਪ੍ਰੇਰਦੀ ਹੈ। ਮੰਗਲ ਦਾ ਪੁਰਾਣਾ ਵਾਤਾਵਰਣ ਅੱਜ ਦੇ ਜਲਵਾਯੂ ਬਦਲਾਅ ਨਾਲ ਜੁੜਿਆ ਹੋ ਸਕਦਾ ਹੈ। ਭਵਿੱਖ ਵਿੱਚ ਆਰਟੀਮਿਸ ਪ੍ਰੋਗਰਾਮ ਅਤੇ ਮੰਗਲ ਯਾਤਰਾਵਾਂ ਇਸ ਨੂੰ ਅੱਗੇ ਵਧਾਉਣਗੀਆਂ।

ਮੰਗਲ 'ਤੇ ਜੀਵਨ ਦੀਆਂ ਸੰਭਾਵਨਾਵਾਂ ਹੁਣ ਇੱਕ ਸੁਪਨੇ ਨਹੀਂ, ਸਗੋਂ ਹਕੀਕਤ ਵੱਲ ਵਧ ਰਹੀਆਂ ਹਨ। ਪਰਸੀਵੀਅਰੈਂਸ ਰੋਵਰ ਨੇ ਬਾਇਓਸਿਗਨੇਚਰ ਲੱਭ ਕੇ ਸਾਨੂੰ ਇੱਕ ਨਵਾਂ ਨਜ਼ਰੀਆ ਦਿੱਤਾ ਹੈ। ਹਾਲਾਂਕਿ ਅਜੇ ਵੀ ਹੋਰ ਅਧਿਐਨ ਦੀ ਲੋੜ ਹੈ, ਪਰ ਇਹ ਖੋਜ ਸਾਨੂੰ ਯਾਦ ਕਰਾਉਂਦੀ ਹੈ ਕਿ ਬ੍ਰਹਿਮੰਡ ਵਿੱਚ ਅਸੀਂ ਇਕੱਲੇ ਨਹੀਂ ਹੋ ਸਕਦੇ। ਇਹ ਨਾ ਸਿਰਫ਼ ਵਿਗਿਆਨ ਨੂੰ ਬਦਲੇਗਾ, ਸਗੋਂ ਮਨੁੱਖੀ ਕਲਪਨਾ ਨੂੰ ਵੀ ਨਵਾਂ ਅਕਾਸ਼ ਦੇਵੇਗਾ। ਅਸੀਂ ਉਮੀਦ ਕਰਦੇ ਹਾਂ ਕਿ ਸੈਂਪਲ ਰਿਟਰਨ ਮਿਸ਼ਨ ਇਸ ਰਹੱਸ ਨੂੰ ਖੋਲ੍ਹੇਗਾ ਅਤੇ ਮੰਗਲ ਨੂੰ ਸਾਡਾ ਨਜ਼ਦੀਕੀ ਗ੍ਰਹਿ ਬਣਾਏਗਾ।

## ਹੂਕ

**ਸੁਖਜੀਤ ਸਿੰਘ ਵਿਰਕ**
ਫੋਨ+91-9815897878



# ਪੰਜਾਬ ਫਿਰ ਉੱਠੇਗਾ

ਪਹਿਲਾਂ ਸੰਨ 47 ਦੇ ਉਜਾੜੇ ਦਾ ਸੰਤਾਪ ਪਿੰਡੇ 'ਤੇ ਹੰਢਾਇਆ, ਫਿਰ ਏ.ਕੇ. 47 ਦੀ ਮਾਰ ਦਾ ਛਲਣੀ ਹੋਇਆ ਪੰਜਾਬ ਦਹਾਕਿਆਂ ਬਾਅਦ ਪੈਰਾਂ ਸਿਰ ਹੋ ਰਿਹਾ ਸੀ ਕਿ ਹੁਣ ਹੜ੍ਹਾਂ ਦੀ ਮਾਰ ਨੇ ਫਿਰ ਗੋਡਿਆਂ ਪਰਨੇ ਕਰ ਦਿੱਤੈ। ਹੜ੍ਹਾਂ ਦੀ ਆਫਤ ਨਾਲ ਜੂਝ ਰਹੇ ਲੋਕਾਂ ਦੀਆਂ ਤਸਵੀਰਾਂ ਦੇਖ ਕੇ ਕਾਲਜੇ ਧੂਹ ਪੈਂਦੀ ਹੈ, ਤਬਾਹ ਹੋਏ ਘਰ, ਨਸ਼ਟ ਹੋਈਆਂ ਫਸਲਾਂ, ਰੁੜ੍ਹ ਗਏ ਮਾਲ ਅਸਬਾਬ, ਉਜੜ ਗਏ ਕਾਰੋਬਾਰ, ਨੁਕਸਾਨੇ ਗਏ ਵਾਹਨ, ਨਕਾਰਾ ਹੋ ਗਏ ਖੇਤੀ ਦੇ ਸੰਦ, ਟਰੈਕਟਰ ਅਤੇ ਮਸ਼ੀਨਰੀ, ਤਿਲ ਤਿਲ ਤੇ ਤੀਲਾ ਤੀਲਾ ਜੋੜ ਕੇ ਉਸਾਰੇ...ਢਹਿ ਗਏ ਮਕਾਨਾਂ ਥੱਲੇ ਜਿੰਦਾ ਦਫਨ ਹੋਈਆਂ, ਕਈ ਪਾਣੀ ਦੇ ਵੇਗ ਵਿੱਚ ਵਹਿ ਗਈਆਂ ਮਨੁੱਖੀ ਜ਼ਿੰਦਗੀਆਂ ਅਤੇ ਰੁੜ੍ਹ ਗਏ ਕੀਮਤੀ ਪਸ਼ੂ, ਪਰਿੰਦਿਆਂ ਦੀ ਦਾਸਤਾਨ ਸੁਣਨ ਵਾਲਾ ਵੀ ਰੋਂਦਾ ਹੈ ਤੇ ਕਹਿਣ ਵਾਲਾ ਵੀ ਭੁੱਬਾਂ ਮਾਰਦਾ ਹੈ।

ਪੁੱਤਾਂ ਵਾਂਗ ਪਾਲੇ ਪਸ਼ੂ ਹੱਥੀਂ ਰੱਸੇ ਖੋਲ੍ਹ ਕੇ ਰੱਬ ਆਸਰੇ ਛੱਡਣ ਵੇਲੇ ਜਾਂਦੀ ਵਾਰੀ ਧਾਹਾਂ ਮਾਰਦੇ ਕਿਸਾਨ ਦਾ ਮੂੰਹ ਚੱਟਦੀਆਂ ਮੱਝਾਂ/ਗਾਵਾਂ ਦੀ ਤਸਵੀਰ ਵੇਖ ਕੇ ਕਿਹੜੀ ਅੱਖ ਹੈ, ਜੋ ਨਮ ਨਹੀਂ ਹੋਈ! ਸਭ ਕੁਝ ਅੱਖਾਂ ਸਾਹਮਣੇ ਰੁੜ੍ਹਦਾ ਵੇਖਦੇ ਹੋਏ ਕੇਵਲ ਤਨ 'ਤੇ ਪਾਏ ਕੱਪੜਿਆਂ ਵਿੱਚ ਜਾਨ ਬਚਾ ਕੇ ਪਾਣੀ ਦੇ ਮਾਰੂ ਵੇਗ ਵਿੱਚੋਂ ਬਚ ਨਿਕਲਣ ਦਾ ਤਾਣ ਲਾਉਂਦੇ ਬਜ਼ੁਰਗ, ਔਰਤਾਂ, ਬੱਚੇ, ਬਿਮਾਰ ਅਤੇ ਲਾਚਾਰ ਲੋਕਾਂ ਦੀਆਂ ਆਸਰਾ ਟੋਲਦੀਆਂ ਅੱਖਾਂ ਦੀ ਤੱਕਣੀ ਦਾ ਦਰਦ ਬਿਆਨ ਹੀ ਨਹੀਂ ਕੀਤਾ ਜਾ ਸਕਦਾ। ਬੱਸ ਸਾਰਾ ਕੁਝ ਰੁੜ੍ਹ ਪੁੜ੍ਹ ਗਿਆ ਤੇ ਜ਼ਿੰਦਗੀ ਸਾਹਸੱਤਹੀਣ ਹੋ ਕੇ ਰਹਿ ਗਈ ਹੈ।

ਪਿਛਲੇ ਸਮੇਂ ਵੱਖ ਵੱਖ ਥਾਵਾਂ 'ਤੇ ਪੱਕੀ ਹੋਈ ਹਜ਼ਾਰਾਂ ਏਕੜ ਅੱਗ ਲੱਗ ਕੇ ਸੜੀ ਕਣਕ ਦਾ ਸੇਕ ਅਜੇ ਕਿਸਾਨਾਂ ਦੀ ਹਿੱਕ ਵਿੱਚ ਬਲ ਰਿਹਾ ਸੀ ਕਿ ਹੁਣ ਹੜ੍ਹ ਦਾ ਪਾਣੀ ਅਗਲੇਰੀ ਫਸਲ ਸਮੇਤ ਕੇਵਲ ਘਰ ਬਾਰ ਹੀ ਨਹੀਂ, ਸਭ ਉਮੀਦਾਂ, ਵਿਉਂਤਾਂ, ਰੀਝਾਂ, ਸੁਪਨੇ ਰੋੜ੍ਹ ਕੇ ਲੈ ਗਿਐ। ਦਰ 'ਤੇ ਆਏ ਕਿਸੇ ਵੀ ਲੋੜਵੰਦ ਦੀ ਝੋਲੀ ਵਿੱਚ ਕੁਝ ਨਾ ਕੁਝ ਪਾ ਕੇ ਤੋਰਨ ਵਾਲੇ ਅਤੇ ਦੇਸ-ਵਿਦੇਸ਼ ਵਿੱਚ ਆਈਆਂ ਆਫਤਾਂ ਸਮੇਂ ਮੁਸ਼ਕਿਲਾਂ ਨਾਲ ਜੂਝਦੇ ਲੋਕਾਂ ਲਈ ਰਾਹਤ ਕਾਰਜ ਕਰਨ ਵਾਲੇ ਪੰਜਾਬ 'ਤੇ ਹੀ ਮੁਸੀਬਤ ਆਣ ਪਈ ਤਾਂ ਪੰਜਾਬੀਆਂ ਨੇ ਖੁਦ ਮੋਰਚਾ ਸੰਭਾਲ ਕੇ ਜਿਵੇਂ ਆਪਣਿਆਂ ਦੀ ਬਾਂਹ ਫੜੀ ਹੈ, ਵੱਡਾ ਹੌਸਲਾ ਦੇਣ ਵਾਲੀ ਹੈ। ਪੰਜਾਬ ਦੀ ਨਸ਼ੇੜੀ ਕਹਿ ਕੇ ਬਦਨਾਮ ਕੀਤੀ ਜਵਾਨੀ ਨੇ ਜੈਕਾਰੇ ਛੱਡਦੇ ਅਤੇ ਮੌਤ ਨੂੰ ਮਖੌਲਾਂ ਕਰਦੇ ਹੋਏ ਸੂਕਦੇ ਪਾਣੀਆਂ ਨਾਲ ਮੱਥਾ ਲਾ ਲੋਕਾਂ ਨੂੰ ਸੁਰੱਖਿਅਤ ਬਾਹਰ ਕੱਢ ਕੇ ਪੰਜਾਬੀਆਂ ਨੂੰ ਬਦਨਾਮ ਕਰਨ ਵਾਲਿਆਂ ਦਾ ਮੂੰਹ ਬੰਦ ਕਰ ਦਿੱਤੈ, ਬਹੁਤੇ ਲੋਕਾਂ ਨੂੰ ਚੁਭਣ ਵਾਲੇ 4 ਜਰਬ 4 ਉਚੇਚੇ ਪਵਾਏ ਵੱਡੇ ਟਾਇਰਾਂ ਵਾਲੇ ਟਰੈਕਟਰਾਂ ਨੂੰ ਅਣਜਾਣ ਰਸਤਿਆਂ ਤੋਂ ਬੇਖੌਫ ਅਤੇ ਬੇਪਰਵਾਹ ਪੂਰੇ ਦਾ ਪੂਰਾ ਪਾਣੀ ਵਿੱਚ ਝੋਕ ਕੇ ਜਾਨਵਰਾਂ ਤੱਕ ਨੂੰ ਸੁਰੱਖਿਅਤ ਬਾਹਰ ਕੱਢ ਲਿਆਂਦਾ, ਪੰਜਾਬੀਆਂ ਦੇ ਏਕੇ ਤੇ ਹਿੰਮਤ ਨੇ 'ਦਰਿਆਵਾਂ ਨੂੰ ਬੰਨ੍ਹ ਕਿਸ ਲਾਏ' ਕਹਾਵਤ ਝੂਠੀ ਸਾਬਤ ਕਰਦੇ ਹੋਏ ਇਹ ਬੰਨ੍ਹ ਵੀ ਲਾ ਦਿੱਤੇ। ਇਸ ਅਣਕਿਆਸੀ ਆਫਤ ਨਾਲ ਜੂਝਦੇ ਲੋਕਾਂ ਲਈ ਥਾਂ ਥਾਂ ਲੰਗਰ ਲਾ ਕੇ ਭਾਈਚਾਰਕ ਸਾਂਝ ਦਾ ਸਬੂਤ ਦਿੰਦੇ ਹੋਏ ਹਰ ਕਿਸੇ ਨੇ ਆਪਣੇ ਦਿਲ ਦਰਵਾਜ਼ੇ ਖੋਲ੍ਹਦੇ ਹੋਏ ਰਿਹਾਇਸ਼, ਰਾਸ਼ਨ, ਕੱਪੜੇ ਅਤੇ ਲੋੜੀਂਦੀਆਂ ਵਸਤਾਂ ਪੂਰੀਆਂ ਕਰਨ ਲਈ ਜੀਅ ਜਾਨ ਇੱਕ ਕਰ ਦਿੱਤਾ।

ਕਿਸਾਨ ਅੰਦੋਲਨ ਦੌਰਾਨ ਅਪਣੱਤ ਦੀਆਂ ਉਪਜੀਆਂ ਸਾਂਝਾਂ ਨੇ ਵੀ ਇੱਕ ਵੱਖਰਾ ਅਧਿਆਏ ਸਿਰਜ ਦਿੱਤੈ, ਸੋਸ਼ਲ ਮੀਡੀਆ ਰਾਹੀਂ ਪਤਾ ਲੱਗਣ 'ਤੇ ਹਰਿਆਣੇ ਦੇ ਹਰ ਭਾਈਚਾਰੇ ਖਾਸ ਕਰਕੇ ਜੱਟਾਂ ਅਤੇ ਜਾਟਾਂ ਨੇ 'ਬੜੇ ਭ੍ਰਾਈ ਪੇ ਮੁਸੀਬਤ ਬਣ'ਗੀ ਭ੍ਰਾਈ' ਦਾ ਜਦੋਂ ਪਿੰਡ ਪਿੰਡ ਹੋਕਾ ਦਿੱਤਾ ਤਾਂ ਲੋਕ ਆਪ ਮੁਹਾਰੇ ਮਦਦ ਲਈ ਸੈਂਕੜੇ ਟਰਾਲੀਆਂ ਰਾਸ਼ਨ ਭਰ ਕੇ ਕਾਫਲਿਆਂ ਦੇ ਕਾਫਲੇ ਲੈ ਤੁਰੇ। ਯੂ.ਪੀ. ਦੇ ਸਭ ਵਰਗਾਂ ਸਮੇਤ ਜਾਟ ਅਤੇ ਮੁਸਲਿਮ ਭਾਈਚਾਰੇ ਨੇ ਟਰੱਕਾਂ ਦੇ ਟਰੱਕ ਭਰ ਕੇ ਰਾਸ਼ਨ ਦਾ ਹੜ੍ਹ ਲੈ ਆਂਦਾ, ਰਾਜਸਥਾਨ ਅਤੇ ਉੱਤਰਾਖੰਡ ਦੇ ਲੋਕ ਵੀ ਦਰਦ ਵੰਡਾਉਣ ਲਈ ਰਾਸ਼ਨ ਤੇ ਪਸ਼ੂਆਂ ਲਈ ਚਾਰਾ ਲੈ ਕੇ ਪਹੁੰਚ ਗਏ। ਇਹ ਕਾਫਲੇ ਅੱਜ ਵੀ ਸੜਕਾਂ 'ਤੇ ਦੇਖੇ ਜਾ ਰਹੇ ਹਨ। ਗੁਰਦੁਆਰਿਆਂ, ਧਾਰਮਿਕ ਸੰਸਥਾਵਾਂ, ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ, ਖਾਲਸਾ ਏਡ, ਗਲੋਬਲ ਸਿੱਖਸ ਅਤੇ ਹੋਰ ਅਣਗਿਣਤ ਸਮਾਜ ਸੇਵੀ ਸੰਸਥਾਵਾਂ ਦੇ ਵਾਲੰਟੀਅਰ ਪਹਿਲੇ ਦਿਨ ਤੋਂ ਹੀ ਦਿਨ



ਰਾਤ ਅਣਥੱਕ ਸੇਵਾ ਵਿੱਚ ਲੱਗੇ ਹੋਏ ਹਨ। ਦੇਸ-ਵਿਦੇਸ਼ ਵਿੱਚ ਬੈਠੇ ਪੰਜਾਬੀ ਪੰਜਾਬ ਦਾ ਹੱਥ ਫੜਨ ਲਈ ਧਨ ਇਕੱਤਰ ਕਰ ਰਹੇ ਹਨ। ਮੋਹਾਲੀ ਦੇ ਇੱਕ ਸਨਅਤਕਾਰ ਨੇ ਹੜ੍ਹ ਦੇ ਪਾਣੀ ਵਿੱਚ ਚੱਲਣ ਵਾਲੇ ਵਿਸ਼ੇਸ਼ ਵਾਹਨ, ਤੇਲ ਖਰਚੇ ਸਮੇਤ ਭੇਜ ਦਿੱਤੇ। ਕਪੂਰਥਲੇ ਦੇ ਇੱਕ ਸਰਦਾਰ ਨੇ ਲੋੜ ਪੈਣ 'ਤੇ ਆਪਣੇ ਕਾਰਖਾਨੇ ਵਿੱਚ ਰੇਲ ਡੱਬਿਆਂ ਦੇ ਹਿੱਸੇ ਪੁਰਜੇ ਬਣਾਉਣੇ ਬੰਦ ਕਰਕੇ ਅਣਗਿਣਤ ਕਿਸ਼ਤੀਆਂ ਬਣਾ ਕੇ ਦੇਣ ਦੀ ਸੇਵਾ ਵਿੱਚ ਦਿਨ ਰਾਤ ਇੱਕ ਕਰ ਦਿੱਤਾ।

ਫਿਲਮਕਾਰਾਂ ਤੋਂ ਲੈ ਕੇ ਦਿਲਜੀਤ ਦੁਸਾਂਝ, ਜਸਬੀਰ ਜੱਸੀ ਜਿਹੇ ਵੱਡੇ ਵੱਡੇ ਅਨੇਕਾਂ ਹੀ ਕਲਾਕਾਰਾਂ ਨੇ ਪਿੰਡਾਂ ਦੇ ਪਿੰਡ ਸੇਵਾ ਲਈ ਅਪਣਾਅ ਕੇ ਪਹਿਲਾਂ ਕਿਸ਼ਤੀਆਂ ਭੇਜੀਆਂ ਅਤੇ ਹੁਣ ਵੱਡੀ ਮਾਇਕ ਮਦਦ ਦੇਣੀ ਸ਼ੁਰੂ ਕਰ ਦਿੱਤੀ ਹੈ। ਪੰਜਾਬ ਦੀ ਵਿੱਤੀ ਮਦਦ ਹਿੱਤ ਦੇਸ਼ ਦੇ ਕੋਨੇ ਕੋਨੇ ਵਿੱਚ ਧਨ ਇਕੱਤਰ ਕਰ ਰਹੇ ਲੋਕਾਂ ਨੂੰ ਉਦੋਂ ਵੱਡਾ ਉਤਸ਼ਾਹ ਮਿਲਦਾ ਹੈ, ਜਦੋਂ ਲੰਗਰ ਪ੍ਰਸ਼ਾਦਾ ਵੰਡਦੇ ਸੇਵਾਦਾਰਾਂ ਨੂੰ ਇੱਕ ਨਿਮਾਣਾ ਜਿਹਾ ਸੜਕ 'ਤੇ ਘੁੰਮਦਾ ਲੜਕਾ 10 ਰੁਪਏ ਦਾ ਸਿੱਕਾ ਪੇਸ਼ ਕਰਦਾ ਹੈ। ਸੇਵਾਦਾਰ ਪਿਆਰ ਸਹਿਤ ਸਿੱਕਾ ਲੈਣ ਤੋਂ ਮਨ੍ਹਾ ਕਰਦੇ ਹਨ, ਪਰ ਉਹ ਸੇਵਾ ਵਿੱਚ ਹਿੱਸਾ ਪਾਉਣ ਦੀ ਜ਼ਿੱਦ ਕਰਦਾ ਹੈ। ਅਸਲ ਵਿੱਚ 10 ਰੁਪਏ ਦਾ ਸਿੱਕਾ ਪਾਉਣ ਪਿੱਛੇ ਉਸਦੇ ਜਜ਼ਬੇ ਦੀ ਭਾਵਨਾ 10 ਲੱਖ ਰੁਪਏ ਵਰਗੀ ਹੈ ਅਤੇ ਜਦੋਂ ਭਾਵਨਾਵਾਂ ਇੰਨੀਆਂ ਵੱਡੀਆਂ ਹੋਣ ਤਾਂ ਫਿਰ ਸੇਵਾਵਾਂ ਵੀ ਅਨੰਤ ਬੇਅੰਤ ਹੋ ਨਿੱਬੜਦੀਆਂ ਹਨ।

ਮੁਸੀਬਤ ਮਾਰੀਆਂ ਘੜੀਆਂ ਵਿੱਚ ਵੀ ਪੰਜਾਬ ਨੇ ਸਬਰ ਸੰਤੋਖ, ਸ਼ੁਕਰਾਨੇ ਅਤੇ ਚੜ੍ਹਦੀ ਕਲਾ ਵਿੱਚ ਰਹਿਣ ਦਾ ਜਜ਼ਬਾ ਕਾਇਮ ਰੱਖਿਐ। ਢੱਠੇ ਹੋਏ ਘਰ ਵਿੱਚ ਘੁੰਮਦਾ ਬਜ਼ੁਰਗ ਅਤੇ ਗਰਕ ਹੋਏ ਸਮਾਨ ਦੇ ਨਾਲ ਪਾਣੀ ਵਿੱਚ ਖੜ੍ਹੀ ਬੁੱਢੀ ਬੇਬੇ ਜਦੋਂ ਰਾਹਤ ਸਮੱਗਰੀ ਵੰਡਣ ਵਾਲਿਆਂ ਨੂੰ ਚਾਹ ਪੀਣ ਲਈ ਸੱਦਾ ਦਿੰਦੇ ਹਨ ਤਾਂ ਤਸਵੀਰ ਦੇਖ ਕੇ ਮਨ ਭਾਵੁਕ ਹੋ ਜਾਂਦਾ ਹੈ ਕਿ ਕਿਸ ਮਿੱਟੀ ਦੇ ਬਣੇ ਹਨ ਇਹ ਲੋਕ, ਜੋ ਮੁਸੀਬਤ ਵਿੱਚ ਵੀ ਸ੍ਰਿਸ਼ਟਾਚਾਰ ਕਾਇਮ ਰੱਖੀ ਬੈਠੇ ਹਨ ਅਤੇ ਅਕਾਲ ਪੁਰਖ 'ਤੇ ਵੀ ਕੋਈ ਸ਼ਿਕਵਾ ਨਹੀਂ, ਉਸਦਾ ਸ਼ੁਕਰਾਨਾ ਹੀ ਕਰੀ ਜਾਂਦੇ ਹਨ। ਤੁਰੇ ਜਾਂਦੇ ਇੱਕ ਬਜ਼ੁਰਗ ਨੂੰ ਹਾਲ ਪੁੱਛਣ 'ਤੇ ਜਦੋਂ ਉਹ ਪੈਰਾਂ ਵਿੱਚੋਂ ਪਾਣੀ ਚੁੱਕ ਕੇ ਮੂੰਹ ਧੋਂਦਾ ਹੋਇਆ ਦਾਹੜਾ ਸਵਾਰ ਕੇ ਕਹਿੰਦਾ ਹੈ, 'ਚੜ੍ਹਦੀ ਕਲਾ' ਤਾਂ ਸਮਝ ਪੈਂਦੀ ਹੈ ਕਿ ਕੋਈ ਕਲਾ ਤਾਂ ਹੈ, ਜੋ ਇਨ੍ਹਾਂ ਲੋਕਾਂ ਵਿੱਚ ਅੱਜ ਵੀ ਵਰਤ ਰਹੀ ਹੈ ਜੋ ਇਹ ਵਾਰ ਵਾਰ ਟੁੱਟ ਕੇ ਡਿੱਗਣ ਜਾਂ ਡੇਗਣ ਦੇ ਬਾਵਜੂਦ ਮੁੜ ਦੁੱਗਣੇ ਹੌਸਲੇ ਨਾਲ ਉੱਠ ਖਲੋਂਦੇ ਹਨ।

ਮੁਸੀਬਤ ਦੀ ਇਸ ਘੜੀ ਦੌਰਾਨ ਕੋਮਲ ਜਿਹੀ ਜਾਪਦੀ ਪਰ ਦ੍ਰਿੜ ਨਿਸ਼ਚੇ ਵਾਲੀ ਅੰਮ੍ਰਿਤਸਰ ਦੀ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਵੱਲੋਂ ਜ਼ਿੰਮੇਵਾਰੀ ਤੋਂ ਕਿਤੇ ਵਧ ਕੇ ਲੋਕ ਸੇਵਾ ਦੀ ਕਾਇਮ ਕੀਤੀ ਮਿਸਾਲ ਸਦਾ ਯਾਦ ਰੱਖੀ ਜਾਵੇਗੀ, ਜਦੋਂ ਕੋਈ ਮੁਸੀਬਤ ਮਾਰਿਆ ਬਜ਼ੁਰਗ ਸਤਿਕਾਰ ਦੇ ਕਲਾਵੇ ਵਿੱਚ ਲੈ ਅਸ਼ੀਰਵਾਦ ਦਿੰਦਾ ਹੋਇਆ ਕਵੇ, 'ਧੀਏ ਜਿਉਂਦੀ ਰਹੁੰ, ਤੇਰੀ ਸੇਵਾ ਨੇ ਰੂਹ ਖੁਸ਼ ਕਰ ਦਿੱਤੀ।' ਫਿਰ ਮਿਸਾਲ ਤਾਂ ਬਣੇਗੀ ਹੀ!

ਇਸ ਤਬਾਹੀ ਵਿੱਚ ਜ਼ਿੰਦਗੀ ਦੀ ਜੰਗ ਜਿੱਤ ਜਾਣ ਵਾਲੇ ਲੋਕਾਂ ਲਈ ਹੜ੍ਹ ਦਾ ਪਾਣੀ ਉੱਤਰ ਜਾਣ ਮਗਰੋਂ ਅਸਤ ਵਿਅਸਤ ਹੋਇਆ ਜੀਵਨ ਲੀਹ 'ਤੇ ਲਿਆਉਣ ਦੀਆਂ ਚੁਣੌਤੀਆਂ ਹੁਣ ਸ਼ੁਰੂ ਹੋਈਆਂ ਹਨ। ਮਰੇ ਹੋਏ ਪਸ਼ੂ, ਪਰਿੰਦਿਆਂ ਦੇ ਨਾਲ ਦੂਸ਼ਿਤ ਹੋਏ ਪਾਣੀ ਦੀ ਦਰਗੰਧ, ਘਰਾਂ ਵਿੱਚੋਂ ਗਾਰ ਦੇ ਨਾਲ ਨਾਲ ਖਰਾਬ ਹੋਏ ਸਮਾਨ ਨੂੰ ਸੁੱਟਣ ਦੀ ਮੁਸੀਬਤ, ਮਲਬੇ ਭਰੇ ਘਰਾਂ ਵਿਚ ਵੜੇ ਸੱਪਾਂ ਤੇ ਹੋਰ ਜ਼ਹਿਰੀਲੇ ਜੀਵ ਜੰਤੂਆਂ ਦਾ ਖਤਰਾ, ਖਰਾਬ ਹੋਏ ਨਲਕਿਆਂ ਅਤੇ ਨਾਕਸ ਜਲ ਸਪਲਾਈ ਕਾਰਨ ਰੋਜ਼ਾਨਾ ਵਰਤੋਂ ਅਤੇ ਪੀਣ ਵਾਲੇ ਪਾਣੀ ਦੀ ਘਾਟ, ਵਿਗੜੀ ਹੋਈ ਬਿਜਲੀ ਸਪਲਾਈ ਵਰਗੀਆਂ ਅਨੇਕਾਂ ਸਮੱਸਿਆਵਾਂ ਸਮੇਤ ਮੱਖੀਆਂ/ਮੱਛਰਾਂ ਦਾ ਫੈਲਾਓ, ਸਲ੍ਹਾਬੇ ਘਰਾਂ ਵਿੱਚ ਪੈਦਾ ਹੋਣ ਵਾਲੀ ਫੰਗਸ ਅਤੇ ਬੈਕਟੀਰੀਆ ਆਦਿ ਕਾਰਨ ਵੱਡੇ ਪੱਧਰ 'ਤੇ ਹੈਪੇਟਾਈਟਸ, ਚਮੜੀ, ਸਾਹ ਰੋਗ, ਬੁਖਾਰ, ਡੇਂਗੂ ਆਦਿ ਬਿਮਾਰੀਆਂ ਵੱਡੇ ਪੱਧਰ 'ਤੇ ਫੈਲਣਗੀਆਂ। ਇਸ ਸਭ ਕਾਸੇ ਨਾਲ ਨਜਿੱਠਣ ਅਤੇ ਲੋਕਾਂ ਦੇ ਮੁੜ ਵਸੇਬੇ ਲਈ ਪ੍ਰਸ਼ਾਸਨ ਨੂੰ ਜੰਗੀ ਪੱਧਰ 'ਤੇ ਉਪਰਾਲੇ ਕਰਦੇ ਹੋਏ ਤੁਰੰਤ ਕਾਰਜ ਵਿੱਢਣੇ ਪੈਣਗੇ, ਜਿਸ ਖਾਤਰ ਸਰਕਾਰ ਨੂੰ ਵਿਸ਼ੇਸ਼ ਤੌਰ 'ਤੇ ਵਿੱਤੀ ਪ੍ਰਬੰਧ ਕਰਨੇ ਪੈਣਗੇ। ਅਜਿਹੇ ਹਾਲਾਤਾਂ ਵਿੱਚ ਪ੍ਰਭਾਵਿਤ ਖਿੱਤੇ ਦੀ ਸਰਕਾਰ ਨੂੰ ਪੈਰਾਂ ਸਿਰ ਕਰਨ ਲਈ ਕੇਂਦਰ ਸਰਕਾਰ ਵੱਲੋਂ ਵਿਸ਼ੇਸ਼ ਤੌਰ 'ਤੇ ਆਰਥਿਕ ਸਹਾਇਤਾ ਜਰੂਰ ਦਿੱਤੀ ਜਾਂਦੀ ਹੈ, ਪਰ ਸਿਤਮਜ਼ਰੀਫੀ ਇਹ ਹੈ ਕਿ ਦੇਸ਼ ਖਾਤਰ ਸਭ ਤੋਂ ਵੱਧ ਖੂਨ ਡੋਲ੍ਹਣ ਵਾਲੇ ਪੰਜਾਬ ਦਾ ਇਸ ਦੁੱਖ ਦੀ ਘੜੀ, ਕੇਂਦਰ ਸਰਕਾਰ ਨੇ ਤੁਰੰਤ ਹੱਥ ਫੜਨ ਦੀ ਬਜਾਏ ਲੰਮਾ ਸਮਾਂ ਭੇਦ ਭਰੀ ਗੁੱਝੀ ਬੇਰੁਖੀ ਅਪਣਾਉਂਦੇ ਹੋਏ ਨਿਗੂਣਾ ਜਿਹਾ ਮੁਆਵਜਾ ਐਲਾਨ ਕੇ ਪੰਜਾਬ ਨੂੰ ਨਿਰਾਸ਼ ਹੀ ਨਹੀਂ, ਨਾਰਾਜ਼ ਵੀ ਕੀਤੈ। ਨੁਕਸਾਨ ਕਈ ਹਜ਼ਾਰ ਕਰੋੜਾਂ ਦਾ ਹੋਇਐ ਤੇ ਰਾਹਤ ਵਜੋਂ ਪ੍ਰਧਾਨ ਮੰਤਰੀ ਵੱਲੋਂ ਕੇਵਲ 1600 ਕਰੋੜ ਰੁਪਏ ਦੇਣ ਦਾ ਐਲਾਨ ਕੀਤਾ ਗਿਆ ਹੈ, ਜੋ ਉਠ ਦੇ ਮੂੰਹ ਜੀਰਾ ਦੇਣ ਵਾਲੀ ਗੱਲ ਹੈ। ਅਜਿਹੇ ਮੌਕੇ ਪੰਜਾਬ ਤੋਂ ਜਿੱਤਿਆ ਢਾਈ ਕਿੱਲੋ ਹਥੌੜੇ ਵਾਲਾ ਹੱਥ ਵੀ ਮਦਦ ਲਈ ਨਾ ਬਹੁੜਿਆ ਅਤੇ ਕੇਂਦਰ ਸਰਕਾਰ ਵੱਲੋਂ ਵੀ ਮਾਲੀ ਇਮਦਾਦ ਦੇਣ ਤੋਂ ਹੱਥ ਘੁੱਟਦੇ ਹੋਏ ਰਾਜ ਸਰਕਾਰ ਦਾ ਟੈਕਸ ਦਾ ਬਕਾਇਆ ਪੈਸਾ ਵੀ ਨਹੀਂ ਦਿੱਤਾ। ਸ਼ਾਇਦ ਤਾਂ ਹੀ ਵੱਡੀ ਪੱਧਰ 'ਤੇ ਲੋਕ ਇਸ ਆਫਤ ਨੂੰ ਰੱਬ ਡਾਹਢੇ ਦੀ ਮਾਰ ਮੰਨਣ ਤੋਂ ਇਨਕਾਰੀ ਹੋਏ ਸ਼ੱਕੀ ਨਜ਼ਰਾਂ ਨਾਲ ਵੇਖਣ ਲੱਗੇ ਹਨ। ਖਾਸ ਤੌਰ 'ਤੇ ਵਿਚਾਰਨਯੋਗ ਹੈ ਕਿ ਜਦੋਂ ਨਿੱਕੀ ਜਿਹੀ ਗੱਲ 'ਤੇ ਵੱਡੇ ਵੱਡੇ ਸੰਵਾਦ ਰਚਨ ਵਾਲਾ ਰਾਸ਼ਟਰੀ ਮੀਡੀਆ ਵੀ ਮੂੰਹ ਵਿੱਚ ਘੁੰਗਣੀਆਂ ਪਾ ਕੇ ਬੁੱਲ੍ਹ ਸੀਅ ਲਵੇ ਤਾਂ ਅਜਿਹੇ ਸ਼ੰਕੇ ਅਤੇ ਸਵਾਲ ਉੱਭਰਨੇ ਸਧਾਰਨ ਨਹੀਂ ਹੋ ਸਕਦੇ, ਸਗੋਂ ਅਤੀ ਗੰਭੀਰ ਵੀ ਹਨ, ਸਿੱਟੇ ਵਜੋਂ ਰੋਸ ਤੇ ਗੁੱਸੇ ਦਾ ਉਪਜਣਾ ਸੁਭਾਵਿਕ ਹੈ।

ਦੇਸ਼ ਦੀ ਮੰਗ ਅਤੇ ਲੋੜ ਅਨੁਸਾਰ ਹਰ ਸਮੇਂ ਹਰ ਖੇਤਰ ਵਿੱਚ ਮੋਹਰੀ ਭੂਮਿਕਾ ਨਿਭਾਉਣ ਵਾਲੇ ਪੰਜਾਬ ਨਾਲ ਦੇਸ਼ ਦੀ ਸਰਕਾਰ ਵੱਲੋਂ ਮਤਰੇਏ ਪੁੱਤ ਵਾਲਾ ਸਲੂਕ ਕੀਤਾ ਜਾ ਰਿਹੈ, ਪਰ ਇਤਿਹਾਸ ਗਵਾਹ ਹੈ ਕਿ ਇਹ ਬਾਬੇ ਨਾਨਕ ਦੇ ਫਲਸਫੇ 'ਨਾਮ ਜਪੋ ਕਿਰਤ ਕਰੋ ਤੇ ਵੰਡ ਛਕੋ' ਦਾ ਪ੍ਰਣਾਇਆ ਪੰਜਾਬ ਹੈ, ਜਿਸ ਨੇ ਹਰ ਔਖੀ ਤੋਂ ਔਖੀ ਘੜੀ ਵਿੱਚ ਵੀ ਹਮੇਸ਼ਾ ਚੜ੍ਹਦੀ ਕਲਾ ਵਿੱਚ ਰਹਿਣਾ ਸਿੱਖਿਐ। ਦੇਸ-ਵਿਦੇਸ਼ ਵਿੱਚ ਜਿੰਨੇ ਲੋਕ ਪੰਜਾਬ ਦੀ ਬਾਂਹ ਫੜਨ ਲਈ ਉੱਠ ਖਲੋਤੇ ਹਨ, ਕਾਫੀ ਹਨ। ਇਸ ਲਈ ਪੰਜਾਬ ਆਪਣੇ ਅਤੇ ਆਪਣੇ ਚਾਹੁਣ ਵਾਲਿਆਂ ਦੇ ਬਲਬੂਤੇ ਫਿਰ ਉੱਠੇਗਾ, ਪਿੰਡੇ 'ਤੇ ਚੜ੍ਹ ਗਈ ਰੇਤ ਨੂੰ ਛੰਡ ਕੇ ਝਾੜੇਗਾ, ਜੁੱਸੇ ਨੂੰ ਜੋਹੇਗਾ, ਬਾਹਾਂ ਤੇ ਛਾਤੀ ਵਿੱਚ ਜੋਸ਼ ਭਰੇਗਾ ਅਤੇ ਜੁਟ ਜਾਵੇਗਾ ਸਮੇਂ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਫਿਰ ਸਾਬਤ ਕਰਨ ਲਈ ਕਿ ਮੈਂ ਪੰਜਾਬ ਹਾਂ, ਹਰ ਹਾਲਾਤ ਹਰ ਮੁਸੀਬਤ ਨਾਲ ਹਿੱਕ ਡਾਹ ਕੇ ਮੱਥਾ ਲਾ ਕੇ ਟੱਕਰਨਾ ਤੇ ਸਿੱਝਣਾ ਜਾਣਦਾ ਹਾਂ, ਮੈਂ ਡਿੱਗ ਡਿੱਗ ਕੇ ਉੱਠਣਾ ਜਾਣਦਾ ਹਾਂ।

## ਹੜ੍ਹ ਅਤੇ ਰੱਬ

**ਲੱਗਦਾ ਵਿੱਚ ਹੜ੍ਹਾਂ ਦੇ ਸਾਰੇ ਰੁੜ ਗਏ ਲੀਡਰ ਵੋਟਾਂ 'ਚ ਜੋ ਕਰਵਾਉਣ ਫਸਾਦ,**
**ਰੰਗ ਬਿਰੰਗੇ ਚੋਲਿਆਂ ਵਾਲੇ ਵੀ ਹੜ੍ਹ ਗਏ ਵੱਡੇ ਦੀਵਾਨ ਜੋ ਲਾਉਂਦੇ ਸਾਧ।**
**ਨਾ ਕੋਈ ਵੱਡਾ ਸਰਕਾਰੀ ਬਾਬੂ ਲੱਭਾ, ਨਾ ਕੇਂਦਰ ਦਾ ਵੱਜਿਆ ਨਾਦ,**
**ਸੱਭੇ ਹੀਲੇ ਜਦ ਮੁੱਕ ਜਾਂਦੇ ਨੇ, ਸਭ ਨੂੰ ਰੱਬ ਹੈ ਉਦੋਂ ਆਉਂਦਾ ਯਾਦ।**
**ਜਦੋਂ ਪਾਣੀ ਘਰਾਂ ਨੂੰ ਡੋਬਣ ਲੱਗਾ, ਡੁੱਬਦੇ ਭਗਤਾਂ ਧਾਰਿਆ ਪ੍ਰਭੂ ਦਾ ਧਿਆਨ,**
**ਘਰ ਘਰ ਤੋਂ ਤੁਰ ਪਿਆ ਕਾਫ਼ਲਾ, ਜਿਸਦੇ ਅੰਦਰ ਸੀ ਉਹ ਸੱਚਾ ਭਗਵਾਨ।**
**ਸੁਣਿਆ ਭਗਤਾਂ ਦੀ ਜਦ ਕੁਰਲਾਹਟ ਹੈ ਮੱਚਦੀ, ਚਾਰੇ ਪਾਸੇ ਮੱਚੇ ਦੁਹਾਈ,**
**ਪੱਗਾਂ ਤੇ ਪੀਲੇ ਪਟਕਿਆਂ ਵਾਲੇ ਖੜ'ਏ ਲੈ ਟਰੈਕਟਰ ਹੜ੍ਹ ਦੇ ਅੱਗੇ ਮੱਥਾ ਲਾਈ।**
**ਤੱਕੀ ਜਦ ਮੈਂ ਨਿਸ਼ਕਾਮ ਸੇਵਾ ਦੀ ਮੂਰਤ, ਮੈਂ ਤਾਂ ਝੱਟ ਹੀ ਰੱਬ ਨੂੰ ਲਿਆ ਪਛਾਣ,**
**ਕਿਉਂਕਿ ਗੁਰਦੁਆਰੇ ਤੋਂ ਸੋਝੀ ਮਿਲੀ ਸੀ, ਕਹਿੰਦੇ ਆਖ਼ਰ ਰੱਬ ਹੀ ਬਚਾਵੇ ਜਾਨ।**
**ਫਿਰ ਰੱਬ ਤੇ ਭਗਤ ਇੱਕ ਰੂਪ ਹੋ ਗਏ, ਦੋਹਾਂ ਖਾਧੀ ਰਲ ਗਰਾਹੀ,**
**ਹਰ ਪਾਸੇ ਭਾਈਚਾਰਾ ਦਿਸਿਆ, ਲੱਗੇ ਮਿਲ ਗਏ ਚਿਰਾਂ ਤੋਂ ਵਿਛੜੇ ਭਾਈ।**
**ਇਹ ਕੌਤਕ ਜਦ ਜਗ ਦੇਖਿਆ, ਲੀਡਰਾਂ ਅੰਦਰ ਡਰਦੀ ਅੱਗ ਧੁੱਖ ਆਈ,**
**ਚੱਕ ਕੈਮਰੇ ਮਲਕ ਭਾਗੋ ਚੱਲ ਪਏ, ਖੂਨ ਲਿੱਬੜੇ ਨੋਟਾਂ ਦੀ ਨਾਲ ਬੈਗ ਰਖਾਈ।**
**ਬੈਠ ਬੋਟ 'ਚ ਡਰਾਮੇ ਕਰਦੇ, ਵੰਡਦੇ ਨੋਟ ਬਾਅਦ 'ਚ, ਪਹਿਲਾਂ ਰੀਲ ਬਣਾਈ,**
**ਸਾਹਮਣੇ ਮਗਰਮੱਛਾਂ ਦੇ ਵੱਡੇ ਅੱਥਰੂ ਸੁੱਟਦੇ, ਅੰਦਰੋਂ ਖੁਸ਼ ਕਿ ਗੱਲ ਬਣ ਆਈ।**
**ਹੜ੍ਹ 'ਚ ਡੁੱਬਣ ਲੱਗਾ ਭਗਤ ਦੇਖਿਆ, ਤੇ ਬਚਾਉਂਦਾ ਟਰੈਕਟਰ ਵਾਲਾ ਰੱਬ ਦੇਖਿਆ,**
**ਲੋਕ ਮਾਰੂ ਸਰਕਾਰੀ ਨੀਤੀਆਂ ਵੇਖੀਆਂ, ਰਾਜਸੀ ਟੋਲਾ ਠੱਗਾਂ ਦਾ ਠੱਗ ਵੇਖਿਆ।**
**'ਸੋਹਲ' ਜੇ ਪੰਜ ਦਰਿਆ ਆਪਣੀ ਰਾਹੇ ਚੱਲਣ, ਇਨ੍ਹਾਂ ਨੂੰ ਰੋਕੇ ਨਾ ਸਰਕਾਰ,**
**ਪੰਜਾਬ ਫਿਰ ਬਣ ਜਾਊ ਚਿੜੀ ਸੋਨੇ ਦੀ ਤੇ ਪੰਜਾਬੀ ਨੂੰ ਨਾ ਕੋਈ ਸਕੇਗਾ ਮਾਰ।**

***-ਬਲਵਿੰਦਰ ਸਿੰਘ ਸੋਹਲ (ਸ਼ਿਕਾਗੋ), ਫੋਨ: 224-508-3579***

## ਗੁਰਪੁਰਬ ਮੌਕੇ ਸਿੱਖ ਜਥਿਆਂ ਨੂੰ ਪਾਕਿਸਤਾਨ ਜਾਣੋਂ ਰੋਕਣ ਦਾ ਫ਼ੈਸਲਾ

*...ਸਫਾ 8 ਦੀ ਬਾਕੀ ⇒*

ਦੇ ਕੇ 'ਦੋਹਰੇ ਮਾਪਦੰਡ' ਅਪਣਾ ਰਹੀ ਹੈ। ਉਨ੍ਹਾਂ ਕਿਹਾ, "ਜੇਕਰ ਤੁਸੀਂ ਏਸ਼ੀਆ ਕੱਪ ਦੌਰਾਨ ਭਾਰਤ ਅਤੇ ਪਾਕਿਸਤਾਨ ਵਿਚਕਾਰ ਕ੍ਰਿਕਟ ਮੈਚ ਦੀ ਇਜਾਜ਼ਤ ਦੇ ਸਕਦੇ ਹੋ, ਤਾਂ ਪੰਜਾਬੀਆਂ ਦੀ ਪਾਕਿਸਤਾਨ ਵਿੱਚ ਸਥਿਤ ਧਾਰਮਿਕ ਸਥਾਨਾਂ ਪ੍ਰਤੀ ਸ਼ਰਧਾ ਨੂੰ ਕਿਉਂ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ? ਜਾਂ ਤਾਂ ਪਾਕਿਸਤਾਨ ਨਾਲ ਹਰ ਤਰ੍ਹਾਂ ਦੇ ਸਬੰਧਾਂ ਦੀ ਇਜਾਜ਼ਤ ਦਿਓ ਜਾਂ ਕਿਸੇ ਵੀ ਤਰ੍ਹਾਂ ਦੀ ਇਜਾਜ਼ਤ ਨਾ ਦਿਓ। ਤੁਸੀਂ ਪਾਕਿਸਤਾਨ ਨਾਲ ਕ੍ਰਿਕਟ ਸਬੰਧ ਰੱਖ ਸਕਦੇ ਹੋ, ਕਿਉਂਕਿ ਆਈ.ਸੀ.ਸੀ. ਦੀ ਅਗਵਾਈ 'ਵੱਡੇ ਸਾਹਿਬ ਦੇ ਲਾਡਲੇ' ਕਰਦੇ ਹਨ, ਅਤੇ ਨਾਲ ਹੀ ਸਿੱਖਾਂ ਨੂੰ ਕਹਿ ਰਹੇ ਹੋ ਕਿ ਆਪਰੇਸ਼ਨ ਸਿੰਦੂਰ ਤੋਂ ਬਾਅਦ ਵਿਗੜਦੇ ਦੁਵੱਲੇ ਸਬੰਧਾਂ ਕਾਰਨ ਉਹ ਪਾਕਿਸਤਾਨ ਨਹੀਂ ਜਾ ਸਕਦੇ।"

ਭਗਵੰਤ ਮਾਨ ਨੇ ਇਹ ਵੀ ਸਵਾਲ ਉਠਾਇਆ ਕਿ ਵਾਘਾ ਦੇ ਰਾਹੀਂ ਵਪਾਰ ਕਿਉਂ ਬੰਦ ਹੈ ਅਤੇ ਸਿੱਖ ਤੀਰਥ ਯਾਤਰੀ ਪਾਕਿਸਤਾਨ ਕਿਉਂ ਨਹੀਂ ਜਾ ਸਕਦੇ? ਜਦਕਿ ਗੁਜਰਾਤ ਅਤੇ ਮੁੰਬਈ ਤੋਂ ਕਰਾਚੀ ਤੱਕ ਵਪਾਰ ਦੀ ਇਜਾਜ਼ਤ ਹੈ। ਉਨ੍ਹਾਂ ਨੇ ਅੱਗੇ ਕਿਹਾ, "ਕੀ ਇਹ ਭਾਜਪਾ ਦੀ ਪੰਜਾਬ-ਵਿਰੋਧੀ ਅਤੇ ਪੰਜਾਬੀ-ਵਿਰੋਧੀ ਮਾਨਸਿਕਤਾ ਨੂੰ ਨਹੀਂ ਦਰਸਾਉਂਦਾ? ਸ਼ਾਇਦ ਉਹ ਪੰਜਾਬੀਆਂ ਨਾਲ ਇਸ ਲਈ ਨਫ਼ਰਤ ਕਰਦੇ ਹਨ, ਕਿਉਂਕਿ ਪੰਜਾਬੀ ਕਿਸਾਨਾਂ ਨੇ ਉਨ੍ਹਾਂ ਨੂੰ ਤਿੰਨ ਖੇਤੀ ਕਾਨੂੰਨ ਵਾਪਸ ਲੈਣ ਲਈ ਮਜਬੂਰ ਕੀਤਾ।"

ਇਸੇ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਇਸ ਫੈਸਲੇ 'ਤੇ ਮੁੜ ਵਿਚਾਰ ਕਰਨ ਦੀ ਅਪੀਲ ਕੀਤੀ ਅਤੇ ਕਿਹਾ ਕਿ ਸਿੱਖ ਤੀਰਥ ਯਾਤਰੀ ਪਾਕਿਸਤਾਨ ਵਿੱਚ ਸਥਿਤ ਧਾਰਮਿਕ ਸਥਾਨਾਂ 'ਤੇ ਮੱਥਾ ਟੇਕਣ ਲਈ ਉਤਸੁਕ ਹਨ। ਕਾਂਗਰਸ ਵਿਧਾਇਕ ਪਰਗਟ ਸਿੰਘ ਨੇ ਕਿਹਾ ਕਿ ਇੱਕ ਪਾਸੇ ਪਾਕਿਸਤਾਨ ਨਾਲ ਕ੍ਰਿਕਟ ਦੀ ਇਜਾਜ਼ਤ ਅਤੇ ਦੂਜੇ ਪਾਸੇ ਤੀਰਥ ਯਾਤਰੀਆਂ ਦੇ ਜਥਿਆਂ ਨੂੰ ਇਜਾਜ਼ਤ ਨਾ ਦੇਣਾ, ਇਹ ਦੋਹਰੇ ਮਾਪਦੰਡ ਦੀ ਨਿਸ਼ਾਨੀ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਇਸ ਫੈਸਲੇ ਦੀ ਨਿੰਦਾ ਕੀਤੀ। ਐਸ.ਜੀ.ਪੀ.ਸੀ. ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਿੱਖ ਤੀਰਥ ਯਾਤਰੀ ਦਹਾਕਿਆਂ ਤੋਂ ਬਿਨਾਂ ਕਿਸੇ ਰੁਕਾਵਟ ਦੇ ਪਾਕਿਸਤਾਨ ਵਿੱਚ ਸਥਿਤ ਧਾਰਮਿਕ ਸਥਾਨਾਂ ਦਾ ਦੌਰਾ ਕਰਦੇ ਰਹੇ ਹਨ ਅਤੇ ਇਹ ਪਹਿਲੀ ਵਾਰ ਹੈ, ਜਦੋਂ ਅਜਿਹੀ ਪਾਬੰਦੀ ਲਗਾਈ ਗਈ ਹੈ। ਇਸ ਸਾਲ ਦੇ ਸ਼ੁਰੂ ਵਿੱਚ ਐਸ.ਜੀ.ਪੀ.ਸੀ. ਨੇ ਨਵੰਬਰ ਦੀ ਤੀਰਥ ਯਾਤਰਾ ਲਈ ਪਾਸਪੋਰਟ ਇਕੱਠੇ ਕੀਤੇ ਸਨ ਅਤੇ ਵੀਜ਼ਾ ਲਈ ਅਰਜ਼ੀ ਦਿੱਤੀ ਸੀ।

ਤਨੀਸ਼ਾ ਚੌਹਾਨ ਦੀ ਕਲਮ ਤੋਂ

## ਲਹਿੰਦੇ ਅਤੇ ਚੜ੍ਹਦੇ ਪੰਜਾਬ ਦੀ ਰਾਵੀ

# ਵੇ ਲੋਕੋ ਮੈਂ ਰਾਵੀ ਦਰਿਆ...

ਜੇ ਇੱਥੋਂ ਕਦੇ ਰਾਵੀ ਲੰਘ ਜਾਵੇ
ਹਯਾਤੀ ਪੰਜ-ਆਬੀ ਬਣ ਜਾਵੇ
ਮੈਂ ਬੇੜੀਆਂ ਹਜ਼ਾਰ ਤੋੜ ਲਾਂ
ਮੈਂ ਪਾਣੀ ਵਿੱਚੋਂ ਸਾਹ ਨਿਚੋੜ ਲਾਂ
ਜੇ ਰਾਵੀ ਵਿੱਚ ਪਾਣੀ ਕੋਈ ਨਈਂ
ਤਾਂ ਆਪਣੀ ਕਹਾਣੀ ਕੋਈ ਨਈਂ
ਜੇ ਸੰਗ ਬੇਲੀ ਯਾਰ ਕੋਈ ਨਾ
ਤੇ ਕਿਸੇ ਨੂੰ ਸੁਣਾਣੀ ਕੋਈ ਨਈਂ।

ਪਾਕਿਸਤਾਨੀ ਗਾਇਕ ਸੱਜਾਦ ਅਲੀ ਦਾ ਇਹ ਗਾਣਾ ਸ਼ਾਇਦ ਹੀ ਕਿਸੇ ਨੇ ਨਾ ਸੁਣਿਆ ਹੋਵੇ। ਸਿਰਫ਼ ਪਾਕਿਸਤਾਨ ਵਿੱਚ ਹੀ ਨਹੀਂ, ਬਲਕਿ ਭਾਰਤ ਵਿੱਚ ਵੀ ਇਹ ਗਾਣਾ ਬੇਹੱਦ ਮਕਬੂਲ ਹੋਇਆ। ਸੋਸ਼ਲ ਮੀਡੀਆ 'ਤੇ ਇਸ ਗਾਣੇ ਦੀਆਂ ਹਜ਼ਾਰਾਂ ਰੀਲਜ਼ ਹੋਣਗੀਆਂ, ਜਿਸ ਨੂੰ ਸਰਹੱਦ ਦੇ ਦੋਹੇਂ ਪਾਸੇ ਦੇ ਪੰਜਾਬ ਦੇ ਲੋਕਾਂ ਵੱਲੋਂ ਬਣਾਇਆ ਗਿਆ ਹੈ।

ਪਰ ਦਹਾਕਿਆਂ ਬਾਅਦ ਇਹ ਗਾਣਾ ਫਿਰ ਤੋਂ ਚਰਚਾ ਵਿੱਚ ਆ ਰਿਹਾ ਹੈ, ਜਦੋਂ ਲਹਿੰਦੇ ਅਤੇ ਚੜ੍ਹਦੇ ਪੰਜਾਬ ਵਿੱਚ ਹੜ੍ਹਾਂ ਨੇ ਤਬਾਹੀ ਮਚਾਈ ਹੈ।

ਇਹ ਹੜ੍ਹ ਲੋਕਾਂ ਨੂੰ ਕਾਫੀ ਨਿਰਾਸ਼ ਤਾਂ ਕਰਕੇ ਗਏ ਹੀ ਹਨ, ਪਰ ਨਾਲ ਹੀ ਇਨ੍ਹਾਂ ਦੀ ਚਰਚਾ ਸੋਸ਼ਲ ਮੀਡੀਆ ਉੱਤੇ ਵੀ ਹੋਈ ਹੈ। ਕਿਸੇ ਨੇ ਤਨਜ਼ ਨਾਲ, ਕਿਸੇ ਨੇ ਕਾਮੇਡੀ ਨਾਲ ਤਾਂ ਕਿਸੇ ਨੇ ਪਿਆਰ ਨਾਲ ਵੀ ਇਸ ਉੱਤੇ ਚਰਚਾ ਕੀਤੀ। ਹੁਣ ਜ਼ਰਾ ਇਹ ਪੜ੍ਹੋ...

ਇਹ ਰਾਵੀ ਵਿੱਚ ਪਾਣੀ ਬਹੁਤ ਹੈ
ਤੇ ਇਹਦੇ ਕੋਲ ਜਾਣਾ ਮੌਤ ਹੈ
ਜੇ ਯਾਰਾਂ ਪਿੱਛੇ ਲੱਗ ਜਾਓਗੇ
ਤੇ ਰਾਵੀ ਵਿੱਚ ਵੱਗ ਜਾਓਗੇ
ਮੈਂ ਬੈਠਾ ਇਹ ਹੀ ਸੋਚਦਾ ਵਾਂ
ਕਿ ਗੱਡੀ ਸੱਜੇ ਹੱਥ ਮੋੜ ਲਵਾਂ...।

ਅਲੀ ਹਸਨ ਸੋਨੂੰ ਨਾਮ ਦੇ ਸੋਸ਼ਲ ਮੀਡੀਆ ਯੂਜ਼ਰ ਦਾ ਇਹ ਗਾਣਾ ਕਾਫੀ ਵਾਇਰਲ ਹੋਇਆ ਹੈ। ਦਰਅਸਲ ਅਜਿਹੇ ਕਈ ਗਾਣੇ ਪਾਕਿਸਤਾਨ ਦੇ ਸੋਸ਼ਲ ਮੀਡੀਆ ਇਨਫ਼ਲੂਐਂਸਰਜ਼ ਵੱਲੋਂ ਬਣਾਏ ਗਏ ਹਨ, ਜਿਸ ਵਿੱਚ ਰਾਵੀ ਦੇ ਪਾਣੀ ਦੇ ਸੈਲਾਬ ਵਿੱਚ ਬਦਲ ਜਾਣ ਉੱਤੇ ਤਨਜ਼ ਕੱਸੇ ਗਏ ਹਨ।

ਰਾਵੀ ਵਿੱਚ ਪਾਣੀ ਇੰਨਾ ਚੜ੍ਹਿਆ ਕਿ ਇਸ ਕੋਲ ਜਾਣਾ ਖ਼ਤਰੇ ਤੋਂ ਘੱਟ ਨਹੀਂ ਹੈ, ਪਰ ਫਿਰ ਵੀ ਕੁਝ ਲੋਕ ਪਾਣੀ ਨਾਲ ਭਰੇ ਰਾਵੀ ਦਰਿਆ ਦੀ ਇੱਕ ਝਲਕ ਵੇਖਣ ਨੂੰ ਜਾਂਦੇ ਰਹੇ/ਜਾ ਰਹੇ ਹਨ।

ਪਰ ਇਸ ਤਬਾਹੀ ਵਿਚਕਾਰ ਹੀ ਇਸ ਨੂੰ ਪਿਆਰ ਅਤੇ ਮਿਲਾਪ ਨਾਲ ਵੀ ਜੋੜਿਆ ਜਾ ਰਿਹਾ ਹੈ। ਤਹਿਸੀਨ ਮਾਇਨਾ ਨਾਮ ਦੀ ਯੂਜ਼ਰ ਵੱਲੋਂ ਰਾਵੀ ਰਾਹੀਂ ਅਧੂਰੇ ਪ੍ਰੇਮ ਦੀ ਕਹਾਣੀ ਨੂੰ ਪੂਰਾ ਕਰਨ ਦੀ ਗੱਲ ਆਖੀ ਗਈ...

ਇਹ ਰਾਵੀ ਪਾਣੀ-ਪਾਣੀ ਹੋ ਗਈ
ਤੇ ਪੂਰੀ ਇਹ ਕਹਾਣੀ ਹੋ ਗਈ
ਤੂੰ ਆ ਕੇ ਗਲੇ ਲਾ ਸੋਹਣਿਆ
ਜੁਦਾਈ ਵੀ ਪੁਰਾਣੀ ਹੋ ਗਈ
ਅੱਖਾਂ 'ਚ ਦਰਿਆ ਘੋਲ ਕੇ
ਮੈਂ ਬੈਠੀ ਤੇਰੀ ਰਾਹ ਖੋਲ੍ਹ ਕੇ...।

ਗੀਤਾਂ-ਬੋਲੀਆਂ ਦਾ ਹਿੱਸਾ ਬਣੇ ਇਸੇ ਰਾਵੀ ਦੀ ਹੀ ਅੱਜ ਅਸੀਂ ਗੱਲ ਕਰਨ ਜਾ ਰਹੇ ਹਾਂ। ਪੰਜਾਬ ਦੇ 5 ਦਰਿਆਵਾਂ ਵਿੱਚੋਂ ਇੱਕ ਰਾਵੀ ਦਰਿਆ ਜੋ ਕਾਫੀ ਥਾਵਾਂ 'ਤੇ ਸੁੱਕ ਗਿਆ ਸੀ, ਹਾਲ ਹੀ ਵਿੱਚ ਆਏ ਭਾਰੀ ਮੀਂਹ ਕਾਰਨ ਇਸ ਦਾ ਪਾਣੀ ਚੜ੍ਹ ਆਇਆ। ਜਿੱਥੇ ਇੱਕ ਪਾਸੇ ਲੋਕ ਤਬਾਹੀ ਤੋਂ ਪ੍ਰੇਸ਼ਾਨ ਹਨ, ਉੱਥੇ ਦੂਜੇ ਪਾਸੇ ਲੋਕਾਂ ਨੂੰ ਵਗਦੀ ਰਾਵੀ ਦੇਖਣ ਦੀ ਪਈ ਰਹੀ/ਹੈ।

ਪੰਜਾਬ ਯਾਨੀ ਪੰਜ-ਆਬ। ਆਬ ਯਾਨੀ ਪਾਣੀ। ਪੰਜ ਦਰਿਆਵਾਂ ਦੀ ਧਰਤੀ ਨੂੰ ਪੰਜਾਬ ਕਿਹਾ ਜਾਂਦਾ ਸੀ। ਜੇਹਲਮ, ਚਿਨਾਬ, ਰਾਵੀ, ਬਿਆਸ ਅਤੇ ਸਤਲੁਜ ਅਣਵੰਡੇ ਪੰਜਾਬ ਦੇ ਪੰਜ ਦਰਿਆ ਸਨ। ਵੰਡ ਤੋਂ ਬਾਅਦ 5 ਵਿੱਚੋਂ 2 ਦਰਿਆ ਜੇਹਲਮ ਤੇ ਚਿਨਾਬ ਪਾਕਿਸਤਾਨ ਦੇ ਹਿੱਸੇ ਆਏ ਅਤੇ ਤਿੰਨ ਦਰਿਆ ਰਾਵੀ, ਬਿਆਸ ਤੇ ਸਤਲੁਜ ਭਾਰਤ ਵਿਚਲੇ ਪੰਜਾਬ ਦਾ ਹਿੱਸਾ ਬਣੇ। ਪੰਜਾਬ ਦੇ ਇਹ ਦਰਿਆ ਪੰਜਾਬ ਦੀ ਸੱਭਿਆਚਾਰਕ ਅਤੇ ਆਰਥਿਕ ਪਛਾਣ ਦਾ ਅਹਿਮ ਹਿੱਸਾ ਹਨ।

ਰਾਵੀ ਦਰਿਆ ਦਾ ਮੁੱਢ ਬੱਝਦਾ ਹੈ ਹਿਮਾਚਲ ਪ੍ਰਦੇਸ਼ ਤੋਂ। ਹਿਮਾਚਲ ਤੋਂ ਜੰਮੂ, ਫਿਰ ਪੰਜਾਬ ਦੇ ਸਰਹੱਦੀ ਇਲਾਕਿਆਂ ਤੋਂ ਹੁੰਦੀ ਹੋਈ ਰਾਵੀ ਪਾਕਿਸਤਾਨ ਪੰਜਾਬ ਦੇ ਚਿਨਾਬ ਦਰਿਆ ਵਿੱਚ ਮਿਲ ਜਾਂਦੀ ਹੈ। ਰਾਵੀ ਨਾਲ ਸਰਹੱਦ ਦੇ ਦੋਵੇਂ ਪਾਸਿਆਂ ਦੇ ਪੰਜਾਬ ਦੇ ਕਿਸਾਨ ਸਿੰਜਾਈ ਕਰਦੇ ਹਨ।

ਰਾਧਾਕੰਤ ਭਾਰਤੀ ਵੱਲੋਂ ਲਿਖੀ ਗਈ ਕਿਤਾਬ 'ਰਿਵਰਜ਼ ਆਫ਼ ਇੰਡੀਆ' ਦੇ ਮੁਤਾਬਕ ਰਾਵੀ ਦੀ ਸ਼ੁਰੂਆਤ ਹੁੰਦੀ ਹੈ ਕੁੱਲੂ ਤੋਂ ਅਤੇ ਫਿਰ ਤ੍ਰਿਕੋਣ ਬਣਾਉਂਦਿਆਂ ਹੋਇਆ ਪੀਰ ਪੰਜਾਲ, ਧੌਲਾਧਰ ਰੇਜੇਂਜ਼ ਤੋਂ ਹੁੰਦੀ ਹੋਈ ਮਾਧੋਪੁਰ ਰਾਹੀਂ ਪੰਜਾਬ ਵਿੱਚ ਦਾਖ਼ਲ ਹੁੰਦੀ ਹੈ। ਆਪਣੇ ਮੁੱਢ ਤੋਂ 376 ਕਿਲੋਮੀਟਰ ਦਾ ਸਫ਼ਰ ਤੈਅ ਕਰਦਿਆਂ ਅਤੇ ਅੰਮ੍ਰਿਤਸਰ ਤੋਂ 26 ਕਿਲੋਮੀਟਰ ਦੂਰ ਇਹ ਲਾਹੌਰ ਨੇੜੇ ਪਾਕਿਸਤਾਨ ਵਿੱਚ ਦਾਖ਼ਲ ਹੁੰਦੀ ਹੈ।

ਰਾਵੀ ਜੋ ਪੰਜਾਬ ਦੇ ਪੰਜ ਆਬਾਂ 'ਚੋਂ ਇੱਕ ਆਬ ਹੈ, ਲੋਕਾਂ ਦੀ ਜ਼ਿੰਦਗੀ ਨੂੰ ਚਿਰਾਂ ਤੋਂ ਬਦਲ ਰਹੀ ਹੈ। ਕਈ ਸੱਭਿਆਤਾਵਾਂ ਇਸ ਦੇ ਕੰਢੇ ਆ ਕੇ ਵਸੀਆਂ ਹਨ। ਪਾਕਿਸਤਾਨ ਵਿੱਚ 'ਰਾਵੀ ਬਚਾਓ' ਨਾਮ ਦੀ ਇੱਕ ਮੁਹਿੰਮ ਚਲਾਈ ਜਾ ਰਹੀ ਹੈ। ਮੁਹਿੰਮ ਵਿੱਚ ਹਿੱਸਾ ਲੈਣ ਵਾਲਿਆਂ ਦਾ ਕਹਿਣਾ ਹੈ ਕਿ ਇੱਕ ਪਾਸੇ ਬੰਨਾਂ ਦੇ ਕਾਰਨ ਰਾਵੀ ਕਈ ਥਾਵਾਂ ਤੋਂ ਸੁੱਕ ਗਈ ਹੈ ਅਤੇ ਦੂਜੇ ਪਾਸੇ ਵਿਕਾਸ ਦੇ ਨਾਮ ਉੱਤੇ ਕੀਤੀ ਜਾ ਰਹੀ ਉਸਾਰੀ ਰਾਵੀ ਦਾ ਸਾਹ ਘੁੱਟ ਰਹੀ ਹੈ।

ਰਾਵੀ ਬਚਾਓ ਕਮੇਟੀ ਦੇ ਮੈਂਬਰ ਅਬਾਜ਼ੂਰ ਮਾਧੋ ਅਨੁਸਾਰ "ਲੋਕ ਭਾਵੇਂ ਚੜ੍ਹਦੇ ਪੰਜਾਬ ਦੇ ਹੋਣ ਜਾਂ ਲਹਿੰਦੇ ਪੰਜਾਬ ਦੇ, ਰਾਵੀ ਨੂੰ ਵੱਸਦਿਆਂ ਹਰ ਕੋਈ ਦੇਖਣਾ ਚਾਹੁੰਦਾ ਹੈ। ਸਾਡਾ ਜੀਵਨ ਹੀ ਰਾਵੀ ਨਾਲ ਜੁੜਿਆ ਹੋਇਆ ਹੈ। ਅਸੀਂ ਰਾਵੀ ਨੂੰ ਮਹਿਜ਼ ਦਰਿਆ ਨਹੀਂ, ਇੱਕ ਜਿਉਂਦੀ ਜਾਗਦੀ ਹਸਤੀ ਮੰਨਦੇ ਹਾਂ। ਬਾਬਾ ਨਾਨਕ ਨੇ ਰਾਵੀ ਕੰਢੇ ਆਪਣ ਜੀਵਨ ਬਸਰ ਕੀਤਾ। ਪੀਰਾ-ਫਕੀਰਾਂ ਦਾ ਰਿਸ਼ਤਾ ਹੈ ਇਸ ਰਾਵੀ ਨਾਲ।" ... "ਕਾਨੂੰਨਗਿਰੀ ਅਤੇ ਪੰਜਾਬ ਦੀ ਵੰਡ ਨੇ ਦਰਿਆਵਾਂ ਨੂੰ ਵੰਡਿਆ, ਉਨ੍ਹਾਂ ਨਾਲ ਜ਼ੁਲਮ ਕੀਤਾ; ਪਰ ਕੁਦਰਤ ਉੱਤੇ ਪਹਿਰੇ ਨਹੀਂ ਲਗਾਏ ਜਾ ਸਕਦੇ। ਦਰਿਆ ਵੱਗਦੇ ਹੀ ਚੰਗੇ ਲੱਗਦੇ ਹਨ। ਉਨ੍ਹਾਂ ਨੂੰ ਰੋਕ ਕੇ ਅਸੀਂ ਪੂਰੀ ਵੱਸੋਂ ਨੂੰ ਬਰਬਾਦ ਕਰਦੇ ਹਾਂ।"

ਉਨ੍ਹਾਂ ਦੱਸਿਆ ਕਿ ਲਾਹੌਰ ਨੇੜੇ ਰਾਵੀ ਦਰਿਆ ਲਈ ਇੱਕ ਮੇਲਾ ਹਰ ਸਾਲ ਲੱਗਦਾ ਹੈ। ਰਾਵੀ ਲਈ ਦੁਆਵਾਂ ਕੀਤੀਆਂ ਜਾਂਦੀਆਂ ਹਨ ਅਤੇ ਦੀਵੇ ਬਾਲੇ ਜਾਂਦੇ ਹਨ। ਦਰਿਆ ਦੇ ਆਜ਼ਾਦ ਹੋਣ ਦੀ ਆਸ ਕੀਤੀ ਜਾਂਦੀ ਹੈ।

ਦੂਜੇ ਪਾਸੇ, ਵਾਟਰ ਵਾਰੀਅਰ ਪੰਜਾਬ ਦੇ ਫਾਊਂਡਰ ਡਾ. ਮਨਜੀਤ ਸਿੰਘ ਵੀ ਰਾਵੀ ਨੂੰ ਲੈ ਕੇ ਭਾਵੁਕ ਨਜ਼ਰ ਆਉਂਦੇ ਹਨ। ਉਹ ਕਹਿੰਦੇ ਹਨ, "ਹੜ੍ਹਾਂ ਕਾਰਨ ਹੋਈ ਤਬਾਹੀ ਨੂੰ ਦੇਖ ਕੇ ਮਨ ਤਾਂ ਪ੍ਰੇਸ਼ਾਨ ਹੁੰਦਾ ਹੈ, ਪਰ ਵਾਤਾਵਰਨ ਪ੍ਰੇਮੀ ਦੇ ਤੌਰ 'ਤੇ ਉਹ ਰਾਵੀ ਨੂੰ ਮੁੜ ਵਗਦਾ ਦੇਖਣਾ ਚਾਹੁੰਦੇ ਹਨ।" ਉਹ ਕਹਿੰਦੇ ਹਨ, "ਰਾਵੀ ਦੇ ਰਾਹ ਵਿੱਚ ਅਸੀਂ ਆਏ ਹਾਂ ਅਤੇ ਕੁਦਰਤ ਦੀ ਰਾਹ ਵਿੱਚ ਨਹੀਂ ਆਇਆ ਜਾਂਦਾ। ... ਡਿਜ਼ਾਸਟਰ (ਤਬਾਹੀ) ਅਤੇ ਡੈਮ ਇੱਕ ਦੂਜੇ ਦੇ ਪੂਰਕ ਹਨ। ਸਰਕਾਰਾਂ ਦੀ ਸਿਆਸਤ ਦਰਮਿਆਨ ਕੁਦਰਤ ਫ਼ਸ ਗਈ ਹੈ। ... ਸਾਰੇ ਦਰਿਆ ਮੁੜ ਸੁਰਜੀਤ ਹੋਣੇ ਚਾਹੀਦੇ ਹਨ।"

ਪੀ.ਏ.ਯੂ. ਦੇ ਰਿਟਾਇਰਡ ਪ੍ਰੋਫੈਸਰ ਡਾ. ਗੁਰਦੇਵ ਸਿੰਘ ਹੀਰਾ, ਜੋ ਪਾਣੀ ਦੇ ਮੁੱਦਿਆਂ ਉੱਤੇ ਸੰਘਰਸ਼ ਵੀ ਕਰ ਰਹੇ ਹਨ, ਨੇ ਮੀਡੀਆ ਪਲੈਟਫਾਰਮ ਬੀ.ਬੀ.ਸੀ. ਪੰਜਾਬੀ ਨਾਲ ਗੱਲ ਕਰਦਿਆਂ ਦੱਸਿਆ ਕਿ "ਇਸ ਵਾਰ ਜਿੰਨਾ ਪਾਣੀ ਰਾਵੀ ਦਰਿਆ ਵਿੱਚ ਚੜ੍ਹਿਆ ਹੈ, ਉਨ੍ਹਾਂ ਪਿਛਲੇ ਕਰੀਬ 100 ਸਾਲਾਂ ਵਿੱਚ ਵੀ ਨਹੀਂ ਆਇਆ ਹੋਵੇਗਾ। ਸਾਲ 1988 ਦੌਰਾਨ ਆਏ ਹੜ੍ਹਾਂ ਵਿੱਚ ਵੀ ਅਜਿਹੇ ਹਾਲਾਤ ਨਹੀਂ ਸੀ, ਪਰ ਇਸ ਵਾਰ ਤਾਂ ਰਾਵੀ ਜਲਥਲ ਹੋਈ ਹੈ।" ... "ਰਾਵੀ ਮੀਂਹ ਦੇ ਪਾਣੀ ਉੱਤੇ ਨਿਰਭਰ ਹੈ। ਮੀਂਹ ਦੇ ਪਾਣੀ ਦੀ ਕਮੀ ਹੋਵੇ ਤਾਂ ਰਾਵੀ ਕਈ ਥਾਵਾਂ ਉੱਤੇ ਕਰੀਬ ਸੁੱਕ ਜਾਂਦੀ ਹੈ, ਪਰ ਚੰਗੇ ਮੀਂਹ ਦੀ ਆਮਦ ਨਾਲ ਰਾਵੀ ਦੀ ਰੌਣਕ ਮੁੜ ਆਉਂਦੀ ਹੈ। ਪਰ ਇਸ ਵਾਰ ਤਾਂ ਭਾਰੀ ਮੀਂਹ ਅਤੇ ਹੜ੍ਹਾਂ ਕਾਰਨ ਰਾਵੀ ਦਾ ਪਾਣੀ ਚੜ੍ਹ ਆਇਆ ਹੈ। ਰਾਵੀ ਦੀ ਰੌਣਕ ਕਿੰਨੀ ਦੇਰ ਰਹੇਗੀ, ਇਹ ਹਾਲੇ ਕਹਿਣਾ ਔਖਾ ਹੈ।"



ਪਾਕਿਸਤਾਨ ਵਿੱਚ ਵਗਦਾ ਰਾਵੀ ਦਰਿਆ, ਜਿਸ ਦੇ ਨੇੜੇ ਭਰਪੂਰ ਵਸੋਂ ਵੱਸਦੀ ਹੈ

### ਰਾਵੀ ਦੇ ਇਤਿਹਾਸਕ ਪੰਨੇ

**ਸਾਲ 2020 ਵਿੱਚ 'ਲਾਹੌਰ ਡਾਇਰੀ' ਵਿੱਚ ਕਵੀ ਅਤੇ ਲੇਖਕ ਸੂਫੀ ਮੁਸ਼ਤਾਕ ਨੇ ਦੱਸਿਆ ਸੀ, "ਰਾਵੀ ਦਾ ਪੁਰਾਣਾ ਨਾਮ ਹੀਰਾਵਤੀ ਹੈ। ਪੰਜਾਬ ਦੀ ਛੋਟੀ ਨਦੀ ਹੈ। ਇਸ ਦੇ ਕਿਨਾਰੇ ਪੰਜਾਬ ਦੇ ਕਦੀਮ ਸ਼ਹਿਰ ਆਬਾਦ ਹੋਏ। ਹੜਪਾ, ਤੁਲੰਬਾ, ਮੁਲਤਾਨ ਤੇ ਲਾਹੌਰ।" ... "ਰਾਵੀ ਸੋਨਾ ਤੇ ਚਨਾਬ ਚਾਂਦੀ। ਯਾਨੀ ਇਸ ਦਾ ਪਾਣੀ ਸੋਨੇ ਵਰਗਾ ਜ਼ਰਖੇਜ਼ ਹੈ। ਬਾਬਾ ਨਾਨਕ ਨੇ ਰਾਵੀ ਨੇੜੇ ਹੀ ਆਪਣਾ ਆਖ਼ਰੀ ਵੇਲਾ ਗੁਜ਼ਾਰਿਆ।" ... "ਮੁਗਲਾਂ ਨੇ ਜਦੋਂ ਲਾਹੌਰ ਵਿੱਚ ਆਪਣੀ ਰਾਜਧਾਨੀ ਬਣਾਈ, ਫਿਰ ਰਾਵੀ ਦੇ ਨਾਲ ਨਾਲ ਉਨ੍ਹਾਂ ਨੇ ਆਪਣੇ ਰੰਗ-ਮਹਿਲ, ਬਾਗ ਅਤੇ ਮਕਬਰੇ ਵੀ ਬਣਵਾਏ।"**

**ਪਰ ਹੁਣ ਰਾਵੀ ਦੇ ਜੋ ਹਾਲਾਤ ਹਨ, ਉਸ ਨੂੰ ਸ਼ਾਇਰ ਅਤੇ ਲੇਖਕ ਆਪੋ-ਆਪਣੇ ਤਰੀਕੇ ਨਾਲ ਬਿਆਨ ਕਰਦੇ ਹਨ। ਪਾਕਿਸਤਾਨੀ ਸ਼ਾਇਰ ਅਫ਼ਜ਼ਲ ਸਾਹਿਰ ਰਾਵੀ ਬਾਰੇ ਇਉਂ ਬਿਆਨਦੇ ਹਨ:**

**ਇੱਕ ਵੇਲਾ ਸੀ ਮੇਰਾ ਖੁੱਲ੍ਹ ਖਲਾਰਾ ਸੀ ਮੀਲਾਂ ਤਾਈਂ
ਇੱਕ ਇਹ ਵੇਲਾ ਸੁੰਗੜ ਕੇ ਮੈਂ ਕੁੰਝ ਲਈਆਂ ਨੇ ਬਾਈਂ
ਮੈਂ ਇੱਕ ਵਾਰੀ ਵੇਚ-ਵਟਕ ਤੇ ਵੰਡ ਦਾ ਜ਼ਹਿਰ ਵੀ ਫੱਕਿਆ
ਮੈਂ ਇੱਕ ਵਾਰੀ ਆਪਣੇ ਪਾਣੀ ਦਾ ਲਹੂ ਬਣਿਆ ਵੀ ਤੱਕਿਆ
ਮੈਂ ਹਾਂ ਜੀਵਨ ਦੇਵਨ ਹਾਰਾ ਸਪਤ ਸਿੰਧ ਕਾ ਹਾਣੀ
ਮੈਨੂੰ ਤਿੱਬਤ ਕਾਂਗੜਿਆਂ ਦੀ ਜੂਹ 'ਚੋਂ ਮਿਲਿਆ ਪਾਣੀ
ਮੇਰੇ ਮਨ 'ਤੇ ਬੈਠ ਫਕੀਰਾਂ ਲਿਖੀ ਪ੍ਰੇਮ ਕਹਾਣੀ
ਮੈਂ ਸਮਿਆਂ ਨੂੰ ਸਾਰਾਂ ਵੰਡੀਆਂ ਕੀਤੇ ਚਿੱਤ ਅਗਾਹ
ਵੇ ਲੋਕੋ ਮੈਂ ਰਾਵੀ ਦਰਿਆ...।**

# ਸੰਯੁਕਤ ਰਾਸ਼ਟਰ ਅਸੈਂਬਲੀ ਦੀ ਬਹਿਸ ਸ਼ੁਰੂ

ਯੂਰਪੀਅਨ ਮੁਲਕਾਂ ਨੇ ਗੈਰ-ਕਾਨੂੰਨੀ ਪਰਵਾਸੀਆਂ ਲਈ ਆਪਣੇ ਦਰਵਾਜ਼ੇ ਬੰਦ ਨਾ ਕੀਤੇ ਅਤੇ ਗਰੀਨ ਆਰਥਿਕ ਨੀਤੀਆਂ ਤੇ ਨਵਿਆਉਣਯੋਗ ਊਰਜਾ ਦਾ ਖਹਿੜਾ ਨਾ ਛੱਡਿਆ ਤਾਂ ਇਹ ਮੁਲਕ ਤਬਾਹ ਹੋ ਜਾਣਗੇ।

ਡੋਨਾਲਡ ਟਰੰਪ ਨੇ ਕਿਹਾ ਕਿ ਮੈਂ ਯੂਰਪ ਅਤੇ ਇਨ੍ਹਾਂ ਦੀਆਂ ਕਦਰਾਂ-ਕੀਮਤਾਂ ਨੂੰ ਪਿਆਰ ਕਰਦਾ ਹਾਂ, ਪਰ ਇਨ੍ਹਾਂ ਨੂੰ ਵਾਤਵਰਨ ਸੁਰੱਖਿਆ, ਕਾਰਬਨ ਫੁੱਟ ਪ੍ਰਿੰਟ ਅਤੇ ਕਲਾਈਮੇਟ ਚੇਂਜ ਆਦਿ ਝਮੇਲਿਆਂ ਵਿੱਚੋਂ ਬਾਹਰ ਨਿਕਲਣਾ ਹੋਏਗਾ। ਉਨ੍ਹਾਂ ਕਿਹਾ ਕਿ ਇਸ ਕਿਸਮ ਦੀਆਂ ਆਰਥਿਕਤਾਵਾਂ ਟਿਕਾਊ (ਸਸਟੇਅਨੇਬਲ) ਨਹੀਂ ਹਨ। ਉਨ੍ਹਾਂ ਜਰਮਨ ਦੀ ਮਿਸਾਲ ਦਿੰਦਿਆਂ ਕਿਹਾ ਕਿ ਇਸ ਮੁਲਕ ਨੇ ਨਵਿਆਉਣਯੋਗ ਊਰਜਾ ਵੱਲ ਮੁੜਨ ਦਾ ਯਤਨ ਕੀਤਾ ਅਤੇ ਇਸ ਦੀ ਆਰਥਿਕਤਾ ਨੂੰ ਸੱਟ ਵੱਜੀ। ਇਸ ਦੇ ਉਲਟ ਉਨ੍ਹਾਂ ਭਰਤ ਅਤੇ ਚੀਨ ਵਰਗੇ ਮੁਲਕਾਂ ਦੀ ਆਲੋਚਨਾ ਕਰਦਿਆਂ ਕਿਹਾ ਕਿ ਇਹ ਮੁਲਕ ਆਪਣਾ ਗਾਰਬੇਜ ਸਮੁੰਦਰ ਵਿੱਚ ਡੰਪ ਕਰ ਦਿੰਦੇ ਹਨ ਅਤੇ ਇਹ ਰਿੜ੍ਹਦਾ ਰਿੜ੍ਹਦਾ ਆਖਿਰ ਸਾਡੇ ਤੱਟਾਂ 'ਤੇ ਪਹੁੰਚ ਜਾਂਦਾ ਹੈ।

ਸੰਯੁਕਤ ਰਾਸ਼ਟਰ ਦੀ ਆਲੋਚਨਾ ਕਰਦਿਆਂ ਟਰੰਪ ਨੇ ਕਿਹਾ ਕਿ ਦੁਨੀਆਂ ਵਿੱਚ ਅਮਨ-ਅਮਾਨ ਪੈਦਾ ਕਰਨ ਦੇ ਮਾਮਲੇ ਵਿੱਚ ਵੱਡੀ ਸੰਭਾਵਨਾ ਰੱਖਣ ਵਾਲੀ ਇਸ ਸੰਸਥਾ ਨੇ ਸੱਤ ਜੰਗਾਂ ਬੰਦ ਕਰਵਾਉਣ ਵਿੱਚ ਮੇਰੀ ਕੋਈ ਮੱਦਦ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਸੰਯੁਕਤ ਰਾਸ਼ਟਰ ਜੋ ਕੁਝ ਕਰਨ ਦੀ ਸਮਰੱਥਾ ਰੱਖਦਾ, ਉਹ ਨਹੀਂ ਕਰ ਪਾ ਰਿਹਾ। ਉਨ੍ਹਾਂ ਕਿਹਾ ਕਿ ਸੰਯੁਕਤ ਰਾਸ਼ਟਰ ਸਿਰਫ ਸਖਤ ਸ਼ਬਦਾਂ ਵਾਲੇ ਪੱਤਰ ਲਿਖਣ ਤੋਂ ਸਿਵਾਏ ਹੋਰ ਕੁਝ ਨਹੀਂ ਕਰਦਾ। ਨਾ ਹੀ ਇਨ੍ਹਾਂ ਚਿੱਠੀਆਂ ਵਿੱਚ ਪ੍ਰਗਟਾਏ ਵਿਚਾਰਾਂ ਦੀ ਪੈਰਵੀ ਕਰਦੇ ਹਨ। ਉਨ੍ਹਾਂ ਕਿਹਾ ਕਿ ਜੰਗਾਂ ਖ਼ਾਲੀ ਸ਼ਬਦਾਂ ਨਾਲ ਨਹੀਂ, ਸਗੋਂ ਐਕਸ਼ਨ ਨਾਲ ਹੀ ਰੋਕੀਆਂ ਜਾ ਸਕਦੀਆਂ ਹਨ; ਇਹਦੇ ਲਈ ਸਰਗਰਮੀ ਕਰਨੀ ਪੈਂਦੀ ਹੈ।

ਇਸ ਤੋਂ ਇਲਾਵਾ ਉਨ੍ਹਾਂ ਨਾਟੋ ਮੁਲਕਾਂ ਅਤੇ ਭਾਰਤ ਵੱਲੋਂ ਰੂਸ ਤੋਂ ਤੇਲ ਖਰੀਦਣ ਦੀ ਆਲੋਚਨਾ ਕਰਦਿਆਂ ਕਿਹਾ ਕਿ ਰੂਸ ਤੋਂ ਤੇਲ ਖਰੀਦਣ ਵਾਲੇ ਇਹ ਮੁਲਕ ਰੂਸ ਦੀ ਯੂਕਰੇਨ ਵਿਰੁੱਧ ਜੰਗ ਨੂੰ ਫੰਡ ਕਰ ਰਹੇ ਹਨ। ਡੋਨਾਲਡ ਟਰੰਪ ਨੇ ਕਿਹਾ ਕਿ ਪੂਤਿਨ ਨਾਲ ਨਿੱਜੀ ਦੋਸਤੀ ਕਾਰਨ ਉਨ੍ਹਾਂ ਨੂੰ ਵਿਸ਼ਵਾਸ ਸੀ ਕਿ ਉਹ ਜੰਗ ਰੋਕਣ ਵਿੱਚ ਕਾਮਯਾਬ ਹੋ ਜਾਣਗੇ, ਪਰ ਅਜਿਹਾ ਸੰਭਵ ਨਹੀਂ ਹੋ ਸਕਿਆ। ਉਨ੍ਹਾਂ ਕਿਹਾ ਕੇ ਜੇ ਰੂਸ ਜੰਗ ਨਹੀਂ ਰੋਕੇਗਾ ਤਾਂ ਉਹ ਉਸ ਵਿਰੁੱਧ ਜ਼ੋਰਦਾਰ ਆਰਥਿਕ ਪਾਬੰਦੀ ਆਇਦ ਕਰਨਗੇ ਅਤੇ ਇਸ ਮਾਮਲੇ ਵਿੱਚ ਯੂਰਪੀਅਨ ਮੁਲਕਾਂ ਨੂੰ ਵੀ ਉਸ ਦੀ ਮਦਦ ਕਰਨੀ ਚਾਹੀਦੀ ਹੈ। ਇਸ ਦੌਰਾਨ ਅਮਰੀਕੀ ਰਾਸ਼ਟਰਪਤੀ ਨੇ ਇਮੀਗਰੇਸ਼ਨ ਨਾ ਰੋਕ ਸਕਣ ਅਤੇ ਕਲੀਨ ਊਰਜਾ ਅਪਨਾਉਣ ਲਈ ਯੂਰਪੀ ਮੁਲਕਾਂ ਦੀ ਵਾਰ-ਵਾਰ ਆਲੋਚਨਾ ਕੀਤੀ। ਉਨ੍ਹਾਂ ਕਿਹਾ ਕਿ ਇਸ ਦੇ ਟਿਕਾਊ ਨਾ ਹੋਣ ਕਾਰਨ ਹੀ ਅਸੀਂ ਪੈਰਿਸ ਸਮਝੌਤੇ ਵਿੱਚੋਂ ਬਾਹਰ ਆਏ ਸਾਂ। ਗਾਜ਼ਾ ਮਸਲੇ ਦਾ ਇੱਕਪਾਸੜ ਜ਼ਿਕਰ ਕਰਦਿਆਂ ਅਮਰੀਕੀ ਰਾਸ਼ਟਰਪਤੀ ਨੇ ਸਿਰਫ ਹਮਾਸ ਦੀ ਆਲੋਚਨਾ ਕੀਤੀ। ਉਨ੍ਹਾਂ ਕਿਹਾ ਕਿ ਯੋਗ ਸਮਝੌਤੇ ਦੀਆਂ ਵਾਰ ਵਾਰ ਪੇਸ਼ਕਸ਼ਾਂ ਹੋਣ ਦੇ ਬਾਵਜੂਦ ਵੀ ਹਮਾਸ ਨੇ ਸਮਝੌਤਾ ਸਵੀਕਾਰ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਹਮਾਸ ਨੂੰ ਸਾਰੇ ਬੰਦੀਆਂ ਨੂੰ ਤੁਰੰਤ ਰਿਹਾਅ ਕਰਨਾ ਚਾਹੀਦਾ ਹੈ। ਫਲਿਸਤੀਨ ਨੂੰ ਮਾਨਤਾ ਦੇਣ ਦੇ ਮਾਮਲੇ ਵਿੱਚ ਆ ਰਹੇ ਮੁਲਕਾਂ ਦਾ ਜ਼ਿਕਰ ਕਰਦਿਆਂ ਡੋਨਾਲਡ ਟਰੰਪ ਨੇ ਕਿਹਾ ਕਿ ਇਹਦੇ ਨਾਲ ਹਮਾਸ ਦੇ 7 ਅਕਤੂਬਰ ਜਿਹੇ ਜ਼ੁਲਮਾਂ ਨੂੰ ਹੋਰ ਉਗਾਸਾ ਮਿਲੇਗਾ।

ਇਸ ਤੋਂ ਪਹਿਲਾਂ ਸੰਯੁਕਤ ਰਾਸ਼ਟਰ ਅਸੈਂਬਲੀ ਦੀ ਆਮ ਬਹਿਸ ਦੇ ਉਦਘਾਟਨੀ ਭਾਸ਼ਨ ਵਿੱਚ ਐਂਟੋਨੀਓ ਗੁਟਰੇਸ ਨੇ ਕਿਹਾ ਕਿ 80 ਸਾਲ ਪਹਿਲਾਂ ਜੰਗ ਦੇ ਭੰਨੇ ਸੰਸਾਰ ਨੇ ਕੁਝ ਫੈਸਲਿਆਂ ਦੀ ਚੋਣ ਕੀਤੀ ਸੀ। ਆਗੂਆਂ ਨੇ ਅਫਰਾਤਫਰੀ ਦੀ ਥਾਂ ਸਹਿਯੋਗ, ਕਾਨੂੰਨ ਦਾ ਰਾਜ, ਜੰਗ ਦੀ ਥਾਂ ਅਮਨ ਦੀ ਚੋਣ ਕੀਤੀ ਸੀ। ਇਸ ਚੋਣ ਵਿੱਚੋਂ ਹੀ ਸੰਯੁਕਤ ਰਾਸ਼ਟਰ ਦਾ ਜਨਮ ਹੋਇਆ ਸੀ। ਉਨ੍ਹਾਂ ਕਿਹਾ ਕਿ ਸੰਯੁਕਤ ਰਾਸ਼ਟਰ ਸੰਪੂਰਨਤਾ ਲਈ ਕੋਈ ਸੁਪਨਾ ਨਹੀਂ ਹੈ, ਇਹ ਮਨੁੱਖੀ ਹੋਂਦ ਨੂੰ ਕਾਇਮ ਰੱਖਣ ਲਈ ਇੱਕ ਪ੍ਰੈਕਟੀਕਲ ਰਣਨੀਤੀ ਦਾ ਨਾਂ ਹੈ।

ਸੰਯੁਕਤ ਰਾਸ਼ਟਰ ਅਸੈਂਬਲੀ ਦੇ ਇਸ ਸੈਸ਼ਨ ਨੂੰ ਸੰਬੋਧਨ ਕਰਨ ਵਾਲੇ ਸਭ ਤੋਂ ਪਹਿਲੇ ਆਗੂ ਬ੍ਰਾਜ਼ੀਲ ਦੇ ਰਾਸ਼ਟਰਪਤੀ ਲੂਲਾ ਡੀਸਿਲਵਾ ਨੇ ਫਲਿਸਤੀਨ ਦੇ ਪ੍ਰਧਾਨ ਮੰਤਰੀ ਦੇ ਕਾਨਫਰੰਸ ਵਿੱਚ ਨਾ ਮੌਜੂਦ ਹੋਣ ਲਈ ਅਫਸੋਸ ਪ੍ਰਗਟ ਕੀਤਾ। ਉਨ੍ਹਾਂ ਕਿਹਾ ਕਿ ਅਮਰੀਕੀ ਸਟੇਟ ਡਿਪਾਰਟਮੈਂਟ ਵੱਲੋਂ ਉਨ੍ਹਾਂ ਨੂੰ ਵੀਜ਼ਾ ਨਾ ਦੇਣ ਕਾਰਨ ਅਜਿਹਾ ਵਾਪਰਿਆ ਹੈ। ਬ੍ਰਾਜ਼ੀਲੀ ਰਾਸ਼ਟਰਪਤੀ ਨੇ ਕਿਹਾ ਕਿ ਗਾਜ਼ਾ ਵਿੱਚ ਭੁੱਖ ਨੂੰ ਜੰਗੀ ਹਥਿਆਰ ਵਜੋਂ ਵਰਤਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਫਲਿਸਤੀਨੀ ਲੋਕਾਂ ਦੇ ਧਰਤੀ ਦੇ ਸਫੇ ਤੋਂ ਮਿਟ ਜਾਣ ਦਾ ਖਤਰਾ ਮੰਡਰਾਅ ਰਿਹਾ ਹੈ। ਉਨ੍ਹਾਂ ਆਪਣੇ ਤੋਂ ਪਹਿਲਾਂ ਰਹੇ ਰਾਸ਼ਟਰਪਤੀ ਬਾਰੇ ਸੰਕੇਤਕ ਜ਼ਿਕਰ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਮੁਲਕ ਨੂੰ ਪਹਿਲਾਂ ਹੀ ਤਾਨਾਸ਼ਾਹੀ ਰਾਜ ਦੇ ਸਿੱਟੇ ਭੁਗਤਣੇ ਪੈ ਰਹੇ ਹਨ। ਉਨ੍ਹਾਂ ਕਿਹਾ ਕਿ ਤਾਨਾਸ਼ਾਹੀ ਨੀਤੀਆਂ ਕਾਰਨ ਉਨ੍ਹਾਂ ਤੋਂ ਪਹਿਲੇ ਰਾਸ਼ਟਰਪਤੀ ਜਾਇਰ ਬੋਲਸਨਾਰੋ ਨੂੰ 27 ਵਰ੍ਹਿਆਂ ਦੀ ਸਜ਼ਾ ਸੁਣਾਈ ਗਈ ਹੈ। ਬੋਲਸਨਾਰੋ ਟਰੰਪ ਨਾਲ ਨੇੜਤਾ ਰੱਖਣ ਵਾਲੇ ਸੱਜੇ ਪੱਖੀ ਆਗੂ ਹਨ ਅਤੇ ਅਮਰੀਕੀ ਰਾਸ਼ਟਰਪਤੀ ਨੇ ਉਨ੍ਹਾਂ ਦੀ ਗ੍ਰਿਫਤਾਰੀ ਅਤੇ ਸਜ਼ਾ ਕਾਰਨ ਬ੍ਰਾਜ਼ੀਲ ਦੀ ਮੌਜੂਦਾ ਖੱਬੇ ਪੱਖੀ ਸਰਕਾਰ ਦੀ ਜ਼ੋਰਦਾਰ ਨਿੰਦਾ ਕੀਤੀ ਹੈ। ਇਸ ਦੌਰਾਨ ਅਮਰੀਕਾ ਦੇ ਵਿਦੇਸ਼ ਸਕੱਤਰ ਮਾਰਕੋ ਰੂਬੀਓ ਨੇ ਕਿਹਾ ਕਿ ਸੰਯੁਕਤ ਰਾਸ਼ਟਰ ਹੁਣ ਸਾਲ ਬਾਅਦ ਭਾਸ਼ਨ ਦੇਣ, ਪੱਤਰ ਲਿਖਣ ਅਤੇ ਖਾਲੀ ਬਿਆਨ ਜਾਰੀ ਕਰਨ ਵਾਲੀ ਸੰਸਥਾ ਬਣ ਕੇ ਰਹਿ ਗਈ ਹੈ। ਇਸ ਵੱਲੋਂ ਕੋਈ ਸਾਰਥਕ ਕਦਮ ਨਹੀਂ ਚੁੱਕੇ ਜਾ ਰਹੇ।

ਲਹਿੰਦੇ ਪੰਜਾਬ ਤੋਂ **ਕਹਾਣੀ**

ਆਸਿਫ਼ ਰਜ਼ਾ mbrc09@gmail.com

# ਜੱਜ

***ਕਦੇ ਕਦੇ ਅਸੀਂ ਕਿਸੇ ਆਪਣੇ ਦੇ ਪ੍ਰਤੀ ਅਜਿਹੇ ਭੁਲੇਖੇ ਜਾਂ ਵਿਚਾਰ ਮਨ ਵਿੱਚ ਬੈਠਾ ਲੈਂਦੇ ਹਾਂ ਕਿ ਲੀਕ ਦੇ ਦੂਜੇ ਪਾਸੇ ਦਾ ਸੱਚ ਸਾਨੂੰ ਦਿਸਦਾ ਹੀ ਨਹੀਂ ਜਾਂ ਹਾਲਾਤ ਦੀ ਸਿਤਮਜ਼ਰੀਫੀ ਕਾਰਨ ਸੱਚ ਓਹਲੇ ਹੀ ਰਹਿ ਜਾਂਦਾ ਹੈ। ਅਕਸਰ ਚਿਹਰੇ ਜਾਂ ਸੁਭਾਅ ਦਾ ਉਤਲਾ ਰੁਖ ਦੇਖ ਦੇ ਅੰਦਾਜ਼ੇ ਲਾ ਲੈਂਦੇ ਹਾਂ ਕਿ ਫਲਾਣਾ ਤਾਂ ਇੰਜ ਹੈ, ਉਂਜ ਹੈ...। ਖੈਰ! ਜਦੋਂ ਮਨ ਅੰਦਰ ਕੁੜੱਤਣਾਂ ਦਾ ਬੋਲਬਾਲਾ ਹੋ ਜਾਵੇ, ਤਾਂ ਅਜਿਹੇ ਖਿਆਲ ਆ ਜਾਣਾ ਸੁਭਾਵਿਕ ਹੈ। ਅੱਜ ਕੱਲ੍ਹ ਦੇ ਰਿਸ਼ਤਿਆਂ ਦੀ ਇਹ ਸਭ ਤੋਂ ਵੱਡੀ ਤ੍ਰਾਸਦੀ ਹੈ। ਇਸੇ ਮਹੀਨ ਤੰਦ ਨੂੰ ਲਹਿੰਦੇ ਪੰਜਾਬ ਦੇ ਕਹਾਣੀਕਾਰ ਆਸਿਫ਼ ਰਜ਼ਾ ਨੇ ਹਥਲੀ ਕਹਾਣੀ ਵਿੱਚ ਫੜ੍ਹਿਆ ਹੈ ਅਤੇ ਪਛਤਾਵੇ ਦੀ ਧਾਹ ਮਾਰੀ ਹੈ...। -ਪ੍ਰਬੰਧਕੀ ਸੰਪਾਦਕ***

ਜਦ ਦਾ ਪੁੱਤ ਜੰਮਿਆ ਏ, ਚਾਅ ਨੇ ਕਿ ਸਾਂਭੇ ਨਹੀਂ ਜਾਂਦੇ। ਇਉਂ ਜਾਪਦਾ ਏ ਜਿਉਂ ਮੈਂ ਆਪਣਾ ਦੂਜਾ ਜਨਮ ਆਪਣੀਂ ਅੱਖੀਂ ਪਿਆ ਵੇਖ ਰਿਹਾ ਆਂ। ਸਿੱਜ ਜੰਮੇ ਪੁਤ ਦਾ ਹਾਸਾ ਮੇਰੇ ਲੂਈਂ ਕੰਡੇ ਖੜੇ ਕਰ ਦਿੰਦਾ ਏ ਤੇ ਰੌਣ ਤੌਬਾ, ਜਾਨ ਨਿਕ਼ਲ ਜਾਂਦੀ ਆ ਮੇਰੀ ਤੇ।

ਸਾਝਰੇ ਉਠ ਕੇ ਸਰ੍ਹਾਂਦੀ ਬੈਠਾ ਉਹਦੇ ਜਾਗਣ ਨੂੰ ਉਡੀਕਦਾ ਰਹਿਨਾਂ। ਜ਼ਰੀ ਜ਼ਰੀ ਬਹਾਨੇ ਬਹਾਨੇ ਸੀਨੇ ਨਾਲ ਲਾਉਨਾ ਹਾਂ। ਇਸ ਦੇ ਨਿੱਕੇ ਨਿੱਕੇ ਬੁੱਲ੍ਹਾਂ ਨੂੰ ਚੁੰਮਣ ਮੇਰਾ ਨਾਸ਼ਤਾ ਏ। ਨਿੱਕੇ ਨਿੱਕੇ ਪੈਰਾਂ ਨੂੰ ਪ਼ਲੋਸਣਾ ਦੁਪਹਿਰ ਦੀ ਰੋਟੀ; ਕੰਡ 'ਤੇ ਹੱਥ ਫੇਰਦਿਆਂ ਰਹਿਣਾ, ਰਾਤ ਦਾ ਖਾਣਾ ਜਾਣੋ।

ਨਾਂ ਤੇ ਮੇਰਾ ਜਾਵੇਦ ਏ, ਪਰ ਘਰੇ ਮੈਨੂੰ ਜੱਜ ਸੱਦਦੇ ਨੇਂ। ਇਹ ਉਹ ਜੱਜ ਨਹੀਂ ਜਿਹੜਾ ਅਦਾਲਤੀਂ ਬਹਿ ਕੇ ਸਾਰਿਆਂ ਦੇ ਅਮਾਲਾਂ ਦੀਆਂ ਸਜ਼ਾਵਾਂ, ਖ਼ਤਾਵਾਂ ਮਾਫ਼ ਕਰਦਾ ਜਾਂ ਦਿੰਦਾ ਏ ਅਤੇ ਮਨ ਮਰਜ਼ੀ ਨਾਲ ਫ਼ੈਸਲੇ ਕਰਦਾ ਏ। ਦਲੀਲਾਂ ਜਿਡੀਆਂ ਵੀ ਪੀਢੀਆਂ ਹੋਣ, ਜੇ ਇਸ ਦੇ ਮਨ ਨੂੰ ਗੱਲ ਨਹੀਂ ਭਾਉਂਦੀ ਤਾਂ ਸਮਝੋ ਅਗਲਾ ਗਿਆ...।

ਪਿਓ ਤੋਂ ਬਾਅਦ ਮੈਂ ਹੀ ਇਸ ਘਰ ਦਾ ਜੱਜ ਸਾਂ। ਸਭ ਤੋਂ ਵੱਡਾ ਹੋਣ ਕਾਰਨ ਮੇਰੀ ਮੰਨੀ ਵੀ ਜਾਂਦੀ ਸੀ। ਨਾ ਮੰਨਣ 'ਤੇ ਮੈਂ ਧੌਂਸ ਨਾ਼ਲ ਮਨਾ ਵੀ ਲੈਨਾਂ ਹਰ ਵਾਰੀ। ਇਸ ਲਈ ਮੈਨੂੰ ਇਹ ਨਾਂ ਕਦੀ ਬੁਰਾ ਨਹੀਂ ਲੱਗਾ। ਖ਼ੌਰੇ ਮੈਂ ਵੀ ਮਨ ਈ ਮਨ ਵਿੱਚ ਜੱਜ ਈ ਬਣ ਬੈਠਾ ਸਾਂ। ਉਂਜ ਤੇ ਹਰ ਬੰਦਾ ਈ ਜੱਜ ਬਣਿਆ ਬੈਠਾ ਏ। ਉਹ ਜਿਸ ਨੂੰ ਆਪਣੇ ਤੌਰ ਠੀਕ ਸਮਝਦਾ ਏ, ਉਸ ਨੂੰ ਕਬੂਲ ਕਰਦਾ ਏ, ਨਹੀਂ ਤੇ ਬਹਿ ਜਾਂਦਾ ਏ ਅਗਲੇ ਦੇ ਪੋਤੜੇ ਫੋਲਣ।

ਮਨ ਕਿਆਸਦਾ ਏ ਸਾਨੂੰ ਵੀ ਮਾਪਿਆਂ ਇੰਜ ਈ ਪਾਲਿਆ ਹੋਣਾ? ਪਰ ਨਹੀਂ, ਜੋ ਹਾਲਤ ਮੈਂ ਆਪਣੇ ਬੁੜ੍ਹੇ ਦੀ ਵੇਹੰਦਾਂ, ਮੈਨੂੰ ਨਹੀਂ ਲਗਦਾ ਉਸ ਕਦੇ ਇੰਝ ਕੀਤਾ ਹੋਣਾ। ਇਸ ਨੂੰ ਅੱਜ ਤੋੜੀ ਮੈਂ ਆਪਣੇ ਜੰਮਿਆਂ ਜਾਇਆਂ ਨਾ਼ਲ ਪਿਆਰ ਕਰਦਿਆਂ ਨਹੀਂ ਤੱਕਿਆ। ਚਲੋ ਮੈਂ ਤਾਂ ਵੱਡਾ ਸਾਂ, ਪਰ ਇਸ ਕਦੇ ਨਿੱਕੇ ਭਰਾ ਨੂੰ ਵੀ ਚੁੰਮ ਕੇ ਗਲ਼ ਨਹੀਂ ਲਾਇਆ। ਅੱਕਿਆ ਅੱਕਿਆ ਆਪਣੀਆਂ ਮਸਤੀਆਂ ਰੁਧਾ, ਗ਼ੁੱਸੇ ਨਾ਼ਲ ਭਰਿਆ, ਪਿਓ ਹੋਣ ਦੀ ਦਾਅਵੇਦਾਰੀ ਨਾ਼ਲ ਨੱਕੋ ਨੱਕ ਭਰਿਆ। ਇਸ ਖੇਹ ਸਾਨੂੰ ਪਾਲਿਆ ਹੋਣਾ ਇੰਜ। ਕਦੀ ਵੀ ਨਹੀਂ। ਬੜਾ ਵੱਟ ਚੜ੍ਹਦਾ ਏ, ਪਰ ਫ਼ਿਰ ਚੁੱਪ ਕਰ ਜਾਈਦਾ ਏ ਗੁਸਤਾਖ਼ੀ ਨਾ ਹੋ ਜਾਵੇ। ਬਹੁਤਾ ਰੱਬ ਤੋਂ ਨਹੀਂ ਲੋਕਾਂ ਦੀਆਂ ਗੱਲਾਂ ਤੋਂ ਡਰੀਦਾ ਏ। ਕੀ ਆਖਣਗੇ! ਦੜ ਵੱਟ ਜਾਈਦਾ ਏ।

ਬੁੜ੍ਹਾ ਮੇਰਾ ਸੱਤਰਾਂ ਦੇ ਗੇੜ ਵਿੱਚ ਏ। ਹੁਣ ਜੁੱਸੇ ਵਿੱਚ ਉਹ ਜਾਨ ਤਾਂ ਰਹੀ ਨਹੀਂ, ਪਰ ਬੋਲਣ ਵਿੱਚ ਦਾਬਾ ਤੇ ਆਕੜ ਜਵਾਨਾਂ ਵਾਲੀ ਏ। ਹੰਕਾਰ ਭਰੀ ਇਹ ਟਾਹਣੀ ਲਿਫ਼ ਤਾਂ ਗਈ ਹੈ, ਪਰ ਅਜੇ ਟੁੱਟੀ ਕਾਈ ਨਹੀਂ।

ਪਿਓ ਬਾਰੇ ਮੇਰੀ ਇਹ ਕੌੜ ਕਦੇ-ਕਦੇ ਮੈਨੂੰ ਡਰਾ ਦਿੰਦੀ ਤੇ ਮੈਨੂੰ ਇਉਂ ਲਗਦਾ ਕਿ ਫ਼ਰਾਇਡ ਦੀ ਦੱਸੀ ਬਿਮਾਰੀ ਐਡੀਪਸ ਦਾ ਖ਼ੌਰੇ ਮੈਂ ਵੀ ਸ਼ਿਕਾਰ ਤੇ ਨਹੀਂ ਹੋ ਗਿਆ। ਹੋ ਸਕਦਾ ਏ! ਪਰ ਇੱਕ ਗੱਲ ਪੱਕੀ ਏ, ਬਾਪ ਬਾਰੇ ਮੇਰੀ ਇਹ ਨਫ਼ਰਤ ਜਮਾਂਦਰੂ ਮੇਰੇ ਨਾ਼ਲ ਤੁਰੀ ਆਈ ਏ। ਸ਼ਰੀਕਾਂ ਤੋਂ ਪਿੱਛੇ ਰਹਿ ਜਾਣ ਦਾ ਕਾਰਨ ਵੀ ਮੇਰਾ ਇਹੋ ਪਿਓ ਈ ਏ, ਜਿਸ ਦੀਆਂ ਪੁੱਠੀਆਂ ਹਰਕਤਾਂ ਨੇ ਹਰ ਵਾਰੀ ਸਾਡਾ ਨੱਕ ਬਰਾਦਰੀ ਵਿੱਚ ਵਢਾਇਆ ਏ। ਉਹ ਪਿਛਲੀ ਉਮਰੇ ਵੀ ਨਹੀਂ ਮੁੜਦਾ...।

ਸਾਡੇ ਸਾਰੇ ਭਰਾਵਾਂ ਦੇ ਸਾਕ ਬਰਾਦਰੀਉਂ ਬਾਹਰ ਹੋਣ ਦੀ ਵਜ੍ਹਾ ਵੀ ਸਾਡਾ ਬਾਪ ਈ ਏ। ਕਿਸੇ ਟੱਬਰ ਨੇ ਸਾਨੂੰ ਰਿਸ਼ਤਾ ਨਾ ਦਿੱਤਾ। ਮਜਬੂਰ ਹੋ ਕੇ ਅਸਾਂ ਆਪਣੀ ਤੇ ਮਾਂ ਦੀ ਮਿੰਨਤ ਤਰਲੇ ਤੋਂ ਬਾਅਦ ਵੀ ਬਾਹਰ ਈ ਵਿਆਹੇ ਗਏ। ਪੁੱਤਰਾਂ ਦੇ ਸਾਕ ਕਰਨ ਲਈ ਮਾਂ ਨੇ ਕਿਹੜੇ ਕਿਹੜੇ ਦੂਰ-ਨੇੜੇ ਦੇ ਸਾਕਾਂ ਦਾ ਦਰ ਨਹੀਂ ਖੜਕਾਇਆ! ਪਰ ਖ਼ੈਰ ਕਿਧਰੋਂ ਨਹੀਂ ਪਈ। ਸਭ ਆਂਹਦੇ, "ਇਨ੍ਹਾਂ ਵੱਲ ਧੀ ਵਿਆਹੁਣ ਨਾਲੋਂ ਚੰਗਾ ਬੰਦਾ ਘਰੇ ਠੀਰੀ ਕਰ ਲਵੇ, ਪਰ ਇਨ੍ਹਾਂ ਕੰਜਰਾਂ ਨੂੰ ਸਾਕ ਨਾ ਕੋਈ ਦਵੇ।"

ਇੱਸ ਗੱਲੋਂ ਈ ਮੈਂ ਬਹੁਤ ਚੰਗਾ ਬਣਨ ਦੀ ਕੋਸ਼ਿਸ਼ ਕਰ ਕਰ ਕੇ ਆਪਣੇ ਸਾਰੇ ਰਿਸ਼ਤੇਦਾਰਾਂ ਨਾ਼ਲ ਬਣਾਈ ਰੱਖੀ। ਸਾਰਿਆਂ ਦੇ ਔਖੇ ਵੇਲੇ ਹਮੇਸ਼ਾ ਪਹੁੰਚਣ, ਮਰਨ, ਮੁਕਾਣ ਸਭਨਾਂ ਦੇ ਤੇ ਸਭ ਤੋਂ ਪਹਿਲਾਂ ਪੁੱਜਾਂ, ਕਬਰਸਤਾਨੇ, ਮਸੀਤੇ ਸਾਰੀ ਥਾਈਂ ਪੁੱਜ ਕੇ ਅਪੜਨਾ। ਨਾਲੇ ਜੋ ਮਦਦ ਹੋ ਸਕੀ ਬਿਤੋਂ ਵੱਧ ਕਰਨ ਦੀ ਆਦਤ ਬਣਾ ਲਈ। ਖ਼ੌਰੇ ਇਹ ਉਹ ਖੱਪਾ ਸੀ, ਜਿਹੜਾ ਮੈਂ ਅਗਲੀ ਨਸਲ ਤੇ ਆਪਣੀ ਨਸਲ ਦੇ ਵਿਚਾਲੇ ਪੂਰਨਾ ਚਾਹੁੰਦਾ ਸਾਂ। ਮੈਨੂੰ ਚੰਗਾ ਨਾ ਹੁੰਦਿਆਂ ਵੀ ਚੰਗਾ ਬਣਨਾ ਪਿਆ, ਵਜ੍ਹਾ ਘਰ ਦਾ ਵੱਡਾ ਪੁਤ ਜੋ ਸਾਂ। ਉਹ ਭਲਾ ਹੋਇਆ ਕਿ ਰੱਬ ਨੇ ਸਾਨੂੰ ਭੈਣ ਨਹੀਂ ਦਿੱਤੀ, ਨਹੀਂ ਤਾਂ ਦਿਨੇਂ ਤਾਰੇ ਵਿਖਾ ਦੇਣੇ ਸਨ ਬਾਪ ਦੀਆਂ ਕਰਤੂਤਾਂ ਨੇ।

ਮਾਂ ਮੇਰੀ ਸਿੱਧੜ, ਤਿੰਨ ਸਾਲ ਪਹਿਲਾਂ ਈ ਗੁਜ਼ਰ ਗਈ। ਵਿਚਾਰੀ ਆ਼ਲੀ-ਭੋ਼ਲੀ ਜਿਹੀ। ਬੀਬੜੀ, ਉਹੀ ਸੀ ਜਿਹਨੇ ਏਸ ਨਾ਼ਲ ਗੁਜ਼ਾਰਾ ਕੀਤਾ। ਹੋਰ ਕੋਈ ਹੁੰਦੀ ਤਾਂ ਤਜਰਬੇ ਤੌਰ 'ਤੇ ਮੈਂ 'ਕਲਾ ਈ ਮਾਮਿਆਂ ਘਰੇ ਪ਼ਲਣਾ ਸੀ। ਇਸ ਕਦੇ ਉਫ਼ ਨਾ ਕੀਤੀ। ਇਹਦੀ ਹਰ ਚੰਗੀ ਮੰਦੀ ਗੱਲ ਵਿੱਚ ਹਾਂ ਨਾ਼ਲ ਹਾਂ ਮਿਲਾਂਦੀ ਆਈ। ਜੇ ਕਦੀ ਕਿਸੇ ਜਨਾਨੀ ਨੇ ਪਿਓ ਦਾ ਉਲ੍ਹਾਮਾ ਦੇਣ ਆ ਜਾਣਾ ਤੇ ਅੱਗੋਂ ਕਹਿ ਦੇਣਾ, "ਜਾ ਨੀ ਭੈਣਾ ਮੇਰਾ ਖਸਮ ਤੇ ਸਾਊ ਐ, ਤੁਹਾਨੂੰ ਹੀ ਛੇੜਦਾ, ਤੁਸੀਂ ਛਿੜਨਾਂ ਚਾਉਂਦੀਆਂ ਉ।" ਅਗਲੀ ਸ਼ਰਮੋ-ਸ਼ਰਮੀ ਚੁਪ ਕਰ ਕੇ ਤੁਰ ਜਾਂਦੀ।

ਬਾਕੀ ਸਾਰੇ ਭਰਾ ਤਾਂ ਵਿਆਹ ਕਰਦੇ ਗਏ ਤੇ ਨੌਕਰੀਆਂ-ਨਾਕਰੀਆਂ ਦੇ ਚੱਕਰਾਂ ਵਿੱਚ ਸ਼ਹਿਰੋਂ ਬਾਹਰ ਜਾ ਵਸੇ, ਫਸ ਮੈਂ ਗਿਆ। ਜੇਕਰ ਬੁੜ੍ਹੇ ਦੀ ਭੋਰਾ ਜਾਇਦਾਦ ਹੁੰਦੀ ਤਾਂ ਸਾਂਭਣ ਨੂੰ ਤਿਆਰ ਵੀ ਹੋ ਜਾਂਦੇ। ਪਿਓ ਦਾਦੇ ਦੀ ਜ਼ਮੀਨ ਨੂੰ ਇੱਕੋ ਬੁਰਕੀ ਨਾ਼ਲ ਹੂੰਝ ਕੇ ਬੁੜ੍ਹਾ ਸਾਰੀ ਜਾਇਦਾਦ ਡਕਾਰ ਗਿਆ ਜਾਂ ਜਨਾਨੀਆਂ 'ਤੇ ਖਰਚ ਕਰ ਦਿੱਤੀ ਜਾਂ ਸ਼ਰਾਬ ਪੀ ਲਈ। ਅਜਿਹੇ ਜੀਅ ਨੂੰ ਸਾਂਭਣਾ ਕਿੰਨਾ ਔਖਾ ਹੁੰਦਾ ਏ। ਉਤੋਂ ਜ਼ਨਾਨੀਆਂ। ਇਨ੍ਹਾਂ ਤੋਂ ਕਿਹੜੀ ਗੱਲ ਲੁਕੀ ਏ। ਸਾਰਾ ਕੱਚਾ-ਚੱਠਾ ਸ਼ਰੀਕਾਂ ਦਸ ਛੱਡਿਆ। ਭੋਰਾ ਇੱਜ਼ਤ ਕਰਦੀ ਸੀ ਮੇਰੀ ਬੀਵੀ ਨਵੇਂ ਨਵੇਂ, ਜਦੋਂ ਗੱਲਾਂ ਦਾ ਪਤਾ ਲੱਗਾ ਤਾਂ ਉਹ ਵੀ ਵਲਾਵਣ ਲੱਗ ਪਈ।

ਹੁਣ ਤਾਂ ਜਨਾਨੀ ਮੇਰੀ ਵੀ ਨੱਕੋ ਨੱਕ ਆਈ ਹੋਈ ਏ ਏਸ ਤੋਂ। ਮੇਰੇ ਟੱਬਰ ਸਣੇ ਤੇ ਨਾ਼ਲ ਭਰਾਵਾਂ ਦੀਆਂ ਬੀਵੀਆਂ ਉਡੀਕਦੀਆਂ ਪਈਆਂ ਨੇ ਪਈ ਕਦੋਂ ਬੁੜ੍ਹਾ ਸਾਹ ਪੂਰੇ ਕਰੇ ਤਾਂ ਜਾਨ ਛੁੱਟੇ। ਜਦ ਵੀ ਮੇਰੀ ਸੱਸ ਬੁੜ੍ਹੇ ਦੀ ਬਿਮਾਰੀ ਦਾ ਸੁਣਦੀ ਏ, ਕੌੜਾ ਵੱਟਾ ਲਿਆ ਰੱਖਦੀ ਏ। ਚਾਰ ਵਾਰੀ ਹਸਪਤਾਲੋਂ ਮੁੜਿਆ, ਹਰ ਵਾਰੀ ਲੱਗਾ ਕਿ ਆਖ਼ਰੀ ਵਾਰ ਏ। ਪਰ ਬਾਬੇ ਹੋਰੀ ਨਹੀਂ ਜਾਂਦੇ, ਕਦੇ ਕਦੇ ਲਗਦਾ ਏ ਇਹਨੇ ਸਾਨੂੰ ਟੋਰ ਕੇ ਜਾਣਾ ਏ।

ਇੱਕ ਰਾਤੀਂ ਬੇ-ਟਾਇਮੀ ਲਾਇਟ ਤੁਰ ਗਈ, ਮੈਂ ਆਪਣੇ ਨਿੱਕੇ ਨੂੰ ਚੁੱਕ ਕੇ ਬਾਹਰ ਵੇਹੜੇ ਵਿੱਚ ਆ ਗਿਆ। ਵੇਹੜੇ ਡੱਠੀ ਪਿਓ ਦੀ ਮੰਜੀ 'ਤੇ ਆ ਪੱਖਾ ਝੱਲਦਾ, ਬਿਜਲੀ ਵਾਲਿਆਂ ਦੀ ਮਾਂ ਭੈਣ ਇੱਕ ਕਰਦਾ ਬਹਿ ਗਿਆ। ਉਹ ਮੁੜ੍ਹਕੇ ਨਾ਼ਲ ਭਿਜਾ ਉਸਲ-ਵੱਟੇ ਲਈ ਜਾਵੇ। ਬੜਾ ਈ ਤੰਗ। ਇੱਕ ਹੁੱਸੜ ਉਤੋਂ ਕੁਤੜੀ ਜਿਹੀ ਲੜੀ ਜਾਵੇ, ਮੌਸਮ ਵੀ ਭਾਦਰੋਂ।

ਬੁੜ੍ਹਾ ਆਖਣ ਲੱਗਾ, "ਜ਼ਰਾ ਕੁ ਪਾਣੀ ਤਾਂ ਪਾ ਦੇ।"

ਮੈਨੂੰ ਵੱਟ ਚੜ੍ਹ ਗਈ। ਇੱਕ ਲਾਇਟ ਨੇ ਤੰਗ ਕੀਤਾ, ਉਤੋਂ ਇਹ ਜਨਾਬ ਹੁਕਮ ਚਲਾਣ ਨੂੰ। ਜੇ ਥੋੜ੍ਹੀ ਦੇਰ ਬੈਠਾ ਤਾਂ ਮੇਰੀ ਬੀਵੀ ਦੀਆਂ ਸ਼ਿਕਾਇਤਾਂ ਦੀ ਟੇਪ ਚਲਾ ਦੇਣੀ ਏ ਇਹਨੇ।

ਮੈਂ ਆਪਣੇ ਨਿੱਕੇ ਨੂੰ ਬੁੜ੍ਹੇ ਦੇ ਪਵਾਂਦੀ ਲੰਮਾ ਪਾ ਕੇ ਵਰਾਂਡੇ ਪਈ ਫ਼ਰਿਜ ਵਿੱਚੋਂ ਪਾਣੀ ਲੈਣ ਤੁਰ ਗਿਆ। ਨ੍ਹੇਰੇ ਵਿੱਚ ਦਿਸੇ ਈ ਕੁਝ ਨਾ। ਆਪਣੀ ਮੰਜੀ ਤੋਂ ਮੁਬਾਇਲ ਟੋਹ ਕੇ ਲੱਭਾ ਤੇ ਮੁੜ ਉਸ ਦੇ ਚਾਨਣ ਵਿੱਚ ਮੈਂ ਪਾਣੀ ਦੀ ਬੋਤਲ ਲੈ ਕੇ ਵਰਾਂਡੇ ਵੱਲ ਪਰਤਿਆ।

ਕੀ ਵੇਖਦਾਂ, ਬਾਬਾ ਖ਼ੌਰੇ ਕਿੰਨੀ ਕੁ ਹਿੰਮਤ ਕਰ ਕੇ ਉਕੜੂੰ ਬਹਿ ਕੇ ਆਪਣੀ ਪੱਗ ਦਾ ਪੱਖਾ ਬਣਾ ਕੇ ਪੋਤੇ ਨੂੰ ਝੱਲ ਮਾਰੀ ਜਾਂਦਾ ਏ। ਮੈਨੂੰ ਸਮਝ ਨਾ ਆਵੇ, ਬਾਬਾ ਮੰਜੀ 'ਤੇ ਉਕੜੂੰ ਕਿੰਜ ਹੋ ਗਿਆ। ਉਹ ਤਾਂ ਰੋਗੀ ਏ, ਚੂਲੇ ਵਿਚਾਲੇ ਦੀ ਹੱਡੀ ਨੇ ਉਸ ਨੂੰ ਬੈਠਣੋਂ ਵੀ ਆਤਰ ਕਰ ਛੱਡਿਆ ਏ। ਪਾਣੀ ਵੀ ਉਸ ਨੂੰ ਸਹਾਰਾ ਦੇ ਕੇ ਪਿਉਣਾ ਪੈਂਦਾ ਏ। ਖ਼ੌਰੇ ਕਿੰਨੀ ਕੁ ਤਕਲੀਫ਼ ਜਰ ਕੇ ਉਸ ਨੇ ਆਪਣੇ ਆਪ ਨੂੰ ਸਹਾਰਾ ਦੇ ਕੇ ਸਿਰਹਾਣੇ ਪਈ ਪੱਗ ਦਾ ਪੱਖਾ ਬਣਾ ਕੇ ਮੇਰੇ ਪੁੱਤਰ ਨੂੰ ਝੱਲ ਮਾਰਨ ਦੀ ਖੇਚ਼ਲ ਕੀਤੀ ਏ।

ਇਹ ਵੇਹੰਦਿਆਂ ਮੇਰੀ ਅੱਖਾਂ ਤਰ ਹੋ ਗਈਆਂ। ਮੈਂ ਨੱਸ ਕੇ ਬੁੜ੍ਹੇ ਨੂੰ ਸਹਾਰਾ ਦਿੱਤਾ ਤੇ ਪਾਣੀ ਉਸ ਦੇ ਮੂੰਹ ਨੂੰ ਲਾਇਆ। ਪਾਣੀ ਪਿਆ ਕੇ ਮੈਂ ਆਸਰਾ ਦੇ ਕੇ ਉਸ ਨੂੰ ਲੰਮਿਆਂ ਪਾ ਦਿੱਤਾ। ਮੇਰਾ ਕਾਕਾ ਵੀ ਹੁਣ ਰੋਣੋਂ ਬੱਸ ਹੋ ਗਿਆ ਸੀ। ਥੋੜ੍ਹੀ ਜਿਹੀ ਝੱਲ ਨੇ ਉਹਨੂੰ ਥੋੜ੍ਹੇ ਕੁ ਚਿਰ ਲਈ ਸਕੂਨ ਦਿੱਤਾ ਸੀ।


ਪਿਓ ਕਹਿਣ ਲੱਗਾ, "ਇਹਨੂੰ ਮੇਰੇ ਸਰ੍ਹਾਂਦੀ ਪਾ, ਮੈਂ ਝੱਲ ਮਾਰ ਦਿਆਂ'।"

ਏਨੀ ਗੱਲ ਸੀ ਕਿ ਮੈਂ ਆਪਣੇ ਪਿਓ ਦੇ ਗਲੇ ਲੱਗ ਕੇ ਧਾਈਂ ਮਾਰ ਕੇ ਰੋ ਪਿਆ। ਉਹ ਮੈਨੂੰ ਆਖੀ ਜਾਵੇ, "ਕੀ ਹੋਇਆ ਪੁੱਤ ਜੱਜ?"

"ਅੱਬਾ ਕੁਝ ਨਹੀਂ, ਮੈਨੂੰ ਜੱਜ ਨਾ ਆਖ, ਮੈਂ ਜੱਜ ਨਹੀਂ ਅੱਬਾ, ਮੈਂ ਤੇ ਮੁਜਰਮ ਹਾਂ, ਦੇਣਦਾਰ ਹਾਂ, ਮੈਨੂੰ ਜੱਜ ਨਾ ਆਖ...।"

ਮੈਂ ਅੱਖਾਂ ਪੂੰਝਦਾ ਦਾਦੇ-ਪੋਤੇ ਨੂੰ ਝੱਲ ਮਾਰਣ ਲੱਗ ਪਿਆ। ਮੈਨੂੰ ਇੰਝ ਲੱਗਾ ਹੁਣ ਮੇਰਾ ਇੱਕ ਪੁਤਰ ਨਹੀਂ, ਦੋ ਪੁਤ ਨੇ...!

-0-



ਸੁਖਪਾਲ ਵੱਲੋਂ ਏ.ਆਈ. ਰਾਹੀਂ ਬਣਾਈ ਗਈ ਤਸਵੀਰ

ਤਰਜ਼-ਏ-ਜ਼ਿੰਦਗੀ

# ਮਨ ਦੀਆਂ ਗੁੰਝਲਾਂ ਅਤੇ ਸਹਿਜ ਦੀ ਖੋਜ

ਡਾ. ਅਰਵਿੰਦਰ ਸਿੰਘ ਭੱਲਾ
ਫੋਨ: +91-9463062603



ਜਗਿਆਸੂ ਨੇ ਰਿਸ਼ੀਵਰ ਨੂੰ ਆਪਣੀ ਪੀੜਾ ਸਾਂਝੀ ਕਰਦਿਆਂ ਕਿਹਾ ਕਿ ਕਦੇ ਅਸੀਂ ਆਪਣੀਆਂ ਨਮ ਅੱਖਾਂ ਦੂਸਰਿਆਂ ਤੋਂ ਲੁਕੋ ਰਹੇ ਹੁੰਦੇ ਹਾਂ ਅਤੇ ਕਦੇ ਲੋਕ ਆਪਣੀਆਂ ਸਿਲੀਆਂ ਅੱਖਾਂ ਸਾਥੋਂ ਛੁਪਾ ਰਹੇ ਹੁੰਦੇ ਹਨ। ਅਸੀਂ ਇੱਕ ਦੂਜੇ ਦੀ ਜ਼ਿਹਨੀ ਕੈਫ਼ੀਅਤ ਨੂੰ ਸਮਝ ਵੀ ਰਹੇ ਹੁੰਦੇ ਹਾਂ ਅਤੇ ਜਾਣ-ਬੁੱਝ ਕੇ ਇੱਕ ਦੂਜੇ ਦੇ ਹਾਲ ਤੋਂ ਬੇਖ਼ਬਰ ਹੋਣ ਦਾ ਢੋਂਗ ਕਰਨ ਦਾ ਯਤਨ ਵੀ ਕਰ ਰਹੇ ਹੁੰਦੇ ਹਾਂ। ਸਮੇਂ ਦੀ ਗਰਦਿਸ਼ ਦਾ ਸਿਤਮ ਕਹਿ ਲਵੋ ਜਾਂ ਫਿਰ ਹੋਣੀ ਦੀ ਮਰਜ਼ੀ ਸਮਝ ਲਵੋ ਕਿ ਸਭ ਕੁਝ ਇੰਨੀ ਜਲਦੀ ਵਾਪਰ ਰਿਹਾ ਹੁੰਦਾ ਕਿ ਜ਼ਿੰਦਗੀ ਵਿੱਚ ਆਉਣ ਵਾਲੇ ਉਤਰਾਅ-ਚੜ੍ਹਾਅ ਅਨੁਸਾਰ ਖੁਦ ਨੂੰ ਢਾਲਣ ਲਈ ਸਾਡੇ ਵਿੱਚੋਂ ਕੋਈ ਵੀ ਤਿਆਰ ਨਹੀਂ ਹੁੰਦਾ ਹੈ। ਮੈਂ ਇਹ ਵੀ ਮਹਿਸੂਸ ਕਰਦਾ ਹਾਂ ਕਿ ਇਨਸਾਨ ਨੂੰ ਸਕੂਨ ਦੀ ਕੀਮਤ ਬੇਅਰਾਮੀ ਤੇ ਬੇਕਰਾਰੀ ਦੇ ਰੂਪ ਵਿੱਚ ਅਦਾ ਕਰਨੀ ਪੈਂਦੀ ਹੈ। ਕੋਈ ਤੁਹਾਡੇ ਕਿੰਨਾ ਕਰੀਬ ਸੀ, ਇਸ ਦਾ ਅਹਿਸਾਸ ਸਾਨੂੰ ਕੇਵਲ ਬਿਰਹਾਂ ਦੀ ਭੱਠੀ ਵਿੱਚ ਤਪ ਕੇ ਹੀ ਮਹਿਸੂਸ ਹੁੰਦਾ ਹੈ। ਸਫ਼ਲਤਾ ਦੀਆਂ ਪੌੜੀਆਂ ਤੋਂ ਫਿਸਲਣ ਦਾ ਖ਼ੌਫ਼ ਤੁਹਾਨੂੰ ਕਦੇ ਵੀ ਬੇਪ੍ਰਵਾਹ ਹੋ ਕੇ ਚਲਣ ਨਹੀਂ ਦਿੰਦਾ ਹੈ। ਜਦੋਂ ਇਨਸਾਨ ਨੂੰ ਇਹ ਜਾਪਦਾ ਹੈ ਕਿ ਹੁਣ ਸ਼ਾਇਦ ਸਭ ਕੁਝ ਠੀਕ ਹੋ ਗਿਆ ਹੈ, ਠੀਕ ਉਸੇ ਸਮੇਂ ਉਸ ਦਾ ਇਹ ਭਰਮ ਵੀ ਟੁੱਟ ਜਾਂਦਾ ਹੈ। ਸਮੇਂ ਦੀ ਹਰ ਨਾਗਵਾਰ ਕਰਵਟ ਵੱਲੋਂ ਮਨੁੱਖ ਦੀ ਰੂਹ ਨੂੰ ਹਰ ਵਾਰ ਵਲੂੰਧਰਿਆ ਜਾਂਦਾ ਹੈ। ਸੋਚਦਾ ਹਾਂ ਕਿ ਆਖ਼ਿਰ ਇਹ ਸਭ ਕੁਝ ਕਿਉਂ ਅਤੇ ਕਦੋਂ ਤੱਕ ਇਸ ਤਰ੍ਹਾਂ ਹੁੰਦਾ ਰਹੇਗਾ? ਕਦੋਂ ਤੱਕ ਮ੍ਰਿਗ ਤ੍ਰਿਸ਼ਨਾ ਦੇ ਚੱਕਰਵਿਊ ਵਿੱਚ ਫ਼ਸ ਕੇ ਅਸੀਂ ਉਨ੍ਹਾਂ ਦੁੱਖਾਂ ਨੂੰ ਵੀ ਦਾਅਵਤ ਦਿੰਦੇ ਰਹਾਂਗੇ, ਜਿਨ੍ਹਾਂ ਨੂੰ ਅਸੀਂ ਆਪਣੀ ਝੋਲੀ ਵਿੱਚ ਪੈਣ ਤੋਂ ਕਾਫੀ ਹੱਦ ਤੱਕ ਰੋਕ ਸਕਦੇ ਹੁੰਦੇ ਹਾਂ।

ਰਿਸ਼ੀਵਰ ਨੇ ਜਗਿਆਸੂ ਨੂੰ ਫ਼ੁਰਮਾਇਆ ਕਿ ਅਜੇ ਤੱਕ ਤੇਰੇ ਅੰਦਰ ਦਵੰਦ, ਦੁਚਿੱਤੀ ਅਤੇ ਅਗਿਆਨਤਾ ਦਾ ਭਾਂਬੜ ਮਚਿਆ ਹੋਇਆ ਹੈ, ਜਦੋਂ ਤੱਕ ਇਹ ਸ਼ਾਂਤ ਨਹੀਂ ਹੁੰਦਾ, ਤੈਨੂੰ ਚੈਨ ਨਸੀਬ ਨਹੀਂ ਹੋ ਸਕਦਾ ਹੈ। ਤੇਰੇ ਅੰਦਰ ਸਮੋਏ ਹੋਏ ਦਰਦ ਦੀਆਂ ਪਰਤਾਂ ਜਦੋਂ ਤੱਕ ਖੁੱਲ੍ਹ ਨਹੀਂ ਜਾਂਦੀਆਂ, ਉਸ ਸਮੇਂ ਤੱਕ ਤੂੰ ਇਉਂ ਹੀ ਤੜਫ਼ਦਾ ਰਹੇਂਗਾ। ਲਿਹਾਜ਼ਾ ਆਪਣੇ ਦਿਲ ਦਾ ਉਬਾਲ ਕੱਢ ਅਤੇ ਜਦੋਂ ਤੇਰਾ ਮਨ ਹੌਲਾ ਹੋ ਜਾਏਗਾ, ਤਦ ਮੈਂ ਆਪਣੀ ਗੱਲ ਕਹਾਂਗਾ। ਜਗਿਆਸੂ ਨੇ ਦੱਸਿਆ ਕਿ ਹੁਣ ਤੱਕ ਮੈਂ ਇਹ ਸਮਝਦਾ ਰਿਹਾ ਹਾਂ ਕਿ ਸ਼ਾਇਦ ਮੇਰੇ ਦੁਖ ਦਾ ਕਾਰਨ ਕੋਈ ਹੋਰ ਹੈ, ਲੇਕਿਨ ਜਦੋਂ ਗਹੁ ਨਾਲ ਵਾਚਿਆ ਤਾਂ ਇਉਂ ਜਾਪਿਆ ਕਿ ਦਰਅਸਲ ਜ਼ਿੰਦਗੀ ਨੂੰ ਆਸਾਨ ਬਣਾਉਣ ਦੀ ਕੋਸ਼ਿਸ਼ ਵਿੱਚ ਜ਼ਿੰਦਗੀ ਦੀਆਂ ਗੁੰਝਲਾਂ ਹੋਰ ਪੀਡੀਆਂ ਹੋ ਗਈਆਂ ਹਨ। ਜਿਵੇਂ-ਜਿਵੇਂ ਮੈਂ ਆਪਣੇ ਦਿਲ ਦੇ ਪਿੱਛੇ ਲੱਗ ਤੁਰਿਆ, ਤਦ-ਤਦ ਆਪਣੇ ਹੱਥੀਂ ਆਪਣੇ ਮਨ ਦੇ ਚੈਨ ਨੂੰ ਆਪਣੇ ਹੱਥੀਂ ਲਾਂਬੂ ਲਾਇਆ। ਮੰਜ਼ਿਲ ਦੀ ਕਸ਼ਿਸ਼ ਨੇ ਮੈਨੂੰ ਮੇਰੇ ਆਪਣਿਆਂ ਕੋਲੋਂ ਦੂਰ ਕਰ ਦਿੱਤਾ। ਮੈਂ ਜਿਸ ਨੂੰ ਆਪਣਾ ਨਫ਼ਾ ਸਮਝਿਆ ਦਰਅਸਲ ਉਹੋ ਹੀ ਮੇਰਾ ਅਸਲ ਘਾਟਾ ਸੀ। ਸਮਝ ਨਹੀਂ ਆਉਂਦਾ ਕਿ ਆਖ਼ਰ ਮੈਂ ਕੀ ਖੱਟਿਆ ਅਤੇ ਕੀ ਗਵਾਇਆ ਹੈ। ਰਿਸ਼ੀਵਰ ਨੇ ਭਾਂਪ ਲਿਆ ਕਿ ਇਸ ਦੇ ਅੰਦਰ ਦੀ ਪੀੜ ਦਾ ਫੋੜਾ ਬਸ ਹੁਣ ਫਿਸ ਚੁੱਕਾ ਹੈ।

ਰਿਸ਼ੀਵਰ ਮੁਸਕਰਾਏ ਅਤੇ ਫ਼ੁਰਮਾਇਆ ਕਿ ਧਿਆਨ ਦੇ ਕੇ ਸੁਣ! ਦਰਅਸਲ ਇਸੇ ਨੂੰ ਹੀ ਜ਼ਿੰਦਗੀ ਕਹਿੰਦੇ ਹਨ। ਯਾਦ ਰੱਖੋ! ਹਿਸਾਬ-ਕਿਤਾਬ ਵਿੱਚ ਉਲਝ ਕੇ ਕਦੇ ਬੇੜੇ ਪਾਰ ਨਹੀਂ ਲੰਘਦੇ ਹਨ। ਇਹ ਵੀ ਮੰਨ ਕੇ ਚਲੋ ਕਿ ਹਰੇਕ ਨੂੰ ਖੁਸ਼ੀ ਤੇ ਗਮੀ ਦੇ ਮੌਸਮਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕਦੇ ਵੀ ਹੇਰਵਿਆਂ ਦੀ ਮੰਝਧਾਰ ਵਿੱਚ ਉਲਝ ਕੇ ਮਨੁੱਖ ਸਾਹਿਲ ਤੱਕ ਨਹੀਂ ਪਹੁੰਚ ਪਾਉਂਦਾ ਹੈ। ਜ਼ਿੰਦਗੀ ਦੇ ਗਣਿਤ ਵਿੱਚ ਹੱਦੋਂ ਵੱਧ ਉਲਝ ਕੇ ਹਮੇਸ਼ਾ ਘਾਟਾ ਹੀ ਉਠਾਉਣਾ ਪੈਂਦਾ ਹੈ। ਤੁਸੀਂ ਇਹ ਵੀ ਸਮਝਣ ਦਾ ਯਤਨ ਕਰੋ ਕਿ ਜ਼ਿੰਦਗੀ ਦੀ ਆਪਣੀ ਇੱਕ ਚਾਲ ਹੁੰਦੀ ਹੈ, ਉਸ ਚਾਲ ਦੇ ਨਾਲ ਕਦਮ ਨਾਲ ਕਦਮ ਵਧਾਉਣ ਨਾਲ ਕਾਫੀ ਹੱਦ ਤੱਕ ਉਨ੍ਹਾਂ ਦੁਖ ਤਕਲੀਫ਼ਾਂ ਤੋਂ ਨਿਜ਼ਾਤ ਹਾਸਲ ਕੀਤੀ ਜਾ ਸਕਦੀ ਹੈ। ਜਿਹੜੇ ਲੋਕ ਛੋਟੀਆਂ-ਛੋਟੀਆਂ ਗੱਲਾਂ ਬਾਰੇ ਹੱਦੋਂ ਵੱਧ ਸੋਚਦੇ ਹਨ, ਉਹ ਲੋਕ ਹੀ ਮਾਨਸਿਕ ਤਣਾਓ ਦਾ ਸ਼ਿਕਾਰ ਹੁੰਦੇ ਹਨ। ਤੁਸੀਂ ਆਪਣੇ ਆਖ਼ਰੀ ਸਾਹਾਂ ਤੱਕ ਆਪਣੇ ਅਧੂਰੇਪਣ ਦੇ ਸੰਤਾਪ ਤੋਂ ਮੁਕਤ ਨਹੀਂ ਹੋ ਸਕਦੇ ਹੋ, ਲਿਹਾਜ਼ਾ ਜੋ ਕੁਝ ਤੁਹਾਡੇ ਕੋਲ ਮੌਜੂਦ ਹੈ, ਉਸ ਨੂੰ ਦਿਲੋਂ ਸਵੀਕਾਰ ਕਰੋ ਅਤੇ ਜੋ ਨਹੀਂ ਹੈ, ਉਸ ਨੂੰ ਪ੍ਰਾਪਤ ਕਰਨ ਲਈ ਯਤਨਸ਼ੀਲ ਰਹੋ ਤੇ ਸਬਰ ਰੱਖੋ। ਇਹ ਵੀ ਯਾਦ ਰੱਖੋ! ਆਪਣੇ ਬੇਸਬਰੇਪਣ ਅਤੇ ਉਤਵਾਲੇਪਣ ਦੀ ਵਜ੍ਹਾ ਨਾਲ ਕਦੇ ਵੀ ਤੁਸੀਂ ਪੁਰਸਕੂਨ ਜ਼ਿੰਦਗੀ ਜਿਉਣ ਵਿੱਚ ਕਾਮਯਾਬ ਨਹੀਂ ਹੋ ਪਾਉਗੇ। ਆਪਣੀ ਸੱਖਣੀ ਝੋਲੀ ਨੂੰ ਦੇਖ-ਦੇਖ ਰੋਸ ਨਾ ਕਰੋ। ਤੁਸੀਂ ਸਹਿਜ ਸੁਭਾਅ ਜਿਊਣ ਦੀ ਕਲਾ ਸਿੱਖੋ। ਅਕਸਰ ਦੇਖਣ ਨੂੰ ਮਿਲਦਾ ਹੈ ਕਿ ਮਨੁੱਖ ਆਪਣੀ ਮੰਜ਼ਿਲ ਦੀ ਪ੍ਰਾਪਤੀ ਦੀ ਕਾਮਨਾ ਰੱਖਦੇ ਹੋਏ ਗ਼ਫ਼ਲਤ ਦਾ ਸ਼ਿਕਾਰ ਹੋ ਕੇ ਆਉਣ ਵਾਲੇ ਕੱਲ੍ਹ ਦੇ ਗਰਭ ਵਿੱਚ ਛੁਪੀਆਂ ਹੋਈਆਂ ਦੁਸ਼ਵਾਰੀਆਂ ਦੀ ਕਲਪਨਾ ਕਰਨ ਤੋਂ ਵੀ ਖੁੰਝ ਜਾਂਦਾ ਹੈ। ਆਪਣੇ ਅਸਤਿਤਵ ਨੂੰ ਇੱਕ ਮੁਨਫ਼ਰਿਦ ਪਛਾਣ ਦੁਆਉਣ ਦੀ ਕੋਸ਼ਿਸ਼ ਵਿੱਚ ਉਹ ਹੌਲੀ-ਹੌਲੀ ਇੱਕ ਦਿਨ ਖੁਦ ਹੀ ਫ਼ਨਾਹ ਹੋ ਜਾਂਦਾ ਹੈ। ਦੂਸਰਿਆਂ ਦੇ ਨੁਕਤਾ-ਏ-ਨਿਗਾਹ ਨੂੰ ਸਮਝਣ ਦੀ ਬਜਾਏ ਮਨੁੱਖ ਆਪਣੇ ਜ਼ਾਵੀਏ ਨੂੰ ਦਰੁਸਤ ਸਾਬਤ ਕਰਨ ਦੀ ਕੋਸ਼ਿਸ਼ ਕਰਦਾ ਹੋਇਆ ਰਫ਼ਤਾ-ਰਫ਼ਤਾ ਮਾਨਸਿਕ ਸੰਕੀਰਣਤਾ ਦਾ ਇੰਨਾ ਬੁਰੀ ਤਰ੍ਹਾਂ ਸ਼ਿਕਾਰ ਹੋ ਜਾਂਦਾ ਹੈ ਕਿ ਕਈ ਵਾਰ ਉਹ ਆਪਣੇ ਝੂਠ ਨੂੰ ਸੱਚ ਸਮਝਣ ਦੀ ਭੁੱਲ ਕਰ ਲੈਂਦਾ

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

# ਪੰਜਾਬ ਦੀਆਂ ਔਰਤਾਂ ਵੱਲੋਂ ਬੱਚੇ ਪੈਦਾ ਕਰਨ ਤੋਂ ਪਰਹੇਜ਼ !

## *ਜਨਮ ਦਰ ਵਿੱਚ ਗਿਰਾਵਟ

ਪੰਜਾਬੀ ਪਰਵਾਜ਼ ਬਿਊਰੋ

ਪੰਜਾਬ ਦੀਆਂ ਔਰਤਾਂ ਹੁਣ ਬੱਚੇ ਪੈਦਾ ਕਰਨ ਤੋਂ ਪਰਹੇਜ਼ ਕਰ ਰਹੀਆਂ ਹਨ। ਇਹੀ ਕਾਰਨ ਹੈ ਕਿ ਸੂਬੇ ਵਿੱਚ ਜਨਮ ਦਰ ਵਿੱਚ ਕਮੀ ਦੇਖਣ ਨੂੰ ਮਿਲ ਰਹੀ ਹੈ। ਪਿਛਲੇ 10 ਸਾਲਾਂ ਵਿੱਚ ਪੰਜਾਬ ਦੀ ਕੁੱਲ ਜਨਮ ਦਰ ਵਿੱਚ 11.8 ਫ਼ੀਸਦੀ ਦੀ ਗਿਰਾਵਟ ਦਰਜ ਕੀਤੀ ਗਈ ਹੈ।

ਕੇਂਦਰ ਸਰਕਾਰ ਦੀ ਸੈਂਪਲ ਰਜਿਸਟ੍ਰੇਸ਼ਨ ਸਿਸਟਮ ਸਟੈਟਿਸਟੀਕਲ ਰਿਪੋਰਟ ਵਿੱਚ ਇਸ ਦਾ ਖੁਲਾਸਾ ਹੋਇਆ ਹੈ। ਰਿਪੋਰਟ ਮੁਤਾਬਕ ਇਹ ਵੱਡਾ ਬਦਲਾਅ ਲੋਕਾਂ ਦੀ ਬਦਲਦੀ ਜੀਵਨ ਸ਼ੈਲੀ ਕਾਰਨ ਆਇਆ ਹੈ। ਪੰਜਾਬ ਵਿੱਚ ਸਾਲ 2011-13 ਦੌਰਾਨ ਕੁੱਲ ਜਨਮ ਦਰ 1.7 ਸੀ, 2021-23 ਵਿੱਚ ਘਟ ਕੇ 1.5 ਹੋ ਗਈ ਹੈ। ਇਹ ਕੌਮੀ ਦਰ ਤੋਂ ਵੀ ਘੱਟ ਹੈ। ਜੇਕਰ ਪੇਂਡੂ ਖੇਤਰਾਂ ਦੀ ਗੱਲ ਕੀਤੀ ਜਾਵੇ ਤਾਂ 2011-13 ਵਿੱਚ ਜਨਮ ਦਰ 1.8 ਸੀ, ਜੋ 2023 ਵਿੱਚ ਘਟ ਕੇ 1.6 ਰਹਿ ਗਈ ਹੈ, ਜਿਸ ਵਿੱਚ 11.1 ਫ਼ੀਸਦੀ ਦੀ ਕਮੀ ਦਰਜ ਕੀਤੀ ਗਈ। ਇਸੇ ਤਰ੍ਹਾਂ ਸ਼ਹਿਰੀ ਖੇਤਰਾਂ ਵਿੱਚ ਇਹ ਦਰ 1.6 ਤੋਂ ਘਟ ਕੇ 1.4 ਹੋ ਗਈ ਹੈ, ਜੋ 12.5 ਪ੍ਰਤੀਸ਼ਤ ਦੀ ਕਮੀ ਨੂੰ ਦਰਸਾਉਂਦੀ ਹੈ।

ਆਦਰਸ਼ ਜਨਮ ਦਰ 2.1 ਮੰਨੀ ਜਾਂਦੀ ਹੈ, ਜੋ ਆਬਾਦੀ ਨੂੰ ਸਥਿਰ ਰੱਖਣ ਲਈ ਕਾਫ਼ੀ ਹੈ। ਹਾਲਾਂਕਿ ਕੁਝ ਵਿਕਸਤ ਮੁਲਕਾਂ ਵਿੱਚ ਇਹ ਦਰ 2.1 ਤੋਂ ਘੱਟ ਹੈ ਅਤੇ ਉਨ੍ਹਾਂ ਦੀ ਆਬਾਦੀ ਘਟ ਰਹੀ ਹੈ। ਦੂਜੇ ਪਾਸੇ, ਕੁਝ ਦੇਸ਼ਾਂ ਵਿੱਚ ਉੱਚ ਜਨਮ ਦਰ ਕਾਰਨ ਆਬਾਦੀ ਵਧ ਰਹੀ ਹੈ। ਰਾਸ਼ਟਰੀ ਪੱਧਰ 'ਤੇ ਵੀ ਜਨਮ ਦਰ ਵਿੱਚ ਪਹਿਲਾਂ ਨਾਲੋਂ ਕਮੀ ਆਈ ਹੈ। ਸਾਲ 2011-13 ਵਿੱਚ ਇਹ 2.4 ਸੀ, ਜੋ 2021-23 ਵਿੱਚ 2.0 ਹੋ ਗਈ ਹੈ।

**ਕੰਮਕਾਜੀ ਔਰਤਾਂ ਦੀ ਵਧਦੀ ਗਿਣਤੀ:** ਪੰਜਾਬ ਵਿੱਚ ਹੁਣ ਕੰਮਕਾਜੀ ਔਰਤਾਂ ਦੀ ਗਿਣਤੀ ਵਧ ਰਹੀ ਹੈ, ਜਿਸ ਦਾ ਅਸਰ ਜਨਮ ਦਰ 'ਤੇ ਵੀ ਪੈ ਰਿਹਾ ਹੈ। ਹੁਣ 14 ਸਾਲ ਦੀ ਉਮਰ ਤੱਕ ਦੀਆਂ ਕੁੜੀਆਂ/ਔਰਤਾਂ ਦੀ ਆਬਾਦੀ ਦਾ ਪ੍ਰਤੀਸ਼ਤ ਘਟ ਰਿਹਾ ਹੈ। ਸਾਲ 2013 ਵਿੱਚ ਇਹ 22.1 ਪ੍ਰਤੀਸ਼ਤ ਸੀ, ਜੋ 2023 ਵਿੱਚ ਘਟ ਕੇ 19.1 ਪ੍ਰਤੀਸ਼ਤ ਹੋ ਗਿਆ। ਇਸ ਦੇ ਨਾਲ ਹੀ 15 ਤੋਂ 59 ਸਾਲ ਦੀ ਉਮਰ ਦੇ ਵਰਗ ਵਿੱਚ ਔਰਤਾਂ ਦੀ ਆਬਾਦੀ ਦਾ ਪ੍ਰਤੀਸ਼ਤ ਤੇਜ਼ੀ ਨਾਲ ਵਧ ਰਿਹਾ ਹੈ। ਸਾਲ 2013 ਵਿੱਚ ਇਸ ਉਮਰ ਵਰਗ ਵਿੱਚ ਔਰਤਾਂ ਦਾ ਪ੍ਰਤੀਸ਼ਤ 66.4 ਸੀ, ਜੋ 2023 ਵਿੱਚ ਵਧ ਕੇ 68.8 ਪ੍ਰਤੀਸ਼ਤ ਹੋ ਗਿਆ। ਇਸੇ ਉਮਰ ਵਰਗ ਵਿੱਚ ਕੰਮਕਾਜੀ ਔਰਤਾਂ ਸ਼ਾਮਲ ਹਨ।



ਔਰਤਾਂ ਦੀ ਵਧਦੀ ਸਿੱਖਿਆ ਅਤੇ ਕੰਮਕਾਜੀ ਜੀਵਨ ਵਿੱਚ ਸ਼ਮੂਲੀਅਤ ਨੇ ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਅਤੇ ਪਹਿਲਕਦਮੀਆਂ ਨੂੰ ਬਦਲ ਦਿੱਤਾ ਹੈ। ਬਹੁਤ ਸਾਰੀਆਂ ਔਰਤਾਂ ਹੁਣ ਕਰੀਅਰ 'ਤੇ ਧਿਆਨ ਦੇਣ ਨੂੰ ਤਰਜੀਹ ਦਿੰਦੀਆਂ ਹਨ, ਜਿਸ ਕਾਰਨ ਉਹ ਵਿਆਹ ਅਤੇ ਬੱਚੇ ਪੈਦਾ ਕਰਨ ਦੇ ਫੈਸਲੇ ਨੂੰ ਮੁਲਤਵੀ ਕਰ ਰਹੀਆਂ ਹਨ। ਇਸ ਦੇ ਨਾਲ ਹੀ ਸਮਾਜਿਕ ਅਤੇ ਆਰਥਿਕ ਬਦਲਾਅ ਹੋਣ ਕਰ ਕੇ ਵੀ ਔਰਤਾਂ ਆਪਣੇ ਜੀਵਨ ਦੀਆਂ ਤਰਜੀਹਾਂ 'ਤੇ ਧਿਆਨ ਦੇ ਰਹੀਆਂ ਹਨ।

**ਬਜ਼ੁਰਗਾਂ ਦੀ ਆਬਾਦੀ ਵਿੱਚ ਵਾਧਾ:** ਪੰਜਾਬ ਵਿੱਚ ਬਜ਼ੁਰਗਾਂ ਦੀ ਆਬਾਦੀ ਵਧ ਰਹੀ ਹੈ। ਸਾਲ 2013 ਵਿੱਚ ਸੂਬੇ ਦੀ ਕੁੱਲ ਆਬਾਦੀ ਵਿੱਚ 60 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਲੋਕਾਂ ਦਾ ਹਿੱਸਾ 10.6 ਫ਼ੀਸਦੀ ਸੀ, ਜੋ 2023 ਵਿੱਚ ਵਧ ਕੇ 11.6 ਫ਼ੀਸਦੀ ਹੋ ਗਿਆ। ਜੇਕਰ ਔਰਤਾਂ ਦੀ ਗੱਲ ਕੀਤੀ ਜਾਵੇ ਤਾਂ ਇਸ ਉਮਰ ਵਰਗ ਵਿੱਚ ਉਨ੍ਹਾਂ ਦਾ ਫ਼ੀਸਦ 2013 ਵਿੱਚ 11.5 ਸੀ, ਜੋ 2023 ਵਿੱਚ ਵਧ ਕੇ 12.1 ਫ਼ੀਸਦ ਹੋ ਗਿਆ। ਇਸੇ ਤਰ੍ਹਾਂ ਪੁਰਸ਼ਾਂ ਵਿੱਚ ਵੀ ਬਜ਼ੁਰਗਾਂ ਦੀ ਆਬਾਦੀ ਦੇ ਪ੍ਰਤੀਸ਼ਤ ਵਿੱਚ 1.3 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ, ਜੋ 9.8 ਤੋਂ ਵਧ ਕੇ 11.1 ਪ੍ਰਤੀਸ਼ਤ ਹੋ ਗਿਆ।

ਬਜ਼ੁਰਗਾਂ ਦੀ ਵਧਦੀ ਜਨਸੰਖਿਆ ਦਾ ਕਾਰਨ ਬਿਹਤਰ ਸਿਹਤ ਸਹੂਲਤਾਂ, ਲੰਬੀ ਉਮਰ ਅਤੇ ਜੀਵਨ ਪੱਧਰ ਵਿੱਚ ਸੁਧਾਰ ਹੈ। ਹਾਲਾਂਕਿ ਇਸ ਦੇ ਨਾਲ ਹੀ ਘੱਟ ਜਨਮ ਦਰ ਨੇ ਸੂਬੇ ਦੀ ਜਨਸੰਖਿਆ ਦੇ ਢਾਂਚੇ ਨੂੰ ਬਦਲ ਦਿੱਤਾ ਹੈ। ਵਧਦੀ ਬਜ਼ੁਰਗ ਆਬਾਦੀ ਅਤੇ ਘੱਟ ਜਨਮ ਦਰ ਦੇ ਨਤੀਜੇ ਵਜੋਂ ਭਵਿੱਖ ਵਿੱਚ ਸੂਬੇ ਨੂੰ ਸਮਾਜਿਕ ਤੇ ਆਰਥਿਕ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਜਿਵੇਂ ਕਿ ਸਿਹਤ ਸੰਭਾਲ ਅਤੇ ਪੈਨਸ਼ਨ ਸਕੀਮਾਂ 'ਤੇ ਵਧਦਾ ਬੋਝ।

### ਕੁੱਲ ਜਨਮ ਦਰ ਵਿੱਚ ਕਮੀ ਦੇ ਮੁੱਖ ਕਾਰਨ

***ਸ਼ਹਿਰੀਕਰਨ, ਸਿੱਖਿਆ ਅਤੇ ਕੰਮਕਾਜੀ ਸ਼ਮੂਲੀਅਤ:** ਸ਼ਹਿਰੀਕਰਨ ਦੇ ਨਾਲ ਔਰਤਾਂ ਦੀ ਸਿੱਖਿਆ ਅਤੇ ਕੰਮਕਾਜੀ ਜੀਵਨ ਵਿੱਚ ਸ਼ਮੂਲੀਅਤ ਵਧੀ ਹੈ। ਇਸ ਨੇ ਔਰਤਾਂ ਦੀਆਂ ਜ਼ਿੰਮੇਵਾਰੀਆਂ ਅਤੇ ਪਹਿਲਾਂ ਨੂੰ ਬਦਲ ਦਿੱਤਾ ਹੈ।

***ਬੱਚਿਆਂ ਦੀ ਸਿੱਖਿਆ ਅਤੇ ਪਾਲਣ-ਪੋਸ਼ਣ ਦੀ ਵਧਦੀ ਲਾਗਤ:** ਬੱਚਿਆਂ ਦੀ ਸਿੱਖਿਆ, ਸਿਹਤ ਅਤੇ ਪਾਲਣ-ਪੋਸ਼ਣ ਦੀ ਵਧਦੀ ਲਾਗਤ ਨੇ ਪਰਿਵਾਰਾਂ ਨੂੰ ਘੱਟ ਬੱਚੇ ਪੈਦਾ ਕਰਨ ਲਈ ਪ੍ਰੇਰਿਤ ਕੀਤਾ ਹੈ।

***ਪਰਿਵਾਰ ਨਿਯੋਜਨ ਅਤੇ ਛੋਟੇ ਪਰਿਵਾਰਾਂ ਦਾ ਰੁਝਾਨ:** ਪਰਿਵਾਰ ਨਿਯੋਜਨ ਪ੍ਰੋਗਰਾਮਾਂ ਦੀ ਸੁਲੱਭਤਾ ਅਤੇ ਛੋਟੇ ਪਰਿਵਾਰਾਂ ਦੇ ਵਧਦੇ ਰੁਝਾਨ ਨੇ ਵੀ ਪ੍ਰਜਨਨ ਦਰ ਨੂੰ ਘਟਾਇਆ ਹੈ।

***ਬਦਲਦੀ ਜੀਵਨ ਸ਼ੈਲੀ ਅਤੇ ਸੋਚ:** ਪੰਜਾਬ ਦੇ ਲੋਕਾਂ ਦੀ ਜੀਵਨ ਸ਼ੈਲੀ ਅਤੇ ਸੋਚ ਵਿੱਚ ਵੀ ਬਦਲਾਅ ਆ ਰਿਹਾ ਹੈ। ਪਹਿਲਾਂ ਲੋਕ ਸੋਚਦੇ ਸਨ ਕਿ ਵੱਧ ਬੱਚੇ ਹੋਣ ਨਾਲ ਕਮਾਈ ਦੇ ਸਾਧਨ ਵਧਣਗੇ ਪਰ ਹੁਣ ਇਹ ਸੋਚ ਬਦਲ ਗਈ ਹੈ। ਬੱਚਿਆਂ ਦੇ ਖਰਚੇ ਵਧਣ ਕਾਰਨ ਲੋਕ ਹੁਣ ਛੋਟੇ ਪਰਿਵਾਰਾਂ ਨੂੰ ਤਰਜੀਹ ਦੇ ਰਹੇ ਹਨ। ਇਸਤਰੀ ਰੋਗ ਮਾਹਿਰ ਮਨੀਸ਼ਾ ਸੈਣੀ ਅਨੁਸਾਰ "ਪੰਜਾਬ ਵਿੱਚ ਲੋਕਾਂ ਦੀ ਸੋਚ ਵਿੱਚ ਬਦਲਾਅ ਆਇਆ ਹੈ। ਹੁਣ ਲੋਕ ਵੱਧ ਬੱਚਿਆਂ ਨੂੰ ਆਰਥਿਕ ਬੋਝ ਵਜੋਂ ਦੇਖਦੇ ਹਨ, ਜੋ ਜਨਮ ਦਰ ਵਿੱਚ ਕਮੀ ਦਾ ਇੱਕ ਵੱਡਾ ਕਾਰਨ ਹੈ।"

ਘੱਟ ਜਨਮ ਦਰ ਅਤੇ ਵਧਦੀ ਬਜ਼ੁਰਗ ਆਬਾਦੀ ਨੇ ਪੰਜਾਬ ਦੇ ਸਾਹਮਣੇ ਕਈ ਚੁਣੌਤੀਆਂ ਖੜ੍ਹੀਆਂ ਕੀਤੀਆਂ ਹਨ। ਆਬਾਦੀ ਦੇ ਇਸ ਬਦਲਦੇ ਢਾਂਚੇ ਕਾਰਨ ਸੂਬੇ ਨੂੰ ਸਿਹਤ ਸੰਭਾਲ, ਸਮਾਜਿਕ ਸੁਰੱਖਿਆ, ਅਤੇ ਕੰਮਕਾਜੀ ਬਲ ਦੀ ਘਾਟ ਵਰਗੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਸਰਕਾਰ ਨੂੰ ਇਸ ਦਿਸ਼ਾ ਵਿੱਚ ਨੀਤੀਆਂ ਬਣਾਉਣ ਦੀ ਲੋੜ ਹੈ, ਜੋ ਨੌਜਵਾਨ ਪੀੜ੍ਹੀ ਅਤੇ ਬਜ਼ੁਰਗਾਂ ਦੀਆਂ ਜ਼ਰੂਰਤਾਂ ਨੂੰ ਸੰਤੁਲਿਤ ਕਰ ਸਕਣ।

ਪੰਜਾਬ ਵਿੱਚ ਜਨਮ ਦਰ ਵਿੱਚ ਗਿਰਾਵਟ ਸਮਾਜਿਕ, ਆਰਥਿਕ ਅਤੇ ਸੱਭਿਆਚਾਰਕ ਬਦਲਾਅ ਦਾ ਨਤੀਜਾ ਹੈ। ਔਰਤਾਂ ਦੀ ਵਧਦੀ ਸਿੱਖਿਆ, ਕੰਮਕਾਜੀ ਸ਼ਮੂਲੀਅਤ ਅਤੇ ਬਦਲਦੀ ਜੀਵਨ ਸ਼ੈਲੀ ਨੇ ਇਸ ਰੁਝਾਨ ਨੂੰ ਹੋਰ ਮਜ਼ਬੂਤ ਕੀਤਾ ਹੈ। ਸਰਕਾਰ ਅਤੇ ਸਮਾਜ ਨੂੰ ਇਸ ਬਦਲਦੇ ਆਬਾਦੀ ਢਾਂਚੇ ਨੂੰ ਸਮਝਣ ਅਤੇ ਇਸ ਦੇ ਭਵਿੱਖੀ ਪ੍ਰਭਾਵਾਂ ਨੂੰ ਮੁਖ਼ਾਤਬ ਹੋਣ ਲਈ ਤਿਆਰ ਰਹਿਣ ਦੀ ਲੋੜ ਹੈ।

## ਮਨ ਦੀਆਂ ਗੁੰਝਲਾਂ ਅਤੇ ਸਹਿਜ ਦੀ ਖੋਜ

...ਸਫ਼ਾ 16 ਦੀ ਬਾਕੀ ⇒

ਹੈ ਅਤੇ ਦੂਜੇ ਦੇ ਸੱਚ ਨੂੰ ਮੁੱਢੋਂ ਹੀ ਦਰਕਿਨਾਰ ਕਰ ਦਿੰਦਾ ਹੈ।

ਰਿਸ਼ੀਵਰ ਨੇ ਜਗਿਆਸੂ ਨੂੰ ਫ਼ੁਰਮਾਇਆ ਕਿ ਜਿੱਥੋਂ ਤੱਕ ਸੰਭਵ ਹੋ ਸਕੇ, ਇਹ ਕੋਸ਼ਿਸ਼ ਕਰੋ ਕਿ ਅਜ਼ਮਾਇਸ਼ ਦੀ ਘੜੀ ਵਿੱਚ ਵੀ ਆਪਣਾ ਸਹਿਜ ਨਾ ਗਵਾਉ। ਇੱਕ ਵਾਰ ਨਕਾਰਾਤਮਕ ਵਿਚਾਰਾਂ ਦੀ ਦਲਦਲ ਵਿੱਚ ਧਸਦੇ ਜਾਣ ਪਿੱਛੋਂ ਉਸ ਵਿੱਚੋਂ ਬਾਹਰ ਨਿਕਲਣਾ ਬਹੁਤ ਮੁਸ਼ਕਲ ਹੁੰਦਾ ਹੈ। ਮੰਜ਼ਿਲ ਦੀ ਪ੍ਰਾਪਤੀ ਦਾ ਖ਼ਾਬ ਜ਼ਰੂਰ ਦੇਖੋ ਅਤੇ ਆਪਣੇ ਖ਼ਾਬਾਂ ਦੀ ਤਾਬੀਰ ਲਈ ਕੋਸ਼ਿਸ਼ ਵੀ ਕਰੋ, ਲੇਕਿਨ ਆਪਣੀਆਂ ਅਕਾਂਖਸ਼ਾਵਾਂ ਦੀ ਸੰਤੁਸ਼ਟੀ ਖ਼ਾਤਰ ਕਦੇ ਵੀ ਆਪਣੇ ਆਪ ਨੂੰ ਇੰਨਾ ਬੇਚੈਨ ਨਾ ਕਰੋ ਕਿ ਫਿਰ ਕਦੇ ਤੁਹਾਡੇ ਦਿਲ ਨੂੰ ਚੈਨ ਵੀ ਨਸੀਬ ਨਾ ਹੋਵੇ। ਜੇਕਰ ਤੁਸੀਂ ਗਹੁ ਨਾਲ ਦੇਖੋ ਤਾਂ ਤੁਸੀਂ ਖ਼ੁਦ ਮਹਿਸੂਸ ਕਰੋਗੇ ਕਿ ਸੁੱਖ ਤੇ ਦੁੱਖ ਪਰਛਾਵਿਆਂ ਦੀ ਨਿਆਈਂ ਹੁੰਦੇ ਹਨ ਅਤੇ ਪਰਛਾਵਿਆਂ ਦਾ ਆਪਣਾ ਕੋਈ ਸਥਾਈ ਵਜੂਦ ਨਹੀਂ ਹੁੰਦਾ ਹੈ। ਲਿਹਾਜ਼ਾ ਆਪਣੇ ਮਨ ਦੀ ਮੌਜ ਵਿੱਚ ਬੇਪ੍ਰਵਾਹ ਹੋ ਕੇ ਜਿਊਣ ਦੀ ਰਮਜ਼ ਨੂੰ ਵੀ ਸਮਝਣ ਦਾ ਉਪਰਾਲਾ ਕਰੋ ਤਾਂ ਜੋ ਤੁਸੀਂ ਨਿਰਾਰਥਕ ਵਿਚਾਰਾਂ ਅਤੇ ਭਾਵਨਾਵਾਂ ਦੇ ਵੇਗ ਵਿੱਚ ਉਲਝ ਕੇ ਕਿਤੇ ਆਪਣੇ ਹੱਥੀਂ ਆਪਣੀਆਂ ਛੋਟੀਆਂ-ਛੋਟੀਆਂ ਖ਼ੁਸ਼ੀਆਂ ਦਾ ਗਲਾ ਨਾ ਘੁੱਟ ਲਵੋ। ਮਨੁੱਖ ਦਾ ਸੰਵੇਦਨਸ਼ੀਲ ਹੋਣਾ ਕਿਸੇ ਹੱਦ ਤੱਕ ਇੱਕ ਗੁਣ ਹੈ, ਲੇਕਿਨ ਆਪਣੇ ਮਨ ਪਿੱਛੇ ਲੱਗ ਕੇ ਅੰਨਿਆਂ ਵਾਂਗ ਤੁਰਨਾ ਇੱਕ ਬਹੁਤ ਵੱਡਾ ਔਗੁਣ ਵੀ ਹੈ। ਲਿਹਾਜ਼ਾ ਜੋ ਕੁਝ ਤੁਹਾਨੂੰ ਹਾਸਲ ਹੋ ਚੁੱਕਾ ਹੈ, ਉਸ ਲਈ ਪ੍ਰਮਾਤਮਾ ਦਾ ਸ਼ੁਕਰਾਨਾ ਕਰੋ ਅਤੇ ਜੋ ਕੁਝ ਤੁਸੀਂ ਹਾਸਲ ਕਰਨ ਲਈ ਯਤਨਸ਼ੀਲ ਹੋ, ਉਸ ਲਈ ਕਦੇ ਵੀ ਆਪਣੇ ਸਹਿਜ ਨੂੰ ਨਾ ਗਵਾਉ।

# ਮਨੁੱਖੀ ਤਸਕਰੀ ਦਾ ਵਧਦਾ ਖਤਰਾ

ਪੰਜਾਬੀ ਪਰਵਾਜ਼ ਬਿਊਰੋ

ਇਸ ਤੋਂ ਇਲਾਵਾ ਹਾਲ ਹੀ ਵਿੱਚ ਲੀਬੀਆ ਦੇ ਪੂਰਬੀ ਤੱਟ 'ਤੇ ਰਬੜ ਨਾਲ ਬਣੀ ਇੱਕ ਪਰਵਾਸੀ ਕਿਸ਼ਤੀ ਡੁੱਬ ਗਈ। ਇਸ ਹਾਦਸੇ ਵਿੱਚ ਘੱਟੋ-ਘੱਟ 19 ਲੋਕਾਂ ਦੀ ਮੌਤ ਹੋ ਗਈ, ਜਦਕਿ 42 ਲੋਕ ਲਾਪਤਾ ਦੱਸੇ ਜਾ ਰਹੇ ਹਨ। ਅੰਤਰਰਾਸ਼ਟਰੀ ਪਰਵਾਸ ਸੰਗਠਨ (ਆਈ.ਓ.ਐਮ.) ਨੇ ਕਿਸ਼ਤੀ ਡੁੱਬਣ ਦੀ ਸੂਚਨਾ ਦਿੱਤੀ। ਇਹ ਕਿਸ਼ਤੀ 9 ਸਤੰਬਰ ਨੂੰ ਕੰਬਾਉਟ ਸ਼ਹਿਰ ਦੇ ਨੇੜੇ ਸਮੁੰਦਰੀ ਤੱਟ ਤੋਂ ਰਵਾਨਾ ਹੋਈ ਸੀ ਅਤੇ ਉਸੇ ਦਿਨ ਡੁੱਬ ਗਈ ਸੀ। ਇਸ ਵਿੱਚ 70 ਤੋਂ ਵੱਧ ਸੁਡਾਨ ਅਤੇ ਦੱਖਣੀ ਸੁਡਾਨ ਦੇ ਨਾਗਰਿਕ ਸਵਾਰ ਸਨ। ਆਈ.ਓ.ਐਮ. ਦੇ ਬੁਲਾਰੇ ਅਨੁਸਾਰ 14 ਲੋਕਾਂ ਨੂੰ ਪੰਜ ਦਿਨਾਂ ਬਾਅਦ ਬਚਾਇਆ ਗਿਆ, ਜਦਕਿ 42 ਲੋਕ ਹੁਣ ਵੀ ਲਾਪਤਾ ਹਨ। ਇਹ ਸਪੱਸ਼ਟ ਨਹੀਂ ਹੈ ਕਿ ਬਚੇ ਹੋਏ ਲੋਕ ਇੰਨੇ ਦਿਨ ਸਮੁੰਦਰ ਵਿੱਚ ਕਿਵੇਂ ਜਿਊਂਦੇ ਰਹੇ।

ਲੀਬੀਆ ਲੰਬੇ ਸਮੇਂ ਤੋਂ ਅਫਰੀਕਾ ਅਤੇ ਮੱਧ ਪੂਰਬ ਦੇ ਯੁੱਧ ਤੇ ਗਰੀਬੀ ਤੋਂ ਭੱਜ ਰਹੇ ਪਰਵਾਸੀਆਂ ਲਈ ਯੂਰਪ ਪਹੁੰਚਣ ਦਾ ਮੁੱਖ ਰਾਸਤਾ ਰਿਹਾ ਹੈ। ਲੀਬੀਆ ਰੈੱਡ ਕ੍ਰਿਸੈਂਟ ਨੇ ਆਪਣੇ ਫੇਸਬੁੱਕ ਪੇਜ 'ਤੇ ਦੱਸਿਆ ਕਿ ਉਸ ਨੂੰ ਤੋਬਰੁਕ ਪ੍ਰਸ਼ਾਸਨ ਤੋਂ ਇੱਕ ਐਮਰਜੈਂਸੀ ਕਾਲ ਮਿਲੀ ਸੀ, ਜਿਸ ਵਿੱਚ ਕੰਬਾਉਟ ਸਮੁੰਦਰੀ ਤੱਟ ਤੋਂ ਲਾਸ਼ਾਂ ਬਰਾਮਦ ਕਰਨ ਦੀ ਗੱਲ ਕਹੀ ਗਈ ਸੀ। ਰੈੱਡ ਕ੍ਰਿਸੈਂਟ ਨੇ ਕਈ ਲਾਸ਼ਾਂ ਬਰਾਮਦ ਕੀਤੀਆਂ, ਪਰ ਇਹ ਸਪੱਸ਼ਟ ਨਹੀਂ ਕੀਤਾ ਕਿ ਇਹ ਉਹੀ 19 ਲਾਸ਼ਾਂ ਸਨ, ਜਿਨ੍ਹਾਂ ਦਾ ਜ਼ਿਕਰ ਆਈ.ਓ.ਐਮ. ਦੀ ਰਿਪੋਰਟ ਵਿੱਚ ਸੀ ਜਾਂ ਵੱਖਰੀਆਂ ਸਨ।

ਇੱਕ ਵੱਖਰੀ ਘਟਨਾ ਵਿੱਚ ਪੱਛਮੀ ਲੀਬੀਆ ਦੇ ਤੱਟੀ ਸ਼ਹਿਰ ਜੁਵਾਰਾ ਦੇ ਅਧਿਕਾਰੀਆਂ ਅਨੁਸਾਰ ਉਨ੍ਹਾਂ ਨੇ ਪੰਜ ਔਰਤਾਂ ਅਤੇ ਇੱਕ ਬੱਚੇ ਸਮੇਤ 35 ਪਰਵਾਸੀਆਂ ਨੂੰ ਬਚਾਇਆ। ਜੁਵਾਰਾ ਨੇਵੀ ਓਪਰੇਸ਼ਨ ਫੋਰਸ ਦੇ ਇੱਕ ਬਿਆਨ ਅਨੁਸਾਰ ਪਰਵਾਸੀ ਅਬੂ ਕੰਮਾਸ਼ ਖੇਤਰ ਦੇ ਤੱਟ 'ਤੇ ਇੱਕ ਕਿਸ਼ਤੀ 'ਤੇ ਸਵਾਰ ਸਨ। ਇਹ ਫੋਰਸ ਪੱਛਮ ਵਿੱਚ ਰਾਜਧਾਨੀ ਤ੍ਰਿਪੋਲੀ ਵਿੱਚ ਅੰਤਰਰਾਸ਼ਟਰੀ ਮਾਨਤਾ ਪ੍ਰਾਪਤ ਰਾਸ਼ਟਰੀ ਏਕਤਾ ਸਰਕਾਰ ਦਾ ਹਿੱਸਾ ਹੈ।

ਲੀਬੀਆਈ ਅਧਿਕਾਰੀਆਂ ਅਨੁਸਾਰ ਇਸ ਮਹੀਨੇ ਦੇ ਸ਼ੁਰੂ ਵਿੱਚ ਵੀ ਲੀਬੀਆ ਦੇ ਤੱਟ 'ਤੇ ਇੱਕ ਪਰਵਾਸੀ ਕਿਸ਼ਤੀ ਪਲਟ ਗਈ ਸੀ, ਜਿਸ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ ਅਤੇ 22 ਲੋਕ ਲਾਪਤਾ ਹੋ ਗਏ ਸਨ। ਤੋਬਰੁਕ ਵਿੱਚ ਤਟ ਰਖਿਅਕ ਨੇ ਉਸ ਸਮੇਂ ਕਿਹਾ ਸੀ ਕਿ ਕਿਸ਼ਤੀ ਵਿੱਚ 32 ਪਰਵਾਸੀ ਸਵਾਰ ਸਨ, ਜਿਨ੍ਹਾਂ ਵਿੱਚੋਂ ਨੌਂ ਨੂੰ ਬਚਾ ਲਿਆ ਗਿਆ ਸੀ।

ਗੌਰਤਲਬ ਹੈ ਕਿ 2011 ਵਿੱਚ ਨਾਟੋ ਸਮਰਥਿਤ ਵਿਦਰੋਹ ਤੋਂ ਬਾਅਦ ਲੀਬੀਆ ਵਿੱਚ ਲੰਬੇ ਸਮੇਂ ਤੋਂ ਅਰਾਜਕਤਾ ਦਾ ਮਾਹੌਲ ਹੈ, ਜਦੋਂ ਤਾਨਾਸ਼ਾਹ ਮੁਅੱਮਰ ਗੱਦਾਫੀ ਨੂੰ ਸੱਤਾ ਤੋਂ ਹਟਾ ਕੇ ਮਾਰ ਦਿੱਤਾ ਗਿਆ ਸੀ। ਇਸ ਤੋਂ ਬਾਅਦ ਲੀਬੀਆ ਵਿੱਚ ਸਿਆਸੀ ਅਤੇ ਸੁਰੱਖਿਆ ਸਥਿਤੀ ਅਸਥਿਰ ਰਹੀ ਹੈ। ਵੱਖ-ਵੱਖ ਸਮੂਹਾਂ ਅਤੇ ਸੰਗਠਨਾਂ ਵਿਚਕਾਰ ਸੱਤਾ ਦੀ ਖਿੱਚੋਤਾਣ ਨੇ ਦੇਸ਼ ਨੂੰ ਅਸਥਿਰ ਕਰ ਦਿੱਤਾ ਹੈ, ਜਿਸ ਕਾਰਨ ਲੀਬੀਆ ਪਰਵਾਸੀਆਂ ਲਈ ਇੱਕ ਅਸੁਰੱਖਿਅਤ ਟਰਾਂਜ਼ਿਟ ਪੁਆਇੰਟ ਬਣ ਗਿਆ ਹੈ।



ਜ਼ਿਕਰਯੋਗ ਹੈ ਕਿ ਲੀਬੀਆ ਵਿੱਚ ਮਨੁੱਖੀ ਤਸਕਰੀ ਦਾ ਮੁੱਦਾ ਵੀ ਗੰਭੀਰ ਸਮੱਸਿਆ ਬਣਿਆ ਹੋਇਆ ਹੈ। ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਸੰਗਠਨਾਂ ਦੀਆਂ ਰਿਪੋਰਟਾਂ ਅਨੁਸਾਰ ਲੀਬੀਆ ਵਿੱਚ ਅਰਾਜਕਤਾ ਦਾ ਫ਼ਾਇਦਾ ਉਠਾਉਂਦੇ ਹੋਏ ਮਨੁੱਖੀ ਤਸਕਰ ਪਰਵਾਸੀਆਂ ਨੂੰ ਗੈਰ-ਕਾਨੂੰਨੀ ਤਰੀਕੇ ਨਾਲ ਯੂਰਪ ਭੇਜਣ ਦੇ ਚੱਕਰ ਵਿੱਚ ਖ਼ਤਰਨਾਕ ਰਸਤਿਆਂ ਅਤੇ ਅਸੁਰੱਖਿਅਤ ਨਾਵਾਂ ਦੀ ਵਰਤੋਂ ਕਰਦੇ ਹਨ। ਇਹ ਤਸਕਰ ਅਕਸਰ ਪਰਵਾਸੀਆਂ ਤੋਂ ਵੱਡੀ ਰਕਮ ਵਸੂਲਦੇ ਹਨ ਤੇ ਉਨ੍ਹਾਂ ਨੂੰ ਅਸੁਰੱਖਿਅਤ ਸਥਿਤੀਆਂ 'ਚ ਸਮੁੰਦਰੀ ਸਫ਼ਰ 'ਤੇ ਭੇਜ ਦਿੰਦੇ ਹਨ। ਇਸ ਦੇ ਨਤੀਜੇ ਵਜੋਂ ਹਰ ਸਾਲ ਸੈਂਕੜੇ ਪਰਵਾਸੀ ਸਮੁੰਦਰ ਵਿੱਚ ਡੁੱਬਣ ਜਾਂ ਲਾਪਤਾ ਹੋਣ ਦੀਆਂ ਘਟਨਾਵਾਂ ਦਾ ਸ਼ਿਕਾਰ ਹੁੰਦੇ ਹਨ।

ਯੂਨਾਈਟਿਡ ਨੇਸ਼ਨਜ਼ ਹਾਈ ਕਮਿਸ਼ਨਰ ਫਾਰ ਰਫਿਊਜੀਜ਼ (ਯੂ.ਐਨ.ਐਚ.ਸੀ.ਆਰ.) ਦੀ ਇੱਕ ਰਿਪੋਰਟ ਮੁਤਾਬਕ 2024 ਵਿੱਚ ਮੈਡੀਟੇਰੀਅਨ ਸਮੁੰਦਰ ਪਾਰ ਕਰਨ ਦੀ ਕੋਸ਼ਿਸ਼ ਦੌਰਾਨ ਘੱਟੋ-ਘੱਟ 1,500 ਪਰਵਾਸੀਆਂ ਦੀ ਮੌਤ ਹੋਈ ਜਾਂ ਉਹ ਲਾਪਤਾ ਹੋ ਗਏ। ਇਹ ਅੰਕੜੇ ਦਰਸਾਉਂਦੇ ਹਨ ਕਿ ਲੀਬੀਆ ਤੋਂ ਯੂਰਪ ਜਾਣ ਦਾ ਰਸਤਾ ਕਿੰਨਾ ਖ਼ਤਰਨਾਕ ਹੈ। ਇਸ ਦੇ ਬਾਵਜੂਦ ਗਰੀਬੀ, ਯੁੱਧ ਅਤੇ ਅਸਥਿਰਤਾ ਕਾਰਨ ਹਜ਼ਾਰਾਂ ਲੋਕ ਇਸ ਜੋਖਮ ਭਰੇ ਸਫ਼ਰ ਨੂੰ ਅਪਣਾਉਣ ਲਈ ਮਜਬੂਰ ਹਨ।

**ਪਰਵਾਸੀ ਸੰਕਟ ਦੀਆਂ ਚੁਣੌਤੀਆਂ:** ਲੀਬੀਆ ਵਿੱਚ ਪਰਵਾਸੀ ਸੰਕਟ ਦੀਆਂ ਕਈ ਚੁਣੌਤੀਆਂ ਹਨ। ਜਿਵੇਂ ਕਿ ਦੇਸ਼ ਦੀ ਅਸਥਿਰ ਸਿਆਸੀ ਅਤੇ ਸੁਰੱਖਿਆ ਸਥਿਤੀ ਕਾਰਨ ਪਰਵਾਸੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣਾ ਮੁਸ਼ਕਲ ਹੈ। ਦੂਜਾ, ਮਨੁੱਖੀ ਤਸਕਰੀ ਦੇ ਨੈਟਵਰਕ ਨੂੰ ਰੋਕਣ ਲਈ ਅੰਤਰਰਾਸ਼ਟਰੀ ਸਹਿਯੋਗ ਦੀ ਘਾਟ ਹੈ। ਤੀਜਾ, ਯੂਰਪੀਅਨ ਦੇਸ਼ਾਂ ਵਿੱਚ ਸਖ਼ਤ ਪਰਵਾਸ ਨੀਤੀਆਂ ਕਾਰਨ ਪਰਵਾਸੀਆਂ ਨੂੰ ਅਸੁਰੱਖਿਅਤ ਰਸਤਿਆਂ ਦੀ ਵਰਤੋਂ ਕਰਨੀ ਪੈਂਦੀ ਹੈ।

ਇਸ ਸੰਕਟ ਦਾ ਹੱਲ ਲੱਭਣ ਲਈ ਅੰਤਰਰਾਸ਼ਟਰੀ ਸੰਗਠਨਾਂ ਅਤੇ ਸਰਕਾਰਾਂ ਨੂੰ ਇਕੱਠੇ ਹੋ ਕੇ ਕੰਮ ਕਰਨ ਦੀ ਲੋੜ ਹੈ। ਲੀਬੀਆ ਵਿੱਚ ਸੁਰੱਖਿਅਤ ਪਰਵਾਸੀ ਕੇਂਦਰ ਸਥਾਪਤ ਕਰਨ, ਮਨੁੱਖੀ ਤਸਕਰੀ ਦੇ ਨੈਟਵਰਕ ਨੂੰ ਤੋੜਨ ਅਤੇ ਪਰਵਾਸੀਆਂ ਨੂੰ ਸੁਰੱਖਿਅਤ ਤੇ ਕਾਨੂੰਨੀ ਰਾਹ ਪ੍ਰਦਾਨ ਕਰਨ ਦੀ ਜ਼ਰੂਰਤ ਹੈ। ਨਾਲ ਹੀ ਅਫਰੀਕੀ ਅਤੇ ਮੱਧ ਪੂਰਬੀ ਦੇਸ਼ਾਂ ਵਿੱਚ ਗਰੀਬੀ ਤੇ ਅਸਥਿਰਤਾ ਦੇ ਮੂਲ ਕਾਰਨਾਂ ਨੂੰ ਹੱਲ ਕਰਨ ਲਈ ਵਿਕਾਸ ਅਤੇ ਸ਼ਾਂਤੀ ਪ੍ਰੋਗਰਾਮਾਂ 'ਤੇ ਜ਼ੋਰ ਦੇਣ ਦੀ ਲੋੜ ਹੈ।

ਲੀਬੀਆ ਦੇ ਤੱਟ 'ਤੇ ਪਰਵਾਸੀ ਕਿਸ਼ਤੀਆਂ ਦੇ ਡੁੱਬਣ ਦੀਆਂ ਘਟਨਾਵਾਂ ਇੱਕ ਵੱਡੇ ਮਨੁੱਖੀ ਸੰਕਟ ਦੀ ਨਿਸ਼ਾਨੀ ਹਨ। ਇਹ ਘਟਨਾਵਾਂ ਨਾ ਸਿਰਫ਼ ਪਰਵਾਸੀਆਂ ਦੀਆਂ ਜਾਨਾਂ ਨੂੰ ਖ਼ਤਰੇ ਵਿੱਚ ਪਾਉਂਦੀਆਂ ਹਨ, ਸਗੋਂ ਅੰਤਰਰਾਸ਼ਟਰੀ ਸਮੁੰਦਰੀ ਸੁਰੱਖਿਆ ਅਤੇ ਮਨੁੱਖੀ ਅਧਿਕਾਰਾਂ ਨਾਲ ਜੁੜੇ ਸਵਾਲ ਵੀ ਖੜ੍ਹੇ ਕਰਦੀਆਂ ਹਨ। ਲੀਬੀਆ ਵਿੱਚ ਸਿਆਸੀ ਅਸਥਿਰਤਾ ਅਤੇ ਮਨੁੱਖੀ ਤਸਕਰੀ ਦੇ ਵਧਦੇ ਖ਼ਤਰੇ ਨੇ ਇਸ ਸਮੱਸਿਆ ਨੂੰ ਹੋਰ ਗੰਭੀਰ ਕਰ ਦਿੱਤਾ ਹੈ।

ਇਸ ਸਮੱਸਿਆ ਦੇ ਹੱਲ ਲਈ ਅੰਤਰਰਾਸ਼ਟਰੀ ਭਾਈਚਾਰੇ ਨੂੰ ਤੁਰੰਤ ਕਾਰਵਾਈ ਕਰਨ ਦੀ ਲੋੜ ਹੈ। ਸੁਰੱਖਿਅਤ ਪਰਵਾਸ ਰਾਹਾਂ ਦੀ ਸਥਾਪਨਾ, ਮਨੁੱਖੀ ਤਸਕਰੀ ਵਿਰੁੱਧ ਸਖ਼ਤ ਕਾਰਵਾਈ ਅਤੇ ਪਰਵਾਸੀਆਂ ਦੇ ਮੂਲ ਦੇਸ਼ਾਂ ਵਿੱਚ ਵਿਕਾਸ ਪ੍ਰੋਗਰਾਮਾਂ ਨੂੰ ਉਤਸ਼ਾਹਿਤ ਕਰਨ ਨਾਲ ਇਸ ਸੰਕਟ ਨੂੰ ਘਟਾਇਆ ਜਾ ਸਕਦਾ ਹੈ। ਨਹੀਂ ਤਾਂ, ਅਜਿਹੀਆਂ ਦੁਖਦਾਈ ਘਟਨਾਵਾਂ ਜਾਰੀ ਰਹਿਣਗੀਆਂ, ਜਿਸ ਨਾਲ ਹਜ਼ਾਰਾਂ ਜਾਨਾਂ ਦਾ ਨੁਕਸਾਨ ਹੁੰਦਾ ਰਹੇਗਾ।

## ਦੁੱਖੜੇ ਬਟਵਾਰੇ ਦੇ

ਸਾਂਵਲ ਧਾਮੀ
ਫੋਨ:+91-9781843444



# ਵਕਤ ਦਾ ਬਦਲਾ!



***1947 ਦੇ ਦੁਖੜਿਆਂ ਦੀ ਵਾਰਤਾ ਬਹੁਤ ਲੰਮੀ ਹੈ। ਸੰਤਾ.ਲੀ 'ਚ ਕਰੋੜਾਂ ਲੋਕਾਂ ਨੇ ਹਿਜਰਤ ਕੀਤੀ। ਹਜ਼ਾਰਾਂ ਅਜਿਹੇ ਵੀ ਸਨ, ਜਿਨ੍ਹਾਂ ਨੂੰ ਆਪਣਿਆਂ ਕੋ.ਲ ਪਹੁੰਚਣ ਲਈ ਕਈ ਦਿਨ, ਮਹੀਨੇ ਤੇ ਸਾਲ ਲੱਗ ਗਏ। ਕਈ ਰਸਤੇ ਵਿੱਚ ਹੀ ਮਾਰ-ਖਪਾ ਦਿੱਤੇ ਗਏ। ਸੰਤਾਲੀ ਦੇ ਬਟਵਾਰੇ ਨਾਲ ਜੁੜੀਆਂ ਅਜਿਹੀਆਂ ਹੀ ਅਭੁੱਲ, ਅਸਹਿ-ਅਕਹਿ ਗੱਲਾਂ ਕੁਝ ਇਸ ਲਹਿਜ਼ੇ ਦੀਆਂ ਹਨ ਕਿ ਪੜ੍ਹ ਕੇ ਦਿਲ ਵਲੂੰਧਰਿਆ ਜਾਂਦਾ ਹੈ...।***

ਰਾਹੋਂ-ਮਾਛੀਵਾੜਾ ਰੋਡ 'ਤੇ ਕੋਈ ਚਾਰ ਕੁ ਕਿਲੋਮੀਟਰ ਦੂਰੀ 'ਤੇ ਸੱਜੇ ਹੱਥ ਥੋੜ੍ਹਾ ਅੰਦਰ ਜਾ ਕੇ ਇੱਕ ਪਿੰਡ ਹੈ: ਗੜੀ ਫਤਿਹ ਖਾਂ। ਓਥੇ ਵੱਸਦਾ ਅਠਾਸੀ ਸਾਲਾ ਬਜ਼ੁਰਗ ਪਿਆਰਾ ਲਾਲ ਧੁੱਪੜ, ਕੁਝ ਕੁ ਗੱਲਾਂ ਬਾਅਦ ਮੈਨੂੰ ਗੜੀ ਤੋਂ ਕਿਧਰੇ ਦੂਰ ਲੈ ਤੁਰਿਆ। ਓਸ ਪਿੰਡ ਵੱਲ, ਜਿੱਥੇ ਉਨ੍ਹਾਂ ਦੇ ਬਜ਼ੁਰਗ ਰਹਿ ਰਹੇ ਸਨ, ਜਿੱਥੇ ਉਹ ਜੰਮਿਆਂ-ਪਲ਼ਿਆ ਸੀ ਤੇ ਜਿੱਥੋਂ ਉਹ ਸੰਤਾ.ਲੀ ਵੇਲੇ ਉੱਜੜ ਕੇ ਆਇਆ ਸੀ। ਜ਼ਿਲ੍ਹਾ ਸਿਆਲਕੋਟ, ਤਹਿਸੀਲ ਨਾਰੋਵਾਲ ਤੇ ਪਿੰਡ ਦਾ ਨਾਂ ਸੀ ਬੁੱਧੂਕੋਟ।

ਮੁਸਲਮਾਨ ਜੱਟਾਂ ਤੇ ਕਿਰਤੀਆਂ ਦਾ ਦਰਮਿਆਨਾ ਜਿਹਾ ਪਿੰਡ ਸੀ ਉਹ। ਨੇੜਲੇ ਪਿੰਡ ਸਨ- ਦੇਹੜਾ, ਸਾਧੋ ਕੇ, ਬਾਣਾ, ਚਾਹੜ ਪੱਟੀ ਤੇ ਪੂਕ ਮਰਾਲੀ। ਗੰਡਾ ਸਿੰਘ ਤੇ ਝੰਡਾ ਸਿੰਘ ਦੋ ਸਕੇ ਭਰਾ ਵੀ ਰਹਿੰਦੇ ਸਨ, ਓਥੇ। ਇਹ ਰਾਮਦਾਸੀਏ ਸਿੱਖ ਕਹਿਲਾਉਂਦੇ ਸਨ। ਪਿਆਰਾ ਲਾਲ ਦਾ ਪਿਉ ਗੰਡਾ ਸਿੰਘ ਅੱਧ 'ਤੇ ਜ਼ਮੀਨ ਲੈ ਕੇ ਖੇਤੀ ਕਰਦਾ ਹੁੰਦਾ ਸੀ। ਉਹਦੇ ਕੋ.ਲ ਬਲਦਾਂ ਦੀਆਂ ਦੋ ਜੋਗਾਂ ਤੇ ਤਿੰਨ ਮੱਝਾਂ ਸਨ। ਉਸਦਾ ਚਾਚਾ ਝੰਡਾ ਸਿੰਘ ਕੱਪੜਾ ਬੁਣਨ ਦਾ ਕੰਮ ਕਰਦਾ ਸੀ। ਉਸਨੇ ਸਰਗੋਧੇ ਦੇ ਕਿਸੇ ਚੱਕ 'ਚ ਖੱਡੀਆਂ ਲਗਾਈਆਂ ਹੋਈਆਂ ਸਨ।

"ਸਾਡੇ ਘਰ ਮੂਹਰੇ ਕਬਰਾਂ ਸਨ। ਨਾ.ਲ ਹੀ ਮਸੀਤ ਸੀ। ਪਿਆਰ ਬੜਾ ਸੀ। ਖ਼ੁਸ਼ੀ-ਖ਼ੁਸ਼ੀ ਪਏ ਵੱਸਦੇ ਸਾਂ। ਐਸਾ ਸੰਤਾ.ਲੀ ਚੜ੍ਹਿਆ ਕਿ ਹਵਾ ਈ ਬਦਲ ਗਈ। ਜੁਲਾਈ-ਅਗਸਤ 'ਚ ਲੁਟੇਰਿਆਂ ਨੇ ਜਥੇ ਬਣਾ ਲਏ। ਕਰਾਰਵਾਲੀਏ, ਸਾਹੋ ਹੁਸੈਨੀਆਂ ਤੇ ਅਲੀਪੁਰ ਸਯੱਦਾਂ ਵਾ.ਲੇ ਜਥੇ ਸਾਡੇ ਇਲਾਕੇ 'ਚ ਸਰਗਰਮ ਹੋ ਗਏ। ਇਨ੍ਹਾਂ ਹਿੰਦੂ-ਸਿੱਖਾਂ ਨੂੰ ਲੁੱਟਣਾ-ਮਾਰਨਾ ਸ਼ੁਰੂ ਕਰ ਦਿੱਤਾ। ਨੇੜਲੇ ਪਿੰਡਾਂ 'ਚੋਂ ਹਿੰਦੂ-ਸਿੱਖ ਉੱਠ ਕੇ ਤੁਰ ਗਏ। ਸਾਡਾ ਟੱਬਰ ਦੁਚਿੱਤੀ 'ਚ ਪਿਆ ਰਿਹਾ। ਕੁਝ ਦੇਰ ਬਾਅਦ ਚੜ੍ਹਦੇ ਪਾਸਿਓਂ ਲੁੱਟ-ਪੁੱਟ ਕੇ ਗਏ ਕਲਾਨੌਰੀਏ ਮੁਸਲਮਾਨਾਂ ਨੇ ਬੁੱਧੂਕੋਟ ਦੇ ਮੁਹਤਬਰਾਂ ਕੋ.ਲ ਇਤਰਾਜ਼ ਕੀਤਾ ਕਿ ਉਨ੍ਹਾਂ 'ਕਾਫ਼ਰ' ਰੱਖੇ ਹੋਏ ਨੇ। ਪਿੰਡ ਵਾ.ਲੇ ਅੱਗਿਓ ਆਖਣ ਲੱਗੇ- ਇਹ ਬਕਵਾਸ ਕਿਸੇ ਹੋਰ ਪਿੰਡ ਜਾ ਕੇ ਕਰੋ। ਇਹ ਸਾਡੇ ਭਰਾ ਨੇ। ਇਨ੍ਹਾਂ ਗੱਲਾਂ ਨੇ ਸਾਨੂੰ ਬੜਾ ਹੌਸਲਾ ਦਿੱਤਾ। ਅਸੀਂ ਛੇ ਮਹੀਨੇ ਆਪਣੇ ਪਿੰਡ 'ਚ ਹੀ ਟਿਕੇ ਰਹੇ।" ਮੈਂ ਮਹਿਸੂਸ ਕੀਤਾ ਕਿ ਬਜ਼ੁਰਗ ਨੂੰ ਅੱਜ ਵੀ ਆਪਣੇ ਪਿੰਡ ਵਾ.ਲਿਆਂ 'ਤੇ ਮਾਣ ਸੀ।

"ਉਹ ਛੇ ਮਹੀਨੇ ਕਿਵੇਂ ਕੱਟੇ?" ਮੈਂ ਸਵਾਲ ਕੀਤਾ।

"ਸਾਡੇ ਪਿੰਡ ਨੂੰ ਟੇਸ਼ਣ ਲੱਗਦਾ ਸੀ, ਡੁਮਾਲਾ। ਅਗਲਾ ਟੇਸ਼ਣ ਸੀ, ਕਿਲਾ ਸੋਭਾ ਸਿੰਘ। ਸਿਆਲਕੋਟ ਵੱਲੋਂ ਆਉਂਦੀਆਂ ਦੋ ਟਰੇਨਾਂ ਵੱਢੀਆਂ ਸਨ, ਓਥੇ। ਨੇੜਲੇ ਪਿੰਡਾਂ 'ਚੋਂ ਹਿੰਦੂ-ਸਿੱਖ ਸਹੀ ਸਲਾਮਤ ਤੁਰ ਗਏ ਸਨ। ਖਾ.ਲੀ ਹੋਏ ਪਿੰਡ ਉਨ੍ਹਾਂ ਲੁੱਟ ਲਏ। ਵਿਰਲੇ-ਟਾਂਵੇਂ ਬੁੜੇ ਹਵੇਲੀਆਂ 'ਚ ਰਹਿ ਗਏ ਸਨ। ਇਸ ਵਹਿਮ ਨਾ.ਲ ਕਿ ਦੋ-ਚਾਰ ਦਿਨਾਂ ਦਾ ਰੌ.ਲਾ ਏ ਬੱਸ। ਹਵੇਲੀਆਂ 'ਚ ਚਾਬੀਆਂ ਲੈ ਕੇ ਬੈਠੇ ਰਹੇ ਵਿਚਾਰੇ।

ਸਾਡੇ ਪਿੰਡ ਦੇ ਮੁੰਡੇ ਲੁੱਟ-ਖੋਹ ਕਰਨ ਵਾਸਤੇ, ਇੱਕ ਵਾਰ ਆਪਣੇ ਨਾ.ਲ, ਮੈਨੂੰ ਤੇ ਮੇਰੇ ਭਰਾ ਜਾਗਰ ਨੂੰ ਵੀ ਲੈ ਗਏ ਸਨ। ਉਨ੍ਹਾਂ ਟੋਕੇ ਚਾੜ੍ਹੇ ਹੋਏ ਸੀ, ਡਾਂਗਾਂ ਨੂੰ। ਚਾਹੜ ਪੱਟੀ ਦੀ ਗੱਲ ਏ। ਫੌਜੀਆਂ ਦਾ ਪਿੰਡ ਸੀ ਇਹ। ਇੱਕ ਸਰਦਾਰ ਬੁੜਾ ਨਿਕਲਿਆ ਬਾਜਰੇ 'ਚੋਂ। ਜੁੱਤੀ ਉਹਨੇ ਡੰਡੇ ਨਾ.ਲ ਬੰਨੀ ਹੋਈ ਸੀ। ਉਹ ਬੋਲਿਆ- ਸਤਿ ਸ੍ਰੀ ਅਕਾਲ! ਬਾਕੀਆਂ ਦੇ ਰੋਕਦੇ-ਰੋਕਦੇ ਇੱਕ ਮੁੰਡੇ ਨੇ ਮਾਰਿਆ, ਉਹਦੇ ਸਿਰ 'ਚ ਟੋਕਾ। ਉਹ ਡਿੱਗ ਪਿਆ ਤੇ ਤੜਫ਼ਨ ਲੱਗਾ। ਉਹਨੇ ਦੋ-ਚਾਰ ਹੋਰ ਵਾਰ ਕੀਤੇ ਤੇ ਉਹਨੂੰ ਮਾਰ ਦਿੱਤਾ। ਅਸੀਂ ਡਰੀਏ ਕਿ ਕਿਧਰੇ ਉਹ ਸਾਨੂੰ ਵੀ ਨਾ ਮਾਰ ਦੇਣ। ਉਹਦੀ ਲਾਸ਼ ਦੀ ਤਲਾਸ਼ੀ ਲਈ ਤਾਂ ਕਛਹਿਰੇ 'ਚ ਲੁਕੋਈ ਇੱਕ ਗੁੱਠਲੀ ਜਿਹੀ 'ਚੋਂ ਪੰਜ-ਸੱਤ ਸੌ ਰੁਪਈਆ ਵੀ ਨਿਕਲਿਆ। ਉਹ ਉਨ੍ਹਾਂ ਵੰਡ ਲਿਆ। ਅਸੀਂ ਦੋਵੇਂ ਭਰਾ ਵੇਖਦੇ ਰਹਿ ਗਏ। ਸਾਨੂੰ ਉਨ੍ਹਾਂ ਕੁਝ ਨਾ ਦਿੱਤਾ। ਫਿਰ ਉਹ ਘਰਾਂ ਅੰਦਰ ਵੜ ਗਏ। ਕੋਈ ਕੱਪੜੇ ਚੁੱਕਣ ਲੱਗ ਪਿਆ ਤੇ ਕੋਈ ਦਾਣੇ। ਅਸੀਂ ਦੋਹਾਂ ਭਰਾਵਾਂ ਸਲਾਹ ਕੀਤੀ ਕਿ ਅਸੀਂ ਨਹੀਂ ਹੱਥ ਲਗਾਉਣਾ ਕਿਸੇ ਸ਼ੈਅ ਨੂੰ। ਸਾਡਾ ਬਾਪ ਵੀ ਸਿੱਖ ਸੀ। ਦਰਅਸਲ, ਸਿੱਖ ਬਜ਼ੁਰਗ ਦੇ ਕਤਲ ਨੇ ਸਾਨੂੰ ਅੰਦਰੋਂ ਤੋੜ ਦਿੱਤਾ ਸੀ। ਅਸੀਂ ਦੋ ਸਾਂ ਤੇ ਉਹ ਦਸ-ਬਾਰ੍ਹਾਂ। ਇਸ ਗੱਲ ਦਾ ਅੱਜ ਵੀ ਅਫ਼ਸੋਸ ਹੈ ਕਿ ਅਸੀਂ ਉਹਨੂੰ ਬਚਾਅ ਨਹੀਂ ਸਾਂ ਸਕੇ। ਟੁੱਟੇ ਦਿਲਾਂ ਨਾ.ਲ ਅਸੀਂ ਪਿੰਡ ਨੂੰ ਮੁੜ ਆਏ। ਮੁੜ ਕਈ ਦਿਨ ਘਰ ਅੰਦਰੋਂ ਈ ਨਾ ਨਿਕਲੇ। ਇਓਂ ਮਹਿਸੂਸ ਹੁੰਦਾ ਸੀ, ਜਿਓਂ ਸਾਡੀਆਂ ਅੱਖਾਂ ਮੂਹਰੇ ਸਾਡਾ ਆਪਣਾ ਪਿਉ ਕਤਲ ਹੋ ਗਿਆ ਹੋਵੇ।" ਬਾਬਾ ਪਿਆਰਾ ਲਾਲਾ ਉਦਾਸ ਹੁੰਦਿਆਂ ਚੁੱਪ ਹੋ ਗਿਆ ਸੀ।

"ਤੁਸੀਂ ਪਿੰਡ ਕਿਵੇਂ ਛੱਡਿਆ?" ਮੈਂ ਅਗਲਾ ਸਵਾਲ ਕੀਤਾ।

"ਉਂਝ ਸਾਡੀ ਬੜੀ ਹਿਫ਼ਾਜ਼ਤ ਕੀਤੀ, ਪਿੰਡ ਵਾ.ਲਿਆਂ। ਬੰਦੇ ਮਾੜੇ ਨਹੀ ਸਨ, ਬਸ ਉਹ ਵਕਤ ਹੀ ਮਾੜਾ ਸੀ। ਸਾਡੇ ਘਰ ਦੇ ਪਿਛਵਾੜੇ ਇੱਕ ਮੁਸਲਮਾਨ ਬਜ਼ੁਰਗ ਹੁੰਦਾ ਸੀ। ਲੰਬੜਦਾਰ ਸੀ ਉਹ। ਨਾਂ ਸੀ ਹੱਸੂ। ਉਹ ਨੇੜਲੇ ਪਿੰਡਾਂ ਦੇ ਸਿੱਖਾਂ ਨੂੰ ਯਾਦ ਕਰਕੇ, ਸਾਰੀ-ਸਾਰੀ ਰਾਤ ਰੋਂਦਾ ਹੁੰਦਾ ਸੀ। ਉਹਨੇ ਕੂਕ ਜਿਹੀ ਮਾਰ ਕੇ ਆਖਣਾ- ਓਏ ਸਾਡੇ ਭਰਾ ਤੁਰ ਗਏ, ਸਾਨੂੰ ਛੱਡ ਕੇ। ਦਰਅਸਲ ਸਾਡੇ ਪਿੰਡ ਦੇ ਜੱਟ ਕੁਝ ਕੁ ਪੀੜ੍ਹੀਆਂ ਪਹਿਲਾਂ ਹੀ ਮੁਸਲਮਾਨ ਹੋਏ ਸੀ। ਚੰਗੇ ਤਾਂ ਬੜੇ ਸਨ ਉਹ, ਪਰ ਸਾਡਾ ਈ ਦਿਲ ਨਹੀਂ ਸੀ ਲੱਗਦਾ। ਫਿਰ ਪਿੰਡਾਂ 'ਚ ਮਿਲਟਰੀ ਦੇ ਟਰੱਕ ਆਉਣ ਲੱਗ ਪਏ। ਉਹ ਓਧਰ ਰਹਿ ਗਏ ਹਿੰਦੂ-ਸਿੱਖਾਂ ਨੂੰ ਲੱਭਦੇ ਫਿਰਦੇ ਸੀ। ਔਖੇ-ਸੌਖੇ ਅਸੀਂ ਵੀ ਏਧਰ ਔਣ ਦਾ ਫ਼ੈਸਲਾ ਲੈ ਹੀ ਲਿਆ ਤੇ ਭਰਿਆ ਘਰ ਛੱਡ ਕੇ ਟਰੱਕਾਂ 'ਚ ਬੈਠ ਗਏ। ਬ.ਲਦਾ ਤੇ ਮੱਝਾਂ ਦੇ ਸੰਗਲ ਵੀ ਨਾ ਖੋਲ੍ਹੇ। ਬੜੇ ਮੁਸਲਮਾਨ 'ਕੱਠੇ ਹੋ ਗਏ ਸਨ, ਸਾਨੂੰ ਮਿਲਣ ਵਾਸਤੇ, ਪਰ ਮਿਲਟਰੀ ਵਾ.ਲਿਆਂ ਕੋਈ ਵੀ ਨੇੜੇ ਨਾ ਔਣ ਦਿੱਤਾ। ਉਹ ਦੂਰੋਂ-ਦੂਰੋਂ ਈ ਦੇਖਦੇ ਰਹੇ, ਸਾਨੂੰ ਉੱਜੜ ਕੇ ਤੁਰਦਿਆਂ ਨੂੰ। ਬਾਪੂ ਦਾ ਦਿਲ ਨਹੀਂ ਸੀ ਲੱਗਿਆ, ਇੱਥੇ ਆ ਕੇ। ਉਹਨੇ ਰਾਤ ਨੂੰ ਉੱਠ ਪੈਣਾਂ। ਰੌਲਾ ਪਾਉਣ ਲੱਗ ਜਾਣਾ- ਓਏ ਬੌਲਦ ਖੁੱਲ੍ਹ ਗਿਆ। ਡੰਗਰ ਬੰਨ ਆਓ! ਡੰਗਰ ਬੰਨ ਆਓ! ਡੰਗਰ ਬੰਨ ਆਓ! ਬਹੁਤ ਛੇਤੀਂ ਮਰ ਗਿਆ ਸੀ ਉਹ!" ਪਿਆਰਾ ਲਾਲ ਦਾ ਗੱਚ ਭਰ ਆਇਆ ਤੇ ਚੁੱਪ ਹੋ ਗਿਆ ਸੀ ਉਹ।

"ਹੁਣ ਵੀ ਮੇਰੇ ਚਾਚੇ ਦਾ ਪੁੱਤ ਰਹਿੰਦਾ ਏ, ਓਥੇ। ਦੇਵੀ ਲਾਲ ਨਾਂ ਏ ਉਹਦਾ। ਦਰਅਸਲ ਜਦੋਂ ਉਹ ਸਰਗੋਧੇ ਵੱਲੋਂ ਬੁੱਧੂਕੋਟ ਆਏ ਤਾਂ ਅਸੀਂ ਏਧਰ ਆ ਚੁੱਕੇ ਸਾਂ। ਉਹ ਵਿਚਾਰੇ ਬੱਸ ਓਥੇ ਰਹਿ ਗਏ!" ਕੁਝ ਪਲ ਬਾਅਦ ਖੁਦ ਨੂੰ ਸੰਭਾ.ਲਦਿਆਂ ਬੋਲਿਆ ਸੀ, ਉਹ।

ਜਦੋਂ ਇਹ ਗੱਲਬਾਤ ਯੂ-ਟਿਊਬ ਚੈਨਲ 'ਸੰਤਾ.ਲੀਨਾਮਾ' 'ਤੇ ਅਪਲੋਡ ਹੋਈ ਤਾਂ ਪਿਆਰਾ ਲਾਲ ਹੁਰਾਂ ਦੀਆਂ ਗੱਲਾਂ ਨੂੰ ਤਸਦੀਕ ਕਰਨ ਵਾਸਤੇ, ਸਿਆਲਕੋਟ ਵੱਸਦੇ ਖਾਦਮ ਹੁਸੈਨ ਹੁਰੀਂ ਬੁੱਧੂਕੋਟ ਪਹੁੰਚ ਗਏ।

ਚੰਗੀ ਗੱਲ ਇਹ ਹੈ ਕਿ ਬਾਬਾ ਦੇਵੀ ਲਾਲ ਜਿਉਂਦਾ ਏ। ਕੋਈ ਨੱਬੇ ਕੁ ਵਰ੍ਹੇ ਉਮਰ ਹੋਵੇਗੀ, ਉਸਦੀ। ਉਹ ਪੂਰੀ ਤਰ੍ਹਾਂ ਸਿਹਤਯਾਬ ਏ। ਉਸਦੇ ਚਾਰੋਂ ਪੁੱਤਰ ਵਿਆਹੇ ਹੋਏ ਨੇ। ਆਪੋ-ਆਪਣੇ ਘਰਾਂ 'ਚ ਖ਼ੁਸ਼ੀ-ਖ਼ੁਸ਼ੀ ਵੱਸ ਰਹੇ ਨੇ। ਉਸਦੇ ਘਰ ਦੀਆਂ ਕੰਧਾਂ 'ਤੇ ਗੁਰੂ ਨਾਨਕ ਦੇਵ ਜੀ ਤੇ ਨਨਕਾਣਾ ਸਾਹਿਬ ਦੀਆਂ ਤਸਵੀਰਾਂ ਲੱਗੀਆਂ ਹੋਈਆਂ ਨੇ।

ਗੱਲਾਂ ਤੁਰੀਆਂ ਤਾਂ ਖਾਦਮ ਹੁਸੈਨ ਹੁਰਾਂ ਚਾਹੜ ਪੱਟੀ 'ਚ ਹੋਏ ਸਿੱਖ ਬਜ਼ੁਰਗ ਦੇ ਕਤਲ ਦੀ ਗੱਲ ਵੀ ਛੇੜ ਲਈ। ਦੇਵੀ ਲਾਲ ਹੁਰੀਂ ਥੋੜ੍ਹਾ ਗੁੱਸੇ 'ਚ ਆਉਂਦਿਆਂ ਗੱਲ ਸ਼ੁਰੂ ਕੀਤੀ ਸੀ, "ਬੜੀ ਭੈੜੀ ਮੌਤੇ ਮਰਿਆ, ਉਹ ਸਾਡੇ ਪਿੰਡ ਵਾ.ਲਾ ਮੁੰਡਾ! ਸਾਡੇ ਦੇਖਣ ਦੀ ਗੱਲ ਏ! ਘੋੜੀ ਨੇ ਉਹਦੇ ਇੱਥੇ...।" ਪਲ ਕੁ ਲਈ ਚੁੱਪ ਹੁੰਦਿਆਂ, ਉਸਨੇ ਆਪਣੀ ਸੱਜੀ ਪੁੜਪੁੜੀ 'ਤੇ ਸੱਜੇ ਹੱਥ ਦੀਆਂ ਪਹਿਲੀਆਂ ਦੋ ਉਂਗਲਾਂ ਟਿਕਾ ਲਈਆਂ ਸਨ।

"...ਦੁਲੱਤੀ ਮਾਰੀ ਸੀ। ਬਿਲਕੁਲ ਉਸੀ ਜਗ੍ਹਾ, ਜਿੱਥੇ ਉਹਨੇ ਚਾਹੜ ਪੱਟੀ ਵਾ.ਲੇ ਸਿੱਖ ਦੇ ਟੋਕਾ ਮਾਰਿਆ ਸੀ। ਉਹ ...ਕਈ ਵਰ੍ਹੇ ਮੰਜੇ 'ਤੇ ਪਿਆ ਰਿਹਾ। ਵਿੰਗੇ ਜਿਹੇ ਮੂੰਹ ਨਾ.ਲ ਮੌਤ ਨੂੰ 'ਵਾਜਾਂ ਮਾਰਦਾ ਰਿਹਾ ਸੀ। ਮਸੀਂ ਮੌਤ ਆਈ ਸੀ, ਉਹਨੂੰ।"

ਇਹ ਗੱਲਬਾਤ ਸੁਣਦਿਆਂ, ਮੇਰੀਆਂ ਸੋਚਾਂ 'ਚ ਉਹ 'ਰਹਿਬਰ' ਉੱਭਰ ਆਏ ਸਨ, ਜਿਹੜੇ ਲੱਖਾਂ ਲੋਕਾਂ ਦੀ ਕਤਲੋ-ਗਾਰਤ ਤੇ ਉਜਾੜੇ ਦੇ ਅਸਲ ਮੁਜਰਮ ਸਨ।

ਕੀ ਉਨ੍ਹਾਂ ਨੂੰ ਵੀ ਵਕਤ ਨੇ ਕੋਈ ਸਬਕ ਸਿਖਾਇਆ ਹੋਵੇਗਾ? ਕੀ ਉਹ ਵੀ ਆਪਣੇ ਗੁਨਾਹਾਂ ਦੇ ਅਹਿਸਾਸ 'ਚ ਕਦੇ ਪਛਤਾਏ ਹੋਣਗੇ? ਕੀ ਉਹ ਵੀ ਮੌਤ ਨੂੰ ਆਵਾਜ਼ਾਂ ਮਾਰਦੇ ਰਹੇ ਹੋਣਗੇ? ਜਾਂ ਫਿਰ ਨਿਜ਼ਾਮ ਵਾਂਗ ਵਕਤ ਨੇ ਵੀ ਉਨ੍ਹਾਂ ਦੇ ਸਭ ਗੁਨਾਹਾਂ ਨੂੰ 'ਪਵਿੱਤਰ ਫ਼ਰਜ਼' ਗਰਦਾਨਦਿਆਂ, ਉਨ੍ਹਾਂ ਦੇ ਹੱਕ 'ਚ ਭੁਗਤਣਾ ਹੀ ਮੁਨਾਸਿਬ ਸਮਝਿਆ ਹੋਵੇਗਾ!

## ਸਮੇਂ ਦੀ ਅੱਖ

ਦਰਸ਼ਨ ਜੋਗਾ
ਫੋਨ:+91-9872001856

# ਮਨ ਕੁਲਝਣ ਲੱਗ ਪਿਆ

ਸਮਾਂ ਅਤੇ ਸ਼ਿਕਾਰ 'ਚ ਇੱਕੋ ਸਮਾਨਤਾ ਲੱਗਦੀ ਹੈ। ਸਮਾਂ ਬਦਲਦਾ ਹੈ, ਸ਼ਿਕਾਰ ਵੀ ਬਦਲਦਾ ਹੈ, ਪਰ ਸਮਾਂ ਐਸਾ ਜੋ ਕਦੇ ਮੁਆਫ਼ ਨਹੀਂ ਕਰਦਾ। ਸਮੇਂ-ਸਮੇਂ ਦੀ ਗੱਲ ਹੁੰਦੀ ਐ। ਰਿਆਸਤਾਂ ਵੇਲੇ ਦੀ ਗੱਲ ਯਾਦ ਆਉਂਦੀ ਐ। ਮਾਲਵੇ ਦਾ ਇਲਾਕਾ ਰਾਜਿਆਂ ਦਾ ਰਾਜ। ਵਣ, ਕਰੀਰਾਂ, ਕਿੱਕਰਾਂ ਫਰਵਾਹਾਂ ਤੇ ਜੰਡਾਂ ਵਾਲੀ ਧਰਤੀ। ਦੂਰ-ਦੂਰ ਤਕ ਰੋਹੀ। ਰਾਜਾ ਸ਼ਿਕਾਰ ਖੇਡਣ ਨਿਕਲਦਾ। ਲਾਮ-ਲਸ਼ਕਰ ਨਾਲ ਹੁੰਦਾ। ਕਿਸੇ ਪਿੰਡ 'ਚੋਂ ਲੰਘਦੇ ਦੀ ਨਿਗ੍ਹਾ ਖੂਹ ਤੋਂ ਪਾਣੀ ਭਰਦੀਆਂ 'ਤੇ ਜਾ ਪੈਂਦੀ। ਮਾਪਿਆਂ ਦੇ ਬਾਗ 'ਚ ਖਿੜੀ ਕਲੀ ਕਾਮੁਕ ਅੱਖ ਦਾ ਸ਼ਿਕਾਰ ਹੋ ਜਾਂਦੀ। ਮਨ ਦੀ ਕਿਸੇ ਨੇ ਕੀ ਪੁੱਛਣੀ ਸੀ। ਚੰਮ ਰਸੀਆਂ ਦੇ ਵਿਹੜੇ ਨਾਜ਼ੁਕ ਜ਼ਿੰਦੜੀ ਨਾਲ ਜੋ ਬੀਤੇ ਸੋ ਜਾਣੇ। ਟੱਬਰ ਦੇ ਪਿਤਲੇ ਜੀਅ ਜਗੀਰਾਂ ਦੇ ਮਾਲਕ ਬਣ ਮਾਲੋ-ਮਾਲ ਹੋ ਜਾਂਦੇ। ਪਿੰਡਾਂ ਦੇ ਮਾਲਕ ਬਣ ਜਾਂਦੇ। ਵੇਖਦੇ ਵੇਖਦੇ ਟੁੱਟੇ ਘਰਾਂ 'ਚ ਹਵੇਲੀਆਂ ਉਸਰ ਜਾਂਦੀਆਂ। ਕਤਰਵੀਆਂ ਦਾਹੜੀਆਂ ਚਿੱਟੇ ਦੁੱਧ ਪਹਿਰਾਵੇ। ਖ਼ਲਕਤ ਨੇੜੇ ਢੁੱਕ-ਢੁੱਕ ਬਹਿੰਦੀ। ਤਖ਼ਤਾਂ ਨਾਲ ਰਿਸ਼ਤੇ ਜੋ ਜੁੜ ਜਾਂਦੇ। ਅਥਾਹ ਸੁਪਨੇ ਸਜਾਈ ਬੈਠਾ ਕੋਮਲ ਮਨ ਅੰਦਰੇ ਈ ਮਰੋੜਿਆ ਜਾਂਦਾ। ਸੇਰ-ਸੇਰ ਸੋਨੇ, ਚਾਂਦੀ ਦੇ ਜੇਵਰ ਹੱਥਾਂ-ਪੈਰਾਂ 'ਚ ਜ਼ਰੂਰ ਛਣਕਦੇ ਦਿਸਦੇ, ਪਰ ਅੰਦਰਲਾ ਕਿਸ ਨੇ ਪੁੱਛਿਆ? ਕੰਡਾ ਤਾਂ ਜ਼ਰੂਰ ਚੁੱਭਦਾ ਹੋਊਗਾ। ਕੋਈ ਚੀਸ ਵੀ ਅੰਦਰ ਵੱਜਦੀ ਹੋਵੇਗੀ। ਬਾਬਲ ਦੇ ਵਿਹੜੇ ਜਦ ਸੁਘੜ ਸਿਆਣੀ ਰੁਤਬੇ ਵਾਲੀ ਆਉਂਦੀ। ਆਂਢ-ਗੁਆਂਢ ਦੀਆਂ ਔਰਤਾਂ ਮੋਹ ਨਾਲ ਮਿਲਦੀਆਂ। ਰੇਸ਼ਮੀ ਲਿਬਾਸ 'ਚ ਚੰਦ ਵਰਗੇ ਮੁਖੜੇ 'ਚੋਂ ਅਤਰ ਦੀ ਮਹਿਕ ਆਉਂਦੀ। ਅੰਦਰਲਾ ਸੁੰਨ ਹੁੰਦਾ।

---

ਰੰਗੀ ਫੌਜੀ ਛੁੱਟੀ ਆਉਂਦਾ। ਜਹਿਰਮੋਰੀ ਵਰਦੀ ਲਾਹ ਕੇ ਤੇੜ ਚਾਦਰਾ ਬੰਨ੍ਹ ਲੈਂਦਾ। ਪੇਚਾਂ ਵਾਲੀ ਪੱਗ ਦੀ ਥਾਂ ਡੱਬੀਦਾਰ ਪਰਨਾ ਸਿਰ 'ਤੇ ਲਪੇਟਦਾ। ਗੋਧੇ ਝਿਊਰ ਹੋਰੀਂ ਤਾਂ ਕਿੱਦੇਂ ਦੇ ਉਡੀਕਦੇ ਹੁੰਦੇ। ਆਥਣੇ ਬਾਣ ਦੇ ਮੰਜਿਆਂ 'ਤੇ ਬੈਠਿਆਂ 'ਚ ਫੌਜੀ ਦੀ ਥ੍ਰੀ ਐਕਸ ਰੰਮ ਉਡਦੀ। ਤੜਕੇ ਸੰਦੇਹਾਂ ਦਿਨ ਚੜ੍ਹਦੇ ਨਾਲ ਈ ਟੋਲੀ ਤੋੜੇ ਆਲੀ ਬੰਦੂਕ ਲੈ ਕੇ ਖੇਤਾਂ ਨੂੰ ਨਿਕਲ ਜਾਂਦੀ। ਖੇਤਾਂ 'ਚ ਖੜੇ ਮੀਂਹ ਦੇ ਪਾਣੀ ਦੀ ਬਣੀ ਝੀਲ 'ਚ ਤੈਰਦੀਆਂ ਮੁਰਗਾਬੀਆਂ ਫੌਜੀ ਦੀ ਰਾਈਫ਼ਲ ਦਾ ਨਿਸ਼ਾਨਾ ਬਣਦੀਆਂ। ਹਿੱਕ 'ਤੇ ਹੱਥ ਮਾਰ ਕੇ ਇੱਕ ਲੱਤ 'ਤੇ ਨੱਚਦਾ ਰੰਗੀ ਬੋਲਦਾ, "ਫੌਜੀ ਦੇ ਨਿਸ਼ਾਨੇ ਤੋਂ ਸ਼ਿਕਾਰ ਭੱਜ ਨ੍ਹੀਂ ਸਕਦਾ।" ਵੇਖਦੇ ਵੇਖਦੇ ਪਲਾਂ 'ਚ ਮਨਮੋਹਕ ਜਾਨਵਰ ਫੜ-ਫੜ ਕਰਦਾ ਦਮ ਤੋੜ ਜਾਂਦਾ। ਕਦੇ-ਕਦੇ ਆਥਣੇ ਮੁੜਦਿਆਂ ਦੇ ਹੱਥ 'ਚ ਫੜੇ ਪਰਨੇ 'ਚੋਂ ਸਹੇ (ਖਰਗੋਸ਼) ਦੀ ਰੱਤ ਚਿਉਂਦੀ ਦਿਸਦੀ। ਜਿੱਦੇਂ ਕਿਤੇ ਏਸ ਟੋਲੀ ਦੇ ਧੱਕੇ ਰੋਝ ਚੜ੍ਹ ਜਾਂਦਾ, ਉਸ ਦਿਨ ਤਾਂ ਸੱਥ 'ਚ ਤਖ਼ਤਪੋਸ਼ 'ਤੇ ਬੈਠੇ ਗਾਲੜੀ ਵੀ ਛੱਪੜੀ ਵਿਹੜੇ ਬੰਨੀ ਚੱਕਮੇਂ ਪੈਰੀਂ ਹੋ ਲੈਂਦੇ। ਮੁੜਦਿਆਂ ਹਰੇਕ ਨੇ ਪੱਲੇ 'ਚ ਸੇਰ-ਸੇਰ 'ਮਾਲ' ਪਵਾਇਆ ਹੁੰਦਾ।

ਗੱਲ ਕੀ, ਜਿੰਨੇ ਦਿਨ ਰੰਗੀ ਪਿੰਡ ਰਹਿੰਦਾ ਨਿੱਤ ਮਸਾਲੇ ਭੁਜਦੇ। ਰੰਮ ਮੁਕ ਜਾਂਦੀ। ਠੇਕੇ ਦੀ ਪ੍ਰਧਾਨ ਹੁੰਦੀ। ਕਦੇ-ਕਦੇ ਪਰਦੇ ਨਾਲ ਰੂੜੀ ਮਾਰਕਾ ਵੀ ਰੂੰਅ ਦੇ ਫੰਬੇ ਨਾਲ ਟੇਸਟ ਹੁੰਦੀ। ਇਹ ਬਿਨਾ ਡਿਗਰੀ ਆਲੀ ਦੇ ਆਵਦੇ ਹੀ ਨਜ਼ਾਰੇ ਹੁੰਦੇ। ਵੇਖਦੇ ਵੇਖਦੇ ਰੰਗੀ ਪੈਨਸ਼ਨ ਆ ਗਿਆ। ਵਿਹੜੇ ਆਲਿਆਂ 'ਚ ਠੁੱਕ ਬਣਾਉਣ ਨੂੰ ਚਾਰ ਕਮਰਿਆਂ ਦਾ ਸ਼ਹਿਰੀ ਤਰਜ਼ ਦਾ ਮਕਾਨ ਵਿੱਢ ਲਿਆ। ਛੱਤਾਂ ਪੈਗੀਆਂ। ਰੰਗੀ ਦੇ ਰੰਗ ਨਿਆਰੇ ਚਲਦੇ ਰਹੇ। ਪੱਕੇ ਫਰਸ਼ ਜਦੋਂ ਪਹੁੰਚੋਂ ਦੂਰ ਲੱਗਦੇ ਦਿਸੇ, ਇੱਕ ਵਾਰੀ ਗੋਹੇ ਦੀ ਮਿੱਟੀ ਦੀਆਂ ਤਲੀਆਂ ਫੇਰਤੀਆਂ। ਨਾਲੇ ਕਹਿੰਦੇ ਭਰਤ ਨਵੀਂ ਪਾਈ ਐ ਦਬਜੂਗੀ। ਇੱਕ ਦੋ ਬਾਰਾਂ ਨੂੰ ਤਖ਼ਤੇ ਲਗਵਾਲੇ। ਭੈੜੇ ਭੈੜੇ ਯਾਰ ਮੇਰੀ ਬੱਲੋ ਦੇ, ਵੈਲੀ ਜੱਟਾਂ ਦੀ ਢਾਣੀ 'ਚ ਰਲਿਆ ਪਿੰਡ 'ਚ ਖਹਿਬੜ ਪਿਆ। ਐਸਾ ਉਲਝਿਆ ਜਾਂ ਉਲਝਾਇਆ ਠਾਣੇ ਕਚਹਿਰੀ ਦੇ ਚੱਕਰ 'ਚ ਫਸਿਆ 'ਕੱਲਾ ਰਹਿ ਗਿਆ। ਕੌਲੀ ਦੇ ਯਾਰ ਭਾਲ਼ੇ ਨਾ ਥਿਆਏ। ਚਾਦਰੇ ਦੀ ਥਾਂ ਤੇੜ ਪਰਨਾ ਰਹਿ ਗਿਆ। ਨਸ਼ੱਈ ਸਰੀਰ ਸਾਥ ਛੱਡ ਗਿਆ। ਘਰ ਦੀਆਂ ਛੱਤਾਂ ਮੀਂਹਾਂ 'ਚ ਧਰਲ ਧਰਲ ਚਿਊਣ ਲੱਗ ਪਈਆਂ। ਪੱਕੀਆਂ ਇੱਟਾਂ ਰੇਹੀ ਬਣ ਭੁਰਨ ਲੱਗੀਆਂ। ਰੀਝਾਂ ਨਾਲ ਵਿੱਢਿਆ ਘਰ ਵਿਰਾਨ ਹੋਇਆ ਪਿਆ ਦਿਸਿਆ ਕਰੇ। ਮੁਰਗਾਬੀਆਂ, ਖਰਗੋਸ਼ਾਂ ਦਾ ਸ਼ਿਕਾਰੀ ਵਕਤ ਦਾ ਸ਼ਿਕਾਰ ਹੋ ਗਿਆ। ਹੁਣ ਜਦੋਂ ਕਦੇ ਪਿੰਡ ਦੇ ਛੱਪੜੀ ਵਿਹੜੇ ਕੋਲੋਂ ਦੀ ਲੰਘਦਾਂ, ਰੰਗੀ ਫੌਜ ਦੇ ਠਾਠ-ਬਾਠ ਯਾਦ ਆਉਂਦੇ ਨੇ। ਆਪ ਕਦੇ ਨੀਂ ਦਿਸਿਆ।

---

ਦਫ਼ਤਰ 'ਚ ਇੱਕ ਨਰਮ ਸੁਭਾਅ ਦਾ ਕੂੰਨਾ ਮੁੰਡਾ ਸੀ। ਸਕੂਟਰ ਨੂੰ ਚਮਕਾਅ ਕੇ ਰੱਖਦਾ। ਪੱਗ ਬੰਨਦਾ ਪੋਚਵੀਂ। ਹੋਣੀ ਐਸੀ ਵਾਪਰੀ ਆਥਣੇ ਡਿਊਟੀ ਤੋਂ ਪਿੰਡ ਨੂੰ ਜਾਂਦੇ ਦਾ ਸਕਟੂਰ ਬਿਨਾ ਲਾਈਟਾਂ ਵਾਲੇ ਟਰੈਕਟਰ-ਟਰਾਲੀ 'ਚ ਜਾ ਵੱਜਿਆ। ਬੈਂਕ ਤੋਂ ਕਿਸ਼ਤਾਂ 'ਤੇ ਲਏ ਟਰੈਕਟਰ ਵਾਲੇ ਜੱਟ ਦੀ ਅਣਗਹਿਲੀ ਨਾਲ ਭਰ ਜੁਆਨ ਗੱਭਰੂ ਦੁਨੀਆ ਤੋਂ ਤੁਰ ਗਿਆ ਭੰਗ ਦੇ ਭਾਣੇ। ਜੱਟ ਤੁਰਿਆ ਜਾਂਦਾ ਮੁਕਦਮੇ 'ਚ ਉਲਝ ਗਿਆ। ਆਖੇ, "ਕਰਜ਼ੇ ਨੇ ਤਾਂ ਪਹਿਲਾਂ ਈ ਮਾਰੇ ਏ ਸੀ। ਉਤੋਂ ਆਹ ਹੋਰ ਆ ਪਈ।" ਸ਼ਿਕਾਰ ਫਸ ਗਿਆ, ਸ਼ਿਕਾਰੀਆਂ ਨੂੰ ਮੌਜ ਬਣ ਗਈ। ਪੁਲਸੀਏ ਮੁੱਛਾਂ ਵੱਟ ਦੇਈਂ ਜਾਣ। ਜੱਟ ਵਿਚਾਰਾ ਸਣੇ ਟਰੈਕਟਰ ਸਦਰ ਠਾਣੇ ਪਹੁੰਚ ਗਿਆ। ਕਾਲੇ ਕੋਟ ਨਸੀਹਤਾਂ ਦੇਣ ਲੱਗੇ ਫੀਸ ਬੋਝੇ 'ਚ ਪਾ। ਆਖਣ ਕੱਲ੍ਹ ਨੂੰ ਦੁਪਹਿਰ ਤੋਂ ਪਹਿਲਾਂ ਬੰਦਾ ਬਾਹਰ ਆਜੂ ਨਾਲੇ ਟਰੈਕਟਰ ਵੀ। ਇਸ਼ਾਰੇ ਨਾਲ ਸਮਝਾ ਕੇ ਮੁਨਸ਼ੀ ਨੂੰ ਲਿਫ਼ਾਫ਼ਾ ਤਿਆਰ ਕਰਨ ਲਾ'ਤਾ। ਚੰਗਾ ਭਲਾ ਬੰਦਾ ਸ਼ਿਕਾਰ ਹੋ ਗਿਆ। ਸਮਝ ਤਾਂ ਆਉਂਦੀ ਐ, ਪਰ ਕੀ ਕਰੀਏ!

ਮੁੰਡੇ ਵਿਚਾਰੇ ਦੇ ਘਰੇ ਸੱਥਰ ਵਿਛ ਗਿਆ। ਉਹਦੇ ਘਰਵਾਲੀ ਤੇ ਬੱਚਿਆਂ ਦਾ ਫ਼ਿਕਰ ਸਭ ਦੇ ਚਿਹਰਿਆਂ 'ਤੇ ਦਿਸਣ ਲਗਿਆ। ਮੂੰਹੋਂ ਮੂੰਹ ਗੱਲਾਂ ਹੋਣ ਲੱਗੀਆਂ। ਸਹੁਰਿਆਂ ਨਾਲ ਬਹੂ ਦੀ ਪਹਿਲਾਂ ਈ ਘੱਟ ਬਣਦੀ ਸੀ। ਅਨਪੜ੍ਹ ਟੱਬਰ ਕੀ ਸੁੱਝੇ? ਮਹਿਕਮੇ ਵਾਲਿਆਂ ਨੇ ਮੁੰਡੇ ਦੀ ਥਾਂ 'ਤੇ ਘਰਵਾਲੀ ਨੂੰ ਨੌਕਰੀ ਦੇਣ ਦੇ ਕਾਗ਼ਜ਼ ਤਿਆਰ ਕਰਕੇ ਚੰਡੀਗੜ੍ਹ ਭੇਜ'ਤੇ। ਪਿੱਛਾ ਕੌਣ ਕਰੇ? ਔਰਤ ਰੋਜ਼ ਵਾਂਗੂੰ ਦਫ਼ਤਰ ਦੇ ਗੇੜੇ ਮਾਰਨ ਲੱਗੀ। ਵੇਲਾ ਕਿਹੜੇ ਕੌਣ ਜੇਬ 'ਚੋਂ ਪੰਜੀ ਕੱਢਦੈ। ਜੇ ਕੋਈ ਘਰਵਾਲਿਆਂ 'ਚੋਂ ਮਗਰ ਜਾਵੇ ਤਾਂ ਹੀ ਐਂ। ਬਾਬੂ ਦਫ਼ਤਰੀ ਭਾਸ਼ਾ 'ਚ ਗੱਲ ਕਰਕੇ ਖਹਿੜਾ ਛੁਡਾਅ ਜਾਂਦੇ। ਔਰਤ ਆਖੇ ਮੇਰੀ ਕੋਈ ਸੁਣਦਾ ਨ੍ਹੀਂ।

ਕਈ ਦਿਨਾਂ ਮਗਰੋਂ ਦਫ਼ਤਰ ਦਾ ਚਪੜਾਸੀ ਉਹਦੇ ਨੌਕਰੀ ਦੇ ਕਾਗਜ਼ ਦਫ਼ਤਰ 'ਚ ਫੜਾਈ ਜਾਵੇ। ਪੁੱਛਣ 'ਤੇ ਕਹਿਣ ਲੱਗਿਆ, "ਜੀ ਤਿੰਨ ਦਿਨ ਲਗੇ ਸਾਨੂੰ, ਮੈਂ ਵੀ ਨਾਲ ਗਿਆ ਸੀ।" ਵਾਰ ਐਤਵਾਰ ਵੀ ਚੰਡੀਗੜ੍ਹ ਰਹੇ ਅਸੀਂ। "ਓਏ ਇਹ ਦੋ ਦਿਨ ਤਾਂ ਦਫ਼ਤਰ ਵੀ ਬੰਦ ਹੁੰਦੇ ਨੇ।" "ਬੱਸ ਜੀ ਕੰਮ ਨੇ ਉਲਝਾਈ ਰੱਖੇ। ਲੇਟ ਹੋਗੇ।'" ਔਰਤ ਵੀ ਨੀਵੀਂ ਪਾਈ ਚੁੱਪ ਖੜੀ ਸੀ।

ਕਿੰਨੇ ਹੀ ਹੋਰ ਟੋਟੇ ਅੱਖਾਂ ਮੂਹਰੇ ਭੱਜਣ ਲੱਗੇ। ਮਨ ਕੁਲਝਣ ਲੱਗ ਪਿਆ। ਬੰਦਾ ਸਿਰ 'ਤੇ ਤਾਜ ਸਜਾ ਕੇ ਸਹਿਨਸ਼ਾਹ ਅਖਵਾਉਂਦੈ। ਸਮੇਂ ਨੂੰ ਆਪਣੇ ਕਾਬੂ 'ਚ ਸਮਝ ਕੇ ਰੀਝਾਂ ਸੁਪਨਿਆਂ ਦਾ ਸ਼ਿਕਾਰ ਕਰਦੈ। ਰੰਗੀ 'ਬੰਦਾ' ਆਪਣੇ ਈ ਰੰਗਾਂ 'ਚ ਜੀਭ ਦੇ ਸੁਆਦ ਦੀ ਖ਼ਾਤਰ ਕਾਦਰ ਦੀ ਕੁਦਰਤ ਦੀ ਸਤਰੰਗੀ ਫੁਲਵਾੜੀ ਉਜਾੜਦਾ ਤੁਰਿਆ ਫਿਰਦੈ। ਅਬਲਾ ਦੀ ਹਾਅ ਮਾੜੀ; ਪਰ ਕੌਣ ਪਰਵਾਹ ਕਰਦੈ। ਸਗੋਂ ਮੁਸ਼ਕਲਾਂ ਮਜਬੂਰੀਆਂ 'ਚ ਮੌਜ ਬਣ'ਗੀ, ਦੇਹ ਦੇ ਸ਼ਿਕਾਰੀ ਨੂੰ। ਮਨੁੱਖ ਨੇ ਕਦੇ ਨਾ ਸੋਚਿਆ ਕਿ ਸਮਾਂ ਕਦੇ ਵੀ ਆਪਣੀ ਅੱਖ ਬੰਦ ਨ੍ਹੀਂ ਕਰਦਾ। ਸਮੇਂ ਨੂੰ ਕੋਈ ਹਰਨਾਕਸ਼, ਸਿਕੰਦਰ ਅਧੀਨ ਨਹੀਂ ਕਰ ਸਕਿਆ। ਬੰਦਾ ਜਿੰਨੇ ਮਰਜ਼ੀ ਸ਼ਿਕਾਰ ਕਰ'ਲੇ, ਸਮਾਂ ਐਸੀ ਝਪਟ ਮਾਰਦੈ, ਨਾ ਰਾਜਾ ਰਹੇ ਨਾ ਰੰਕ। ਪਰ ਜੇ ਬੰਦਾ ਸੋਚੇ! ਵਕਤ ਸਾਹਮਣੇ ਅਸੀਂ ਨਿਮਾਣੇ, ਵਕਤ ਜਿਹਾ ਸ਼ੈਤਾਨ ਨਾ ਕੋਈ।

ਸਫਰ-ਏ-ਜ਼ਿੰਦਗੀ

# ਪੀ.ਏ.ਯੂ. ਅਤੇ ਗਡਵਾਸੂ ਦੀਆਂ ਯਾਦਾਂ

**ਡਾ. ਰਛਪਾਲ ਸਿੰਘ ਬਾਜਵਾ**
**ਫੋਨ: 630-303-8330**



ਪੀ.ਏ.ਯੂ. ਇੱਕ ਮਹਾਨ ਸੰਸਥਾ ਹੈ, ਜੋ ਇੱਕ ਮਜ਼ਬੂਤ ਨੀਂਹ 'ਤੇ ਬਣੀ ਹੈ। ਇਸ ਦੀ ਸਥਾਪਨਾ 1962 ਦੌਰਾਨ ਕੀਤੀ ਗਈ ਸੀ, ਜੋ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ, ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ, ਕੇਂਦਰੀ ਖੇਤੀਬਾੜੀ ਮੰਤਰੀ ਸੀ. ਸੁਬਰਾਮਨੀਅਮ; ਇਸ ਦੇ ਪਹਿਲੇ ਵਾਈਸ ਚਾਂਸਲਰ ਪੀ.ਐਨ. ਥਾਪਰ (ਆਈ.ਸੀ.ਐਸ.) ਤੇ ਦੂਜੇ ਵਾਈਸ ਚਾਂਸਲਰ ਡਾ. ਐਮ.ਐਸ. ਰੰਧਾਵਾ (ਆਈ.ਸੀ.ਐਸ.) ਅਤੇ ਚੋਟੀ ਦੇ ਵਿਗਿਆਨੀਆਂ ਜਿਵੇਂ ਕਿ ਡਾ. ਦਿਲਬਾਗ ਸਿੰਘ ਅਟਵਾਲ (ਕਣਕ ਪਾਲਕ, ਸੋਨਾ ਕਲਿਆਣ), ਡਾ. ਨੌਰਮਨ ਬੌਰਲਾਘ (ਅਮਰੀਕੀ ਵਿਗਿਆਨੀ, ਹਰੀ ਕ੍ਰਾਂਤੀ ਦੇ ਵਿਸ਼ਵ ਪਿਤਾ), ਡਾ. ਗੁਰਦੇਵ ਸਿੰਘ ਖੁਸ਼ (ਚੌਲ ਪਾਲਕ), ਡਾ. ਦੇਸ ਰਾਜ ਭੂਮਲਾ (ਖੇਤੀ ਵਿਗਿਆਨੀ, ਭੂਮੀ ਸੁਧਾਰ), ਡਾ. ਨਰਿੰਦਰ ਸਿੰਘ ਰੰਧਾਵਾ (ਮਿੱਟੀ ਵਿਗਿਆਨੀ), ਡਾ. ਅਵਤਾਰ ਸਿੰਘ ਅਟਵਾਲ (ਭਾਰਤ ਤੋਂ ਕੀਟ ਵਿਗਿਆਨੀ ਅਤੇ ਸ਼ਹਿਦ ਉਤਪਾਦਕ), ਡਾ. ਖੇਮ ਸਿੰਘ ਗਿੱਲ (ਪੌਦਾ ਪਾਲਕ) ਸਮੇਤ ਹੋਰ ਬਹੁਤ ਸਾਰੇ ਸਮਰਪਿਤ ਤੇ ਮਿਹਨਤੀ ਵਿਗਿਆਨੀ ਅਤੇ ਪ੍ਰਸ਼ਾਸਕੀ ਸਟਾਫ ਦੀ ਨੇਕ ਯੋਗ ਸੋਚ ਤੇ ਪ੍ਰਸ਼ਾਸਨ ਦੁਆਰਾ ਸਫਲਤਾਪੂਰਵਕ ਚੱਲ ਰਹੀ ਹੈ।

ਪੀ.ਏ.ਯੂ. ਦੀ ਸਥਾਪਨਾ ਅਕਤੂਬਰ 1962 ਵਿੱਚ ਅਣਵੰਡੇ ਰਾਜ ਪੰਜਾਬ (ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਮੌਜੂਦ ਨਹੀਂ ਸਨ) ਵਿੱਚ ਕੀਤੀ ਗਈ ਸੀ। ਸ਼ੁਰੂ ਵਿੱਚ ਪੀ.ਏ.ਯੂ. ਦੇ ਤਿੰਨ ਕੈਂਪਸ ਸਨ: ਲੁਧਿਆਣਾ, ਹਿਸਾਰ ਅਤੇ ਪਾਲਮਪੁਰ; ਹਰ ਇੱਕ ਹੁਣ ਇੱਕ ਸੁਤੰਤਰ ਖੇਤੀਬਾੜੀ ਯੂਨੀਵਰਸਿਟੀ ਹੈ।

ਪੀ.ਏ.ਯੂ. ਨੇ 1962 ਵਿੱਚ ਦੋ ਫੈਕਲਟੀਆਂ ਨੂੰ ਆਪਣੇ ਕਬਜ਼ੇ ਵਿੱਚ ਲੈ ਲਿਆ: ਪੰਜਾਬ ਸਰਕਾਰੀ ਖੇਤੀਬਾੜੀ ਕਾਲਜ ਲੁਧਿਆਣਾ ਅਤੇ ਪੰਜਾਬ ਸਰਕਾਰੀ ਵੈਟਰਨਰੀ ਕਾਲਜ ਹਿਸਾਰ। ਉਪਰੰਤ ਨਵੀਆਂ ਫੈਕਲਟੀਆਂ ਦੀ ਸਥਾਪਨਾ ਕੀਤੀ, ਜਿਨ੍ਹਾਂ ਵਿੱਚ ਖੇਤੀਬਾੜੀ ਕਾਲਜ-ਹਿਸਾਰ, ਖੇਤੀਬਾੜੀ ਕਾਲਜ-ਪਾਲਮਪੁਰ, ਪਸ਼ੂ ਵਿਗਿਆਨ ਕਾਲਜ-ਹਿਸਾਰ, ਗ੍ਰਹਿ (ਹੋਮ) ਵਿਗਿਆਨ ਕਾਲਜ-ਲੁਧਿਆਣਾ, ਬੁਨਿਆਦੀ ਵਿਗਿਆਨ ਕਾਲਜ-ਲੁਧਿਆਣਾ ਅਤੇ ਖੇਤੀਬਾੜੀ ਇੰਜੀਨੀਅਰਿੰਗ ਕਾਲਜ-ਲੁਧਿਆਣਾ ਸ਼ਾਮਲ ਹਨ। 1966 ਤੱਕ ਪੀ.ਏ.ਯੂ. ਦੇ ਤਿੰਨ ਕੈਂਪਸਾਂ: ਲੁਧਿਆਣਾ ਕੈਂਪਸ (ਮੁੱਖ), ਥਾਪਰ ਹਾਲ ਵਿਖੇ ਵਾਈਸ ਚਾਂਸਲਰ ਦੇ ਦਫ਼ਤਰ ਦੀ ਸੀਟ; ਹਿਸਾਰ ਕੈਂਪਸ ਅਤੇ ਪਾਲਮਪੁਰ ਕੈਂਪਸ। ਇਨ੍ਹਾਂ ਅਧੀਨ 8 ਤੋਂ ਵੱਧ ਕਾਲਜ ਸਨ ਅਤੇ ਹਰੇਕ ਕੈਂਪਸ ਵਿੱਚ ਹਜ਼ਾਰਾਂ ਏਕੜ ਜ਼ਮੀਨ ਸੀ।

ਪੰਜਾਬ ਰਾਜ ਨੂੰ ਪਹਿਲ ਨਵੰਬਰ 1966 ਨੂੰ ਪੁਨਰਗਠਿਤ ਕੀਤਾ ਗਿਆ ਤਾਂ ਇਸ ਦੇ ਤਿੰਨ ਹਿੱਸੇ ਹੋ ਗਏ: ਮੌਜੂਦਾ ਪੰਜਾਬ, ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਅਤੇ ਕੇਂਦਰ ਸ਼ਾਸਤ ਪ੍ਰਦੇਸ਼- ਚੰਡੀਗੜ੍ਹ। ਪੀ.ਏ.ਯੂ. ਪਹਿਲੀ ਨਵੰਬਰ 1966 ਨੂੰ ਵੰਡਿਆ ਨਹੀਂ ਗਿਆ ਸੀ। ਇਹ 1970 ਤੱਕ ਅਣਵੰਡਿਆ ਰਿਹਾ, ਜਦੋਂ ਇਸਦੇ ਤਿੰਨ ਕੈਂਪਸ, ਹਰੇਕ ਨੂੰ ਇੱਕ ਸੁਤੰਤਰ ਰਾਜ ਖੇਤੀਬਾੜੀ ਯੂਨੀਵਰਸਿਟੀ ਬਣਾ ਦਿੱਤਾ ਗਿਆ: 1. ਲੁਧਿਆਣਾ ਵਿਖੇ ਪੀ.ਏ.ਯੂ.; 2. ਹਿਸਾਰ ਵਿਖੇ ਐਚ.ਏ.ਯੂ. ਅਤੇ 3. ਹਿਮਾਚਲ ਪ੍ਰਦੇਸ਼ ਖੇਤੀਬਾੜੀ ਯੂਨੀਵਰਸਿਟੀ ਪਾਲਮਪੁਰ।

ਮੈਂ ਅਪ੍ਰੈਲ/ਮਈ 1963 ਵਿੱਚ ਹਿਸਾਰ ਕੈਂਪਸ ਵਿਖੇ ਵੈਟਰਨਰੀ ਸਾਇੰਸ ਕਾਲਜ ਵਿੱਚ ਦਾਖਲ ਹੋਏ ਵਿਦਿਆਰਥੀਆਂ ਦੇ ਪਹਿਲੇ ਬੈਚ ਵਿੱਚੋਂ ਇੱਕ ਸਾਂ। 1967 ਵਿੱਚ ਬੀ.ਵੀ.ਐਸਸੀ. ਅਤੇ 1969 ਵਿੱਚ ਐਮ.ਵੀ.ਐਸਸੀ. ਪੂਰੀ ਕੀਤੀ। ਫਿਰ ਪਹਿਲੀ ਨਵੰਬਰ 1969 ਨੂੰ, ਹਰਿਆਣਾ ਦਿਵਸ 'ਤੇ, ਹਿਸਾਰ ਕੈਂਪਸ ਵਿੱਚ ਵੱਡੀ ਹਿੰਸਾ ਹੋਈ ਜਿੱਥੇ ਸਿੱਖ ਪ੍ਰੋਫੈਸਰਾਂ ਅਤੇ ਪੰਜਾਬੀ ਵਿਦਿਆਰਥੀਆਂ ਨੂੰ ਹਰਿਆਣਵੀਆਂ ਦੁਆਰਾ ਕੁੱਟਿਆ ਤੇ ਅਪਮਾਨਿਤ ਕੀਤਾ ਗਿਆ। ਇਸ ਕਾਰਵਾਈ ਨੇ ਲੁਧਿਆਣਾ ਕੈਂਪਸ ਵਿੱਚ ਪ੍ਰਤੀਕਿਰਿਆ ਪੈਦਾ ਕੀਤੀ, ਜਿੱਥੇ ਹਰਿਆਣਾ ਦੇ ਵਿਦਿਆਰਥੀਆਂ ਨੂੰ ਪੰਜਾਬੀ ਵਿਦਿਆਰਥੀਆਂ ਦੁਆਰਾ ਕੁੱਟਿਆ ਗਿਆ। ਇਸ ਨਾਲ ਰਾਜ ਦੇ ਅਧਿਕਾਰੀਆਂ ਨੂੰ ਪੰਜਾਬ ਦੇ ਵਿਦਿਆਰਥੀਆਂ ਨੂੰ ਹਿਸਾਰ ਤੋਂ ਲੁਧਿਆਣਾ ਅਤੇ ਹਰਿਆਣਾ ਦੇ ਵਿਦਿਆਰਥੀਆਂ ਨੂੰ ਲੁਧਿਆਣਾ ਤੋਂ ਹਿਸਾਰ ਭੇਜਣ/ਤਬਾਦਲਾ ਕਰਨ ਲਈ ਮਜਬੂਰ ਹੋਣਾ ਪਿਆ; ਤੇ ਪੀ.ਏ.ਯੂ. ਦੀ ਵੰਡ ਲਈ ਮੰਚ ਤਿਆਰ ਕੀਤਾ ਗਿਆ। ਹਿਸਾਰ ਵਿੱਚ ਪੜ੍ਹ ਰਹੇ ਸੈਂਕੜੇ ਪੰਜਾਬ ਦੇ ਵਿਦਿਆਰਥੀਆਂ (ਸਿੱਖ ਅਤੇ ਹਿੰਦੂ) ਦੇ ਨਾਲ-ਨਾਲ ਬਹੁਤ ਸਾਰੇ ਸਿੱਖ ਅਤੇ ਪੰਜਾਬੀ ਪ੍ਰੋਫੈਸਰਾਂ ਤੇ ਗੈਰ-ਅਧਿਆਪਨ ਸਟਾਫ਼ ਮੈਂਬਰਾਂ ਨੂੰ ਉਨ੍ਹਾਂ ਦੀ ਸੁਰੱਖਿਆ ਲਈ ਲੁਧਿਆਣਾ ਭੇਜ ਦਿੱਤਾ ਗਿਆ।

ਉਦੋਂ ਹੀ 11 ਨਵੰਬਰ 1969 ਨੂੰ ਲੁਧਿਆਣਾ ਵਿਖੇ ਵੈਟਰਨਰੀ ਸਾਇੰਸ ਦਾ ਇੱਕ ਨਵਾਂ ਕਾਲਜ ਸਥਾਪਿਤ ਕੀਤਾ ਗਿਆ ਸੀ। ਹਾਲਾਂਕਿ 1968 ਵਿੱਚ 5 ਅਧਿਆਪਕਾਂ ਤੇ ਮੇਰੇ ਸਮੇਤ 6 ਵਿਦਿਆਰਥੀਆਂ ਦੇ ਇੱਕ ਸਮੂਹ ਨੇ ਜਸਟਿਸ ਗੁਰਨਾਮ ਸਿੰਘ ਗਰੇਵਾਲ, ਤਤਕਾਲੀ ਮੁੱਖ ਮੰਤਰੀ ਪੰਜਾਬ ਅਤੇ ਪੀ.ਏ.ਯੂ. ਦੇ ਵਾਈਸ ਚਾਂਸਲਰ ਡਾ. ਮਹਿੰਦਰ ਸਿੰਘ ਰੰਧਾਵਾ ਨੂੰ ਲੁਧਿਆਣਾ ਵਿਖੇ ਵੈਟਰਨਰੀ ਸਾਇੰਸ ਦਾ ਇੱਕ ਵੱਖਰਾ ਕਾਲਜ ਸਥਾਪਤ ਕਰਨ ਲਈ ਮਨਾਉਣ ਦੀਆਂ ਕੋਸ਼ਿਸ਼ਾਂ ਸ਼ੁਰੂ ਕਰ ਦਿੱਤੀਆਂ ਸਨ, ਪਰ ਦੋਵਾਂ ਕੈਂਪਸਾਂ ਵਿੱਚ ਹਿੰਸਾ ਨੇ ਕਾਰਵਾਈ ਨੂੰ ਤੇਜ਼ ਕਰ ਦਿੱਤਾ ਅਤੇ ਮੁੱਖ ਮੰਤਰੀ ਲੁਧਿਆਣਾ ਵਿਖੇ ਵੈਟਰਨਰੀ ਕਾਲਜ ਖੋਲ੍ਹਣ ਲਈ ਸਹਿਮਤ ਹੋ ਗਏ।

ਮੈਂ 1969 ਵਿੱਚ ਨਵੇਂ ਕਾਲਜ ਵਿੱਚ ਆਪਣੀ ਪੀਐਚ.ਡੀ. ਦੀ ਪੜ੍ਹਾਈ ਸ਼ੁਰੂ ਕੀਤੀ ਅਤੇ 1974 ਵਿੱਚ ਪੂਰੀ ਕੀਤੀ। ਮੈਂ 1975 ਵਿੱਚ ਪੰਜਾਬ ਪਸ਼ੂ ਪਾਲਣ ਵਿਭਾਗ ਵਿੱਚ ਪੋਲਟਰੀ ਨਿਊਟ੍ਰੀਸ਼ਨਿਸਟ ਦੀ ਇੱਕ ਸਾਲ ਦੀ ਨੌਕਰੀ ਤੋਂ ਅਸਤੀਫਾ ਦੇਣ ਪਿਛੋਂ ਪੀ.ਏ.ਯੂ. ਵਿੱਚ ਸ਼ਾਮਲ ਹੋਇਆ। ਤਿੰਨ ਸਾਲ ਸਾਇੰਸਦਾਨ ਦੀ ਸੇਵਾ ਕਰਨ ਤੋਂ ਬਾਅਦ, ਮੈਂ 1978-1979 ਵਿੱਚ ਅਮਰੀਕਾ ਆ ਗਿਆ।

1963 ਤੋਂ 1974 ਤੱਕ ਆਪਣੀ ਵਿਦਿਆਰਥੀ ਜ਼ਿੰਦਗੀ ਤੋਂ ਲੈ ਕੇ ਅਤੇ ਬਾਅਦ ਵਿੱਚ ਪੀ.ਏ.ਯੂ. ਵਿੱਚ ਇੱਕ ਵਿਗਿਆਨੀ ਅਤੇ ਫਿਰ ਇੱਕ ਐਨ.ਆਰ.ਆਈ. (1978 ਤੋਂ ਅੱਜ ਤੱਕ) ਦੇ ਨਾਂ 'ਤੇ ਹਮੇਸ਼ਾ ਆਪਣੇ ਅਲਮਾ ਮੈਟਰ ਅਤੇ ਆਪਣੇ ਪੇਸ਼ੇ ਨਾਲ ਜੁੜਿਆ ਰਿਹਾ। ਦੋਵੇਂ ਮੇਰੇ ਲਈ ਬਹੁਤ ਪਿਆਰੇ ਹਨ ਅਤੇ ਮੈਂ ਹਮੇਸ਼ਾ ਉਨ੍ਹਾਂ ਨੂੰ ਉਚਾ ਚੁੱਕਣ ਲਈ ਕੰਮ ਕੀਤਾ। ਉਨ੍ਹਾਂ ਕੰਮਾਂ ਦੀਆਂ ਕੁਝ ਮਿਸਾਲਾਂ ਹਨ:

1. ਨਵੰਬਰ 1969 ਵਿੱਚ ਲੁਧਿਆਣਾ ਵਿਖੇ ਵੈਟਰਨਰੀ ਮੈਡੀਸਨ ਦੇ ਨਵੇਂ ਕਾਲਜ ਦੀ ਸ਼ੁਰੂਆਤ

2. 1974-1975 ਤੋਂ ਵੈਟਰਨਰੀ ਕਾਲਜ ਵਿੱਚ ਪੇਂਡੂ ਵਿਦਿਆਰਥੀਆਂ ਲਈ 50% ਸੀਟਾਂ ਦਾ ਰਾਖਵਾਂਕਰਨ

3. 1983 ਤੋਂ ਪੰਜਾਬ ਦੇ ਵੈਟਰਨਰੀ ਗ੍ਰੈਜੂਏਟਾਂ ਨੂੰ ਸਰਕਾਰੀ ਨੌਕਰੀ ਵਿੱਚ ਸ਼ਾਮਲ ਹੋਣ ਦੀ ਬਜਾਏ ਆਪਣੀ ਨਿੱਜੀ ਵੈਟਰਨਰੀ ਪ੍ਰੈਕਟਿਸ ਸ਼ੁਰੂ ਕਰਨ ਲਈ ਪ੍ਰੇਰਿਤ ਕਰਨਾ। ਡਾ. ਸਤਨਾਮ ਸਿੰਘ ਘੁਮਾਰ ਮੰਡੀ ਲੁਧਿਆਣਾ ਵਿੱਚ 1985 ਇੱਕ ਪ੍ਰਾਈਵੇਟ ਵੈਟਰਨਰੀ ਪ੍ਰੈਕਟਿਸ ਸ਼ੁਰੂ ਕਰਨ ਵਾਲੇ ਪਹਿਲੇ ਵੈਟਰਨਰੀ ਸਨ। ਹੁਣ ਪੰਜਾਬ ਤੇ ਚੰਡੀਗੜ੍ਹ 'ਚ ਸੈਂਕੜੇ ਪ੍ਰਾਈਵੇਟ ਵੈਟਰਨਰੀ ਪ੍ਰੈਕਟਿਸ ਹਨ।

4. 1993 ਵਿੱਚ ਵੈਟਰਨਰੀ ਕਾਲਜ ਲੁਧਿਆਣਾ ਵਿਖੇ ਐਨ.ਆਰ.ਆਈ. ਵਿਦਿਆਰਥੀਆਂ ਦੇ ਦਾਖਲੇ ਪ੍ਰੋਗਰਾਮ ਦੀ ਸ਼ੁਰੂਆਤ। ਇਸ ਪ੍ਰੋਗਰਾਮ ਨੇ ਪਿਛਲੇ 32 ਸਾਲਾਂ ਵਿੱਚ 500 ਐਨ.ਆਰ.ਆਈ. ਵਿਦਿਆਰਥੀਆਂ ਨੂੰ ਗ੍ਰੈਜੂਏਟ ਹੋਣ ਅਤੇ ਵਿਦੇਸ਼ਾਂ ਵਿੱਚ ਨੌਕਰੀਆਂ ਲੱਭਣ ਵਿੱਚ ਮਦਦ ਕੀਤੀ ਹੈ। ਪਹਿਲਾਂ ਪੀ.ਏ.ਯੂ. ਅਤੇ ਬਾਅਦ ਵਿੱਚ ਗਡਵਾਸੂ (ਗੁਰੂ ਅੰਗਦ ਦੇਵ ਵੈਟਰਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ) ਨੇ ਕਈ ਸੈਂਕੜੇ ਕਰੋੜ ਰੁਪਏ ਕਮਾਏ ਹਨ। ਮਿਸਾਲ ਵਜੋਂ ਪਿਛਲੇ ਸਾਲ 2024-2025 ਵਿੱਚ ਗਡਵਾਸੂ ਨੇ ਐਨ.ਆਰ.ਆਈ. ਵਿਦਿਆਰਥੀਆਂ ਤੋਂ ਟਿਊਸ਼ਨ ਫੀਸਾਂ ਵਿੱਚ 23 ਕਰੋੜ ਰੁਪਏ ਕਮਾਏ। ਇਹ ਪ੍ਰੋਗਰਾਮ 1993 ਵਿੱਚ ਮੇਰੇ ਯਤਨਾਂ 'ਤੇ ਸ਼ੁਰੂ ਕੀਤਾ ਗਿਆ ਸੀ। ਮੈਂ ਸਵਰਗੀ ਡਾ. ਖੇਮ ਸਿੰਘ ਗਿੱਲ ਦਾ ਧੰਨਵਾਦੀ ਹਾਂ, ਜੋ ਪੀ.ਏ.ਯੂ. ਦੇ ਵੀ.ਸੀ. ਸਨ; ਉਨ੍ਹਾਂ ਨੇ ਸਹਿਮਤੀ ਦਿੱਤੀ ਅਤੇ ਮੇਰੀ ਬੇਨਤੀ ਨੂੰ ਮੰਨਿਆ।

5. 2004-2006 ਮੇਰੇ ਲਗਾਤਾਰ ਯਤਨਾਂ 'ਤੇ ਗਡਵਾਸੂ ਦੀ ਸ਼ੁਰੂਆਤ ਹੋਈ। ਪੰਜਾਬ ਦੇ ਉਦੋਂ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਰਾਜ ਵਿੱਚ ਪਸ਼ੂ ਪਾਲਣ ਦੇ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ ਲੁਧਿਆਣਾ ਵਿਖੇ ਵੈਟਰਨਰੀ ਸਾਇੰਸਜ਼ ਦੀ ਇੱਕ ਸੁਤੰਤਰ ਯੂਨੀਵਰਸਿਟੀ ਸਥਾਪਤ ਕਰਨ ਲਈ ਮੇਰੇ ਵੱਲੋਂ ਲਿਖੇ ਪੱਤਰ ਦੇ ਨਤੀਜੇ ਵਜੋਂ ਸ. ਧਨਬੀਰ ਸਿੰਘ ਬੈਂਸ ਆਈ.ਏ.ਐਸ. ਸਕੱਤਰ ਪਸ਼ੂ ਪਾਲਣ ਅਤੇ ਸ. ਜਗਮੋਹਨ ਸਿੰਘ ਕੰਗ ਨੂੰ ਨਿਰਦੇਸ਼ ਦਿੱਤੇ।

6. ਪੰਜਾਬ ਸਰਕਾਰ ਨੇ ਮੈਨੂੰ 2006 ਤੋਂ 2012 ਤੱਕ ਗਡਵਾਸੂ ਦੇ ਸਥਾਪਨਾ ਪ੍ਰਬੰਧਨ ਬੋਰਡ ਦਾ ਸੰਸਥਾਪਕ ਮੈਂਬਰ ਅਤੇ ਗਡਵਾਸੂ ਦਾ ਤਕਨੀਕੀ ਸਲਾਹਕਾਰ ਨਿਯੁਕਤ ਕੀਤਾ। ਪਿਛਲੇ ਸਾਲ ਗਡਵਾਸੂ ਨੇ ਮੈਨੂੰ ਕਾਲਜ ਆਫ਼ ਵੈਟਰਨਰੀ ਮੈਡੀਸਨ ਦੇ ਪੈਰਾ ਕਲੀਨਿਕਲ ਬਲਾਕ ਦਾ ਨਾਮ "ਡਾ. ਰਛਪਾਲ ਸਿੰਘ ਬਾਜਵਾ ਅਮਰ ਗਿਆਨ ਬਲਾਕ" ਰੱਖ ਕੇ ਸਨਮਾਨਿਤ ਕੀਤਾ।

ਅੱਜ ਗਡਵਾਸੂ ਨਾ ਸਿਰਫ਼ ਭਾਰਤ ਵਿੱਚ ਸਗੋਂ ਏਸ਼ੀਆ ਅਤੇ ਦੁਨੀਆ ਵਿੱਚ ਪਸ਼ੂ ਤੇ ਵੈਟਰਨਰੀ ਵਿਗਿਆਨ ਦੇ ਪ੍ਰਮੁੱਖ ਸੰਸਥਾਨਾਂ ਵਿੱਚੋਂ ਇੱਕ ਹੈ। ਪੀ.ਏ.ਯੂ. ਅਤੇ ਗਡਵਾਸੂ ਤੋਂ ਹਜ਼ਾਰਾਂ ਗ੍ਰੈਜੂਏਟ ਵਿਸ਼ਵ ਪੱਧਰ 'ਤੇ ਸੇਵਾ ਕਰ ਰਹੇ ਹਨ। ਪੀ.ਏ.ਯੂ. ਨੇ ਉਚ ਕੋਟੀ ਦੇ ਕਲਾਕਾਰ ਜਿਵੇਂ ਜਸਵਿੰਦਰ ਭੱਲਾ ਤੇ ਬਾਲ ਮੁਕੰਦ ਸ਼ਰਮਾ ਅਤੇ ਕਈ ਓਲੰਪੀਅਨ ਵੀ ਪੈਦਾ ਕੀਤੇ।



*ਡਾ. ਖੇਮ ਸਿੰਘ ਗਿੱਲ*



*ਡਾ. ਗੁਰਦੇਵ ਸਿੰਘ ਖੁਸ਼*



*ਡਾ. ਨਰਿੰਦਰ ਸਿੰਘ ਰੰਧਾਵਾ*



*ਡਾ. ਅਵਤਾਰ ਸਿੰਘ ਅਟਵਾਲ*



*ਡਾ. ਦਿਲਬਾਗ ਸਿੰਘ ਅਟਵਾਲ*




*ਡਾ. ਕੇਵਲ ਅਰੋੜਾ, ਡਾ. ਇੰਦਰਜੀਤ ਸਿੰਘ ਪੰਨੂ ਅਤੇ ਉਨ੍ਹਾਂ ਦੀ ਪਤਨੀ ਗਡਵਾਸੂ ਵਿਖੇ*



*ਗਡਵਾਸੂ ਦੇ ਮੌਜੂਦਾ ਵਾਈਸ ਚਾਂਸਲਰ ਜੇ.ਪੀ.ਐਸ. ਗਿੱਲ*

## ਪੀ.ਏ.ਯੂ. ਦੇ ਪਹਿਲੇ ਦੋ ਵਾਈਸ ਚਾਂਸਲਰ- ਪੀ.ਐਨ. ਥਾਪਰ ਤੇ ਡਾ. ਰੰਧਾਵਾ

ਪ੍ਰੇਮ ਨਾਥ ਥਾਪਰ (ਆਈ.ਸੀ.ਐਸ.) ਨੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦਾ ਪਹਿਲਾ ਵਾਈਸ ਚਾਂਸਲਰ ਨਿਯੁਕਤ ਕੀਤਾ ਗਿਆ। ਉਹ 1968 ਤੱਕ ਇਸ ਅਹੁਦੇ 'ਤੇ ਰਹੇ। ਉਨ੍ਹਾਂ ਨੂੰ 1960 ਦੇ ਦਹਾਕੇ ਵਿੱਚ ਪੰਜਾਬ ਵਿੱਚ ਹਰੀ ਕ੍ਰਾਂਤੀ ਦੀ ਸ਼ੁਰੂਆਤ ਕਰਨ ਵਾਲੇ ਵਿਗਿਆਨੀਆਂ ਦੇ ਸਮੂਹ ਨੂੰ ਇਕੱਠਾ ਕਰਨ ਦਾ ਸਿਹਰਾ ਦਿੱਤਾ ਜਾਂਦਾ ਹੈ। ਉਨ੍ਹਾਂ ਦੇ ਸਨਮਾਨ ਵਿੱਚ ਹਰ ਸਾਲ ਯੂਨੀਵਰਸਿਟੀ ਦੇ ਸਭ ਤੋਂ ਵਧੀਆ ਗ੍ਰੈਜੂਏਟ ਨੂੰ 'ਡਾ. ਪੀ.ਐਨ. ਥਾਪਰ ਗੋਲਡ ਮੈਡਲ' ਦਿੱਤਾ ਜਾਂਦਾ ਹੈ। ਉਹ 1967 ਤੋਂ 1969 ਤੱਕ ਇੰਡੀਅਨ ਐਗਰੀਕਲਚਰਲ ਯੂਨੀਵਰਸਿਟੀ ਐਸੋਸੀਏਸ਼ਨ ਦੇ ਪ੍ਰਧਾਨ ਰਹੇ।



ਸ੍ਰੀ ਥਾਪਰ ਨੂੰ ਮਾਰਚ 1969 ਵਿੱਚ ਓਹਾਇਓ ਸਟੇਟ ਯੂਨੀਵਰਸਿਟੀ ਤੋਂ ਆਨਰੇਰੀ ਡਾਕਟਰੇਟ ਦੀ ਡਿਗਰੀ ਨਾਲ ਸਨਮਾਨਿਤ ਕੀਤਾ ਗਿਆ ਸੀ। ਉਹ ਚੰਡੀਗੜ੍ਹ ਵਿੱਚ ਇੰਡੀਅਨ ਨੈਸ਼ਨਲ ਥੀਏਟਰ ਦੇ ਸੰਸਥਾਪਕ ਮੈਂਬਰ ਵੀ ਸਨ। ਪੀ.ਐਨ. ਥਾਪਰ 1941 ਤੋਂ 1946 ਤੱਕ ਉਹ ਭਾਰਤ ਸਰਕਾਰ ਦੇ ਸੂਚਨਾ ਅਤੇ ਪ੍ਰਸਾਰਣ ਵਿਭਾਗ ਵਿੱਚ ਸੰਯੁਕਤ ਸਕੱਤਰ ਰਹੇ ਅਤੇ 1946 ਵਿੱਚ ਉਨ੍ਹਾਂ ਨੂੰ ਪੰਜਾਬ ਸਰਕਾਰ ਦੇ ਖੁਰਾਕ ਅਤੇ ਸਿਵਲ ਸਪਲਾਈ ਵਿਭਾਗ ਵਿੱਚ ਸਕੱਤਰ ਨਿਯੁਕਤ ਕੀਤਾ ਗਿਆ। ਉਹ 1947 ਦੌਰਾਨ ਲਾਹੌਰ ਅਤੇ ਜਲੰਧਰ ਡਿਵੀਜ਼ਨ ਦੇ ਕਮਿਸ਼ਨਰ ਰਹੇ। ਉਨ੍ਹਾਂ ਨੇ 1948 ਤੋਂ 1953 ਤੱਕ ਵਿੱਤ ਕਮਿਸ਼ਨਰ ਪੁਨਰਵਾਸ ਤੇ ਚੰਡੀਗੜ੍ਹ ਕੈਪੀਟਲ ਪ੍ਰੋਜੈਕਟ ਦੇ ਮੁੱਖ ਪ੍ਰਸ਼ਾਸਕ ਵਜੋਂ ਵੀ ਸੇਵਾ ਨਿਭਾਈ। ਉਹ ਭਾਰਤ ਸਰਕਾਰ ਦੇ ਵਿੱਤ ਮੰਤਰਾਲੇ ਦੇ ਸਕੱਤਰ ਅਤੇ 1964-65 ਦੌਰਾਨ ਪੰਜਾਬ ਪ੍ਰਸ਼ਾਸਨਿਕ ਸੁਧਾਰ ਕਮਿਸ਼ਨ ਦੇ ਮੈਂਬਰ ਵੀ ਰਹੇ।



*ਪੀ.ਏ.ਯੂ. ਦੇ ਮੌਜੂਦਾ ਵਾਈਸ ਚਾਂਸਲਰ ਡਾ. ਐਸ.ਐਸ. ਗੋਸਲ*

ਡਾ. ਐਮ.ਐਸ. ਰੰਧਾਵਾ, ਆਈ.ਸੀ.ਐਸ., ਨੇ 23 ਅਕਤੂਬਰ 1968 ਤੋਂ 27 ਅਕਤੂਬਰ 1976 ਤੱਕ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਦਾ ਅਹੁਦਾ ਸੰਭਾਲਿਆ। ਖੇਤੀਬਾੜੀ ਸਿੱਖਿਆ, ਖੋਜ ਅਤੇ ਕਿਸਾਨ ਭਾਈਚਾਰੇ ਲਈ ਸਹਾਇਤਾ ਵਿੱਚ ਉਨ੍ਹਾਂ ਦੇ ਸ਼ਾਨਦਾਰ ਯਤਨਾਂ ਨੇ ਉਨ੍ਹਾਂ ਨੂੰ 1972 ਵਿੱਚ ਪਦਮ ਭੂਸ਼ਣ ਨਾਲ ਸਨਮਾਨਿਤ ਕੀਤਾ। 'ਪੰਜਾਬ ਦੇ ਛੇਵੇਂ ਦਰਿਆ' ਵਜੋਂ ਸਤਿਕਾਰੇ ਜਾਣ ਵਾਲੇ ਡਾ. ਰੰਧਾਵਾ ਨੇ ਖੇਤੀਬਾੜੀ, ਸ਼ਾਸਨ, ਕਲਾ, ਇਤਿਹਾਸ, ਲੋਕਧਾਰਾ, ਸਾਹਿਤ ਅਤੇ ਸੰਸਥਾ ਨਿਰਮਾਣ ਵਰਗੇ ਵਿਭਿੰਨ ਖੇਤਰਾਂ 'ਚ ਇੱਕ ਅਮਿੱਟ ਛਾਪ ਛੱਡੀ।



ਜਲੰਧਰ ਵਿੱਚ ਮੁੜ ਵਸੇਬੇ ਦੇ ਡਾਇਰੈਕਟਰ ਜਨਰਲ ਵਜੋਂ ਸੇਵਾ ਨਿਭਾਉਂਦਿਆਂ ਡਾ. ਰੰਧਾਵਾ ਨੇ ਸ਼ਰਨਾਰਥੀਆਂ ਦੇ ਆਉਣ ਦਾ ਬਹੁਤ ਵਧੀਆ ਢੰਗ ਨਾਲ ਪ੍ਰਬੰਧਨ ਕੀਤਾ। ਭਾਰਤੀ ਖੇਤੀਬਾੜੀ ਖੋਜ ਪ੍ਰੀਸ਼ਦ ਦੇ ਉਪ-ਪ੍ਰਧਾਨ ਅਤੇ ਪੀ.ਏ.ਯੂ. ਦੇ ਉਪ-ਕੁਲਪਤੀ ਵਜੋਂ ਉਨ੍ਹਾਂ ਦੀ ਅਗਵਾਈ ਨੇ ਪੰਜਾਬ ਨੂੰ ਹਰੀ ਕ੍ਰਾਂਤੀ ਵੱਲ ਲੈ ਜਾਣ ਦਾ ਰਾਹ ਪੱਧਰਾ ਕੀਤਾ।

ਪੀ.ਏ.ਯੂ. ਵਿਖੇ ਡਾ. ਰੰਧਾਵਾ ਨੇ ਵਿਗਿਆਨੀਆਂ ਨੂੰ ਉਨਤ ਸਿੱਖਿਆ ਅਤੇ ਖੋਜ ਵੱਲ ਪ੍ਰੇਰਿਤ ਕੀਤਾ। ਚੰਡੀਗੜ੍ਹ ਦੇ ਪਹਿਲੇ ਮੁੱਖ ਕਮਿਸ਼ਨਰ ਹੋਣ ਦੇ ਨਾਤੇ ਉਨ੍ਹਾਂ ਨੇ ਨਵੀਨਤਾਕਾਰੀ ਲੈਂਡਸਕੇਪਿੰਗ ਅਤੇ ਪੌਦਿਆਂ ਲਈ ਡੂੰਘੇ ਪਿਆਰ ਰਾਹੀਂ ਸ਼ਹਿਰ ਨੂੰ ਹਰਿਆਲੀ ਭਰਿਆ ਬਣਾਇਆ।

## ਗਡਵਾਸੂ ਦੇ ਸੰਸਥਾਪਕ ਵਾਈਸ ਚਾਂਸਲਰ ਧਨਬੀਰ ਸਿੰਘ ਬੈਂਸ

ਧਨਬੀਰ ਸਿੰਘ ਬੈਂਸ (ਆਈ.ਏ.ਐਸ.), ਸਕੱਤਰ ਪਸ਼ੂ ਪਾਲਣ ਨੂੰ 2005 ਦੇ ਮੱਧ ਤੋਂ 31 ਦਸੰਬਰ 2006 ਤੱਕ ਗਡਵਾਸੂ ਦੇ ਸੰਸਥਾਪਕ ਵਾਈਸ ਚਾਂਸਲਰ ਨਿਯੁਕਤ ਕੀਤਾ ਗਿਆ ਸੀ। ਉਨ੍ਹਾਂ ਦੀ ਲਗਨ ਅਤੇ ਸਖ਼ਤ ਮਿਹਨਤ ਨੇ ਗਡਵਾਸੂ ਨੂੰ ਮਜਬੂਤੀ ਨਾਲ ਖੜ੍ਹਾ ਕੀਤਾ। ਮੈਨੂੰ ਉਨ੍ਹਾਂ ਨਾਲ ਤਕਨੀਕੀ ਸਲਾਹਕਾਰ ਅਤੇ ਪ੍ਰਬੰਧਨ ਬੋਰਡ ਦੇ ਮੈਂਬਰ ਵਜੋਂ ਕੰਮ ਕਰਨ ਦਾ ਆਨੰਦ ਆਇਆ। ਸਿਰਫ਼ 18 ਮਹੀਨਿਆਂ ਦੇ ਅੰਦਰ ਇੱਕ ਨਵਾਂ ਵਾਈਸ ਚਾਂਸਲਰ, ਸਾਰੇ ਡੀਨ ਅਤੇ ਡਾਇਰੈਕਟਰ ਨਿਯੁਕਤ ਕੀਤੇ ਗਏ। ਪੀ.ਏ.ਯੂ. ਨਾਲ ਸਾਰੀ ਜਾਇਦਾਦ ਅਤੇ ਸੰਪਤੀ ਵੰਡ ਸੁਲ੍ਹਾ-ਸਫਾਈ ਨਾਲ ਕਰ ਲਈ ਗਈ। ਹੁਣ ਪੀ.ਏ.ਯੂ. ਕੋਲ 262 ਏਕੜ ਜ਼ਮੀਨ ਹੈ। ਗਡਵਾਸੂ 2006 ਵਿੱਚ ਇੱਕ ਕਾਲਜ ਨਾਲ ਸ਼ੁਰੂ ਹੋਈ ਸੀ, ਹੁਣ ਇਸ ਵਿੱਚ 8 ਤੋਂ 10 ਕਾਲਜ ਹਨ, ਹਜ਼ਾਰਾਂ ਵਿਦਿਆਰਥੀ ਤੇ ਸਮਰਪਿਤ ਵਿਗਿਆਨੀ ਅਤੇ ਅਧਿਆਪਕ ਇਸਨੂੰ ਨਾ ਸਿਰਫ਼ ਏਸ਼ੀਆ ਵਿੱਚ ਸਗੋਂ ਦੁਨੀਆ ਵਿੱਚ ਵੈਟਰਨਰੀ ਤੇ ਪਸ਼ੂ ਵਿਗਿਆਨ ਦਾ ਇੱਕ ਪ੍ਰਮੁੱਖ ਸੰਸਥਾਨ ਬਣਾਉਂਦੇ ਹਨ।



**ਸੰਸਥਾਪਕ ਵੀ.ਸੀ. ਧਨਬੀਰ ਸਿੰਘ ਬੈਂਸ (ਖੱਬੇ) ਨੂੰ ਗੁਲਦਸਤਾ ਭੇਟ ਕਰਦੇ ਹੋਏ ਮੌਜੂਦਾ ਵੀ.ਸੀ. ਡਾ. ਇੰਦਰਜੀਤ ਸਿੰਘ**


TASTE OF India
FINE DINING BISTRO
17115 W. Bluemound Rd, Suite D1, Brookfield, WI 53005
We Do Catering
ਅਸੀਂ ਕੇਟਰਿੰਗ ਵੀ ਕਰਦੇ ਹਾਂ
ਟੇਸਟ ਆਫ ਇੰਡੀਆ
ਮਸ਼ਹੂਰ ਨਾਮ ਅਤੇ ਮਸ਼ਹੂਰ ਖਾਣਾ
ਵਧੀਆ ਖਾਣਾ ਤੇ ਵਧੀਆ ਸਰਵਿਸ ਹੀ ਸਾਡੀ ਪਹਿਲ ਹੈ
ਵਿਆਹ ਸਮਾਗਮਾਂ, ਜਨਮ ਦਿਨ ਪਾਰਟੀਆਂ ਅਤੇ ਹੋਰ ਸਮਾਜਿਕ ਤੇ ਭਾਈਚਾਰਕ ਸਮਾਗਮਾਂ ਸਮੇਤ ਨਿੱਕੀਆਂ-ਵੱਡੀਆਂ ਪਾਰਟੀਆਂ ਮੌਕੇ ਸਵਾਦਿਸ਼ਟ ਤੇ ਤਾਜ਼ਾ ਖਾਣੇ ਲਈ ਸਾਨੂੰ ਸੇਵਾ ਦਾ ਮੌਕਾ ਦਿਓ
BOLLYWOOD Grill
Restaurant - Bar - Banquet
1038 N. Jackson St, Milwaukee, WI 53202
We Also Provide
Onsite Tandoor Service For Fresh Naan & KABABS and Onsite Fresh DOSA Service.
ਫੋਨ: 262-894-0913
ਜਾਂ 414-588-3325


SAKHI ATTIRE
*Bridal Lehenga
*Party Lehenga
*Punjabi Suit
*Co Ord Sets
*Kallire *Chuda
*Punjabi Jutti
*Jewellery
*ਦੁਲਹਨ ਦਾ ਲਹਿੰਗਾ
*ਪਾਰਟੀ ਲਹਿੰਗਾ
*ਪੰਜਾਬੀ ਸੂਟ
*ਕਲੀਰੇ
*ਪੰਜਾਬੀ ਜੁੱਤੀ
*ਗਹਿਣੇ *ਚੂੜਾ
...ਅਤੇ ਹੋਰ ਬੜਾ ਕੁਝ
Rupi Sidhu
Ph: 630-415-7389
sakhi.attire
rupisidhu30@gmail.com